੦੭੧

ਸੁੰਞੇ ਘਰ ਦਾ ਪਾਹੁਣਾ

(ਲੇਖਕ: ਮਾ: ਜੁਗਿੰਦਰ ਸਿੰਘ)

ਮੁਖ-ਬੰਦ

ਇਸ ਪ੍ਰਤੱਖ ਸਚਿਆਈ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਇਹ ਸੰਸਾਰ ਇੱਕ ਸੁਪਨੇ ਦੀ ਨਿਆਈਂ ਹੈ। ਭਾਵੇਂ ਕੋਈ ਆਪਣੇ ਆਪ ਨੂੰ ਕਿਤਨਾ ਵੱਡਾ ਸਮਝਦਾ ਫਿਰੇ, ਵੱਡੇ ਤੋਂ ਵੱਡਾ ਵਜ਼ੀਰ ਹੋਵੇ ਤੇ ਚਾਹੇ ਕਰੋੜਾਂਪਤੀ, ਸੇਠ, ਕੋਠੀਆਂ ਤੇ ਕਾਰਾਂ ਦਾ ਮਾਲਕ ਹੋਵੇ ਤੇ ਚਾਹੇ ਕਾਰੂੰ ਦੇ ਖਜ਼ਾਨਿਆਂ ਜਿੰਨੀ ਦੌਲਤ ਰੱਖਣ ਵਾਲਾ ਸੈਨਾਪਤੀ ਅਥਵਾ ਹਾਕਮ ਪ੍ਰੰਤੂ ਜਦੋਂ ਮੌਤ ਦਾ ਨਗਾਰਾ ਵੱਜਣਾ ਹੈ ਤਾਂ ਕਿਸੇ ਵੱਡੀ ਤੋਂ ਵੱਡੀ ਤਾਕਤ ਨੇ ਵੀ ਇਸ ਨੂੰ ਰੋਕ ਨਹੀਂ ਸਕਣਾ। ਸਭ ਕੁੱਝ ਧਰਿਆ ਧਰਾਇਆ ਏਥੇ ਹੀ ਰਹਿ ਜਾਣਾ ਹੈ।

"ਜੋ ਉਪਜੈ ਸੋ ਕਾਲਿ ਸੰਘਾਰਿਆ" ਦੇ ਗੁਰਵਾਕ ਅਨੁਸਾਰ ਕਾਲ ਬਲੀ ਅਤੇ ਬਲਵਾਨ ਹੈ। ਕਾਲ ਦੀ ਆਮਦ ਨੂੰ ਰੋਕ ਸਕਣਾ, ਇਹ ਕਿਸੇ ਦੀ ਤਾਕਤ ਨਹੀਂ। ਜਦੋਂ ਮੌਤ ਆਉਂਦੀ ਹੈ ਤਾਂ ਦੜ-ਦੜਾ ਕੇ ਆਉਂਦੀ ਹੈ ਤੇ ਇਸ ਦੇ ਆਉਣ ਨਾਲ ਦੁਨੀਆਂ ਦੇ ਸਾਰੇ ਅਸਰ, ਬੇ-ਅਸਰ ਹੋ ਜਾਂਦੇ ਹਨ। ਪਰ ਜਿਹੜੇ ਗੁਰਮੁਖਿ ਹੁੰਦੇ ਹਨ, ਉਨ੍ਹਾਂ ਨੂੰ ਇਸ ਭਿਆਨਕ ਮੌਤ ਦਾ ਕੋਈ ਡਰ ਨਹੀਂ ਹੁੰਦਾ ਜੈਸੇ ਧੁਰ ਦਰਗਾਹੀ ਹੁਕਮ ਹੈ **"ਗੁਰਮੁਖਿ ਜਮਕਾਲੁ ਨੇੜਿ ਨਾ ਆਵੈ"**। ਉਹ ਬੜੀ ਖੁਸ਼ੀ ਨਾਲ ਮੌਤ ਨੂੰ "ਜੀ ਆਇਆਂ" ਆਖਦੇ ਹਨ। ਕਿਉਂ ਜੋ ਉਨ੍ਹਾਂ ਨੇ ਆਪਣੇ ਜੀਵਨ ਨੂੰ ਸਫ਼ਲ ਕਰ ਲਿਆ ਹੁੰਦਾ ਹੈ। ਨਾਮ ਸਿਮਰਨ ਵਿੱਚ ਸਦਾ ਗੜੂੰਦੇ ਰਹਿਣ ਵਾਲੇ ਵਡਭਾਗੀ ਪੁਰਸ਼, ਇਸ ਸੰਸਾਰ ਵਿੱਚ ਸਦਾ ਜਿਉਂਦੇ ਰਹਿੰਦੇ ਹਨ। ਗੁਰਮੁਖਿ ਕਦੀ ਬੁੱਢੇ ਨਹੀਂ ਹੁੰਦੇ। ਗੁਰਮੁਖਾਂ ਦਾ ਜੀਵਨ ਪਾਰਸ ਦੀ ਨਿਆਈਂ ਹੁੰਦਾ ਹੈ, ਇਸ ਲਈ ਜਿਸ ਕਿਸੇ ਨੂੰ ਕਦੀ ਉੱਤਮ ਭਾਗਾਂ ਦਾ ਸਦਕਾ, ਮਹਾਂਪੁਰਸ਼ਾਂ ਦੀ ਸੰਗਤ ਨਸੀਬ ਹੋ ਜਾਵੇ, ਉਹ ਵੀ ਨਾਮ ਖੁਮਾਰੀ ਵਿੱਚ ਖੀਵਾ ਹੋ, ਸਦਾ ਲਈ ਵਿਸਮਾਦਮਈ ਅਵਸਥਾ ਵਿੱਚ ਜਾ ਬਿਰਾਜਦਾ ਹੈ।

ਪਰ ਜਿਹੜੇ ਮਨਮੁਖ ਹਨ, ਉਨ੍ਹਾਂ ਦੀ ਦਸ਼ਾ **"ਸੁੰਞੇ ਘਰ ਦਾ ਪਾਹੁਣਾ"** ਦੀ ਤਰ੍ਹਾਂ ਹੈ। ਇਸ ਅਣਮੁੱਲੀ ਪੁਸਤਕ ਵਿੱਚ ਵਿਸਥਾਰ ਸਹਿਤ ਇਹ ਗੱਲ ਪ੍ਰਗਟਾਈ ਗਈ ਹੈ ਕਿ ਮਨਮੁੱਖਾਂ ਦਾ ਸਦਾ ਬੁਰਾ ਹਾਲ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅਨਮੋਲ ਭੰਡਾਰ ਮੌਜੂਦ ਹਨ। ਸਮੂਹ ਗਿਆਨਾਂ ਦੀ ਰੌਸ਼ਨੀ ਅਤੇ ਅੰਤਰ ਆਤਮੇ ਨੂੰ ਤੇਜਸਵੀ ਰੂਪ ਵਿੱਚ ਸੁਭਾਇਮਾਨ ਕਰ ਦੇਣ ਵਾਲੇ ਪ੍ਰਕਾਸ਼ ਦੀਆਂ ਅਮੋਘ ਕਿਰਨਾਂ, ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ "ਧੁਰਿ ਕੀ ਬਾਣੀ" ਦਾ ਪਾਠ ਕਰਨ ਨਾਲ ਹੀ ਵੇਖੀਆਂ ਜਾ ਸਕਦੀਆਂ ਹਨ । ਇਹ ਮਹਾਨ ਖੁਸ਼ੀ ਦੀ ਗੱਲ ਹੈ ਕਿ ਪਰਮ ਸਤਿਕਾਰ ਯੋਗ ਸ੍ਰੀਮਾਨ ਮਾਸਟਰ ਜੁਗਿੰਦਰ ਸਿੰਘ ਜੀ ਨੇ ਇਸ ਪੁਸਤਕ ਵਿੱਚ ਮਨਮੁਖ ਦੀ ਵਿਆਖਿਆ ਅਤੀ ਸੁਆਦਲੇ ਅਤੇ ਵਿਸਥਾਰ ਭਰੇ ਢੰਗ ਨਾਲ ਕੀਤੀ ਹੈ।

ਸ੍ਰੀ ਮਾਨ ਮਾਸਟਰ ਜੀ ਅੱਜ ਤੋਂ ਨਹੀਂ ਸਗੋਂ ਪਿਛਲੇ ੩੫-੪੦ ਸਾਲਾਂ ਤੋਂ ਗੁਰਬਾਣੀ ਦੀ ਡੂੰਘੀ ਘੋਖ ਵਿੱਚ ਜੁੱਟੇ ਹੋਏ ਹਨ। ਐਵੇਂ ਜ਼ੁਬਾਨੀ ਜਮਾਂ-ਘਟਾਓ ਕਰਕੇ ਨਹੀਂ ਸਗੋਂ ਅਮਲੀ ਰੂਪ ਵਿੱਚ ਆਪ ਜੀ ਨੇ ਗੁਰਮਤਿ ਨਾਮ ਅਭਿਆਸ ਕਮਾਈ ਦੀ ਲੰਬੀ ਘਾਲਣਾ ਘਾਲੀ ਹੈ। ਆਪ ਜੀ ਦੇ ਦਰਸ਼ਨ ਦੀਦਾਰੇ ਕਰਕੇ ਹਰ ਕਿਸੇ ਨੂੰ ਪੁਰਾਤਨ ਗੁਰਸਿੱਖਾਂ ਦੀ ਰਹਿਣੀ ਬਹਿਣੀ ਯਾਦ ਆ ਜਾਂਦੀ ਹੈ। ਆਪ ਜੀ ਨੇ ਗੁਰਮੁਖ ਪਿਆਰੇ ਅੱਠੋ ਪਹਿਰ ਨਾਲ ਖੁਮਾਰੀ ਵਿੱਚ ਖੀਵੇ ਅਤੇ ਅਲਬੇਲੇ ਛੈਲ ਛਬੀਲੇ ਅਨਿਕ ਤਰੰਗੀ ਨਿਰਬਾਣ ਅਖੰਡ ਕੀਰਤਨੀਏ ਸੱਜਣਾਂ ਦੀ ਸੰਗਤ ਕਰਕੇ ਆਪਣੀ ਅੰਤਰ ਆਤਮਾ ਨੂੰ ਪ੍ਰਭੂ ਪ੍ਰਮੇਸ਼ਰ ਦੇ ਪਿਆਰ ਵਿੱਚ ਗੜੁੱਚ ਕੀਤਾ ਹੋਇਆ ਹੈ। ਆਪ ਲਗਾਤਾਰ ਕਈ-ਕਈ ਪਹਿਰ, ਇੱਕੋ ਟੱਕ ਅਤੇ ਇੱਕੋ ਰਸ ਵਿੱਚ, ਚੌਂਕੜਾ

ਲਗਾ ਕੇ ਆਪਣੀ ਬਿਰਤੀ ਨੂੰ ਹਰਿ ਨਾਮ ਨਾਲ ਜੋੜੀ ਰੱਖਣ ਦੇ ਅਭਿਆਸੀ ਹਨ। ਇਹ ਸਭ ਬਰਕਤ ਗੁਰਮਤਿ ਨਾਮ ਅਭਿਆਸ ਕਮਾਈ ਦੀ ਹੀ ਹੈ ਕਿ ਮਹਾਨ ਸਤਿਕਾਰਯੋਗ ਮਾਸਟਰ ਜੀ ਦੇ ਅੰਦਰ ਗੁਰਮਤਿ ਗਿਆਨ ਦੀ ਰੌਸ਼ਨੀ ਚਕਾਚੌਂਦ ਚਾਨਣਾ ਕਰਦੀ ਦੇਖੀ ਜਾ ਸਕਦੀ ਹੈ। ਆਪ ਜੀ ਦਾ ਲੂੰ-ਲੂੰ ਗੁਰਬਾਣੀ-ਪ੍ਰੇਮ ਵਿੱਚ ਗੜੂੰਦ ਹੈ।

ਸਾਡੇ ਜਿਹੇ ਅਲਪੱਗ ਲੋਕਾਂ ਦੀ ਇਹ ਖੁਸ਼ਕਿਸਮਤੀ ਹੈ ਕਿ ਮਾਸਟਰ ਜੀ ਨੇ ਮਹਾਨ ਉੱਦਮ ਕਰਕੇ, ਗੁਰਬਾਣੀ ਦੇ ਤੇਜਸਵੀ ਚਾਨਣਾਂ ਦੁਆਰਾ, ਸਾਡੇ ਹਨੇਰੇ ਮਨਾਂ ਨੂੰ ਚਾਨਣ ਨਾਲ ਰੌਸ਼ਨ ਕਰਨ ਦਾ ਉੱਦਮ ਕੀਤਾ ਹੈ। ਇਸ ਪ੍ਰਉਪਕਾਰ ਦਾ ਅਸੀਂ ਲੋਕ ਜਿਤਨਾ ਵੀ ਅਹਿਸਾਨ ਮੰਨੀਏ ਥੋੜ੍ਹਾ ਹੈ। ਇਸ ਸੰਸਾਰ ਸਾਗਰ ਦੀਆਂ ਘੁੰਮਣ ਘੇਰੀਆਂ ਵਿੱਚੋਂ ਪਾਰ ਉਤਰਨ ਲਈ, ਗੁਰਬਾਣੀ ਦੇ ਆਸਰੇ ਤੋਂ ਬਿਨਾ ਹੋਰ ਕੋਈ ਆਸਰਾ ਨਹੀਂ। ਸਾਨੂੰ ਸੱਚੇ ਦਿਲੋਂ ਇਹ ਦ੍ਰਿੜ ਕਰ ਲੈਣਾ ਉੱਚਿਤ ਹੈ ਕਿ ਗੁਰਬਾਣੀ ਹੀ ਇਸ ਜੱਗ ਵਿੱਚ ਚਾਨਣ ਹੈ। ਮਨਮੁਖਾਂ ਦਾ ਇਸ ਸੰਸਾਰ ਵਿੱਚ ਕੋਈ ਟਿਕਾਣਾ ਨਹੀਂ। ਮਨਮੁਖ ਸੁੰਞੇ ਘਰ ਕੇ ਪਾਹੁਣੇ ਹਨ, ਨਾਮ ਬਿਹੂਣੇ ਮਨਮੁਖ ਸਦਾ ਬਿਲਲਾਂਦੇ ਅਤੇ ਤੜਫਦੇ ਹਨ। ਅੱਜ ਕੱਲ੍ਹ ਦੇ ਘੋਰ ਕਲਜੁਗੀ ਸਮੇਂ ਵਿੱਚ, ਮਨਮੁਖਾਂ ਨੇ ਨਿਧੜਕ ਹੋ ਕੇ ਗੁਰਮਤਿ ਦੀ ਨਿਰਾਦਰੀ ਕਰਨ ਦਾ ਲੱਕ ਬੰਨ੍ਹਿਆ ਹੋਇਆ ਹੈ। ਇਹ ਮਨਮੁਖ ਲੋਕ ਆਪਣੀਆਂ ਕੁਟਿਲ ਚਾਲਾਂ ਦੀ ਵਰਤੋਂ ਕਰਕੇ, ਗੁਰਮਤਿ ਦੀ ਨਿਖੇਧੀ ਅਤੇ ਨਿਰਾਦਰੀ ਕਰਨ ਲਈ, ਕਈ ਕਈ ਪ੍ਰਕਾਰ ਦੇ ਉਪੱਦਰ ਕਰਦੇ ਹਨ। ਪਾਖੰਡ ਰਚਦੇ ਹਨ, ਪੋਪ ਲੀਲਾ ਰਚਾਉਂਦੇ ਹਨ, ਆਪਣੀ ਪੂਜਾ ਕਰਵਾਉਂਦੇ ਹਨ, ਗੁਰੂ ਜਾਂ ਅਵਤਾਰ ਹੋਣ ਦੇ ਦਾਅਵੇ ਕਰਦੇ ਹਨ ਅਤੇ ਭੋਲੇ ਭਾਲੇ ਦੁਨਿਆਵੀ ਲੋਕਾਂ ਨੂੰ ਆਪਣੀ ਪਰਪੰਚਤਾ ਦੇ ਜਾਲ ਵਿੱਚ ਫਸਾਉਣ ਲਈ ਕਈ ਤਰ੍ਹਾਂ ਦੇ ਅਡੰਬਰ ਕਰਦੇ ਹਨ।

ਮਾਸਟਰ ਜੀ ਨੇ ਇਸ ਖੋਜ ਭਰਪੂਰ ਪੁਸਤਕ ਵਿੱਚ ਗੁਰਬਾਣੀ ਦਾ ਆਸਰਾ ਲੈ ਕੇ, ਨਿਰੋਲ ਗੁਰੂ ਮਹਾਰਾਜ ਜੀ ਦੇ ਆਪਣੇ ਆਸ਼ੇ ਅਨੁਸਾਰ, ਮਨਮੁਖਾਂ ਦੇ ਅੱਡ ਅੱਡ ਲਖਸ਼ਾਂ ਉਪਰ ਰੌਸ਼ਨੀ ਪਾਈ ਹੈ । ਗੁਰਬਾਣੀ ਵਿੱਚ ਮਨਮੁਖਾਂ ਨੂੰ ਕਈ ਤਰ੍ਹਾਂ ਦੇ ਵਿਸ਼ੇਸ਼ਣਾਂ ਨਾਲ ਧ੍ਰਿਕਾਰਿਆ ਗਿਆ ਹੈ। ਮੁਗਧ, ਮੂੜ, ਗਵਾਰ, ਮੂਰਖ, ਅੰਧੇ, ਬੋਲੇ, ਸੁੱਤੇ, ਆਲਸੀ, ਬਉਰਾਨੇ, ਕਮਲੇ, ਅਗਿਆਨੀ, ਬੇਸੋਝੇ, ਬੇਸੁੱਧੇ, ਅਹੰਕਾਰੀ, ਅਭਿਮਾਨੀ, ਕੱਚੇ, ਮੈਲੇ, ਕਾਇਰ, ਕਰੂਪ, ਨਕਟੇ, ਕੂੜਿਆਰ, ਬਿਕਾਰੀ, ਸੰਤਾਪੀ ਆਦਿ ਨਿਰਾਦਰੀ ਅਤੇ ਅਪਮਾਨ ਭਰੇ ਸ਼ਬਦ ਮਨਮੁਖ ਨਾਲ ਸੰਬੰਧਿਤ ਹਨ। ਮਨਮੁਖ ਸਮੂਹ ਮਾਨਵਤਾ ਦਾ ਦੋਖੀ ਹੁੰਦਾ ਹੈ। ਉਹ ਕਦੀ ਕਿਸੇ ਦਾ ਭਲਾ ਨਹੀਂ ਕਰ ਸਕਦਾ। ਇਸ ਉਪਰ ਕਦੀ ਕੋਈ ਵਿਸ਼ਵਾਸ਼ ਨਹੀਂ ਕੀਤਾ ਜਾ ਸਕਦਾ। ਇਹ ਮਹਾਨ ਪਾਪੀ ਅਤੇ ਅਤਿਆਚਾਰੀ ਹੁੰਦਾ ਹੈ।

ਇਸ ਬਹੁਗੁਣੀ ਪੁਸਤਕ ਨੂੰ ਪੜ੍ਹਨ ਨਾਲ ਸਾਡੇ ਮਨਾਂ ਉੱਪਰ ਸਪਸ਼ਟ ਰੂਪ ਵਿੱਚ ਅਸਰ ਹੁੰਦਾ ਹੈ ਕਿ ਮਨਮੁਖ ਦਾ ਜੀਵਨ ਪਸ਼ੂਆਂ ਨਾਲੋਂ ਵੀ ਭੈੜਾ ਹੈ । ਮਨਮੁਖ ਨੂੰ ਕਦੀ ਸੁਖ ਨਹੀਂ ਮਿਲ ਸਕਦਾ । ਉਹ ਯੁਗਾਂ ਪ੍ਰਯੰਤ ਬਿਲਲਾਂਦਾ ਅਤੇ ਤੜਪਦਾ ਰਹਿੰਦਾ ਹੈ ।

ਮਨਮੁਖ ਦੇ ਮਨ ਦੀ ਅਵਸਥਾ ਨੂੰ ਜਾਚਣ ਲਈ, ਇਸ ਪੁਸਤਕ ਵਿੱਚੋਂ ਬਹੁਤ ਸਾਰੀ ਵਾਕਫ਼ੀ ਮਿਲਦੀ ਹੈ। ਵਿਸ਼ਵਾਸ਼ ਕੀਤਾ ਜਾ ਸਕਦਾ ਹੈ ਕਿ ਇਸ ਪੁਸਤਕ ਨੂੰ ਦੀਰਘ ਦ੍ਰਿਸ਼ਟੀ ਅਤੇ ਡੂੰਘੀ ਘੋਖ ਨਾਲ ਪੜ੍ਹਨ ਵਾਲੇ ਹਰ ਵਿਅਕਤੀ ਨੂੰ ਸੁਤੇ ਸਿਧ ਹੀ, ਮਨਮੁਖਤਾ ਨਾਲ ਨਫ਼ਰਤ ਹੋ ਜਾਵੇਗੀ। ਅੱਜ ਕੱਲ੍ਹ ਦੀ ਦੁਨੀਆਂ ਵਿੱਚ ਬਹੁ ਗਿਣਤੀ ਮਨਮੁਖਾਂ ਦੀ ਹੈ ਅਤੇ ਇਨ੍ਹਾਂ ਦਾ ਪ੍ਰਭਾਵ ਵਧੇਰੇ ਪ੍ਰਬਲ ਹੈ। ਲੋੜ ਹੈ ਕਿ ਅਸੀਂ ਛੇਤੀ ਤੋਂ ਛੇਤੀ ਗੁਰਮਤਿ ਦੇ ਮਹਾਨ ਪਵਿਤ੍ਰ ਅਸੂਲਾਂ ਤੋਂ ਜਾਣੂ ਹੋ ਕੇ, ਇਨ੍ਹਾਂ ਉਪਰ ਕਾਰਬੰਧ ਹੋਈਏ।

"ਸੁੰਞੇ ਘਰ ਕਾ ਪਾਹੁਣਾ" ਗੁਰਮਤਿ ਪ੍ਰੇਮੀਆਂ ਲਈ ਇੱਕ ਵੱਡਮੁਲੀ ਸੁਗਾਤ ਹੈ । ਇਸ ਦੇ ਲੇਖਕ ਜੀ ਨੇ ਭਾਰੀ ਘਾਲਣਾ ਘਾਲਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਖੋਜ ਭਰੇ ਪਾਠ ਕਰਕੇ, ਮਨਮੁਖ ਦੀ ਪੂਰਨ ਵਿਆਖਿਆ ਕੀਤੀ ਹੈ ਤੇ ਨਾਲ ਹੀ ਇਹ ਵੀ ਦੱਸ ਦਿੱਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 'ਮਨਮੁਖ' ਸ਼ਬਦ ੪੭੫ ਵਾਰੀ ਵਰਤਿਆ ਗਿਆ ਹੈ ।

ਗੁਰਬਾਣੀ ਦੀਆਂ ਤੁਕਾਂ ਦੇ ਬੇਅੰਤ ਹਵਾਲੇ ਦਿਤੇ ਗਏ ਹਨ । ਹਰ ਤੁਕ ਲਗਾਂ-ਮਾਤਰਾਂ ਆਦਿ ਦੇ ਲਿਹਾਜ਼ ਨਾਲ ਪੂਰੀ ਤਰ੍ਹਾਂ ਸ਼ੁੱਧ ਹਨ । ਨਾਲ ਹੀ ਇਹ ਵੀ ਲਿਖ ਦਿੱਤਾ ਹੈ ਕਿ ਕਿਹੜੀ ਤੁਕ ਕਿੰਨਵੇਂ ਪੰਨੇ ਉਪਰ ਦਰਜ਼ ਹੈ ।

ਵਰਤਮਾਨ ਸਮੇਂ ਵਿੱਚ ਲੋੜ ਹੈ ਕਿ ਇਸ ਤਰ੍ਹਾਂ ਦੀਆਂ ਗੁਰਮਤਿ ਗਿਆਨ ਵਾਲੀਆਂ ਪੁਸਤਕਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਪ੍ਰਕਾਸ਼ਿਤ ਕੀਤਾ ਜਾਵੇ। ਪਾਠਕਾਂ ਨੂੰ ਖੁਸ਼ੀ ਹੋਣੀ ਚਾਹੀਦੀ ਹੈ ਕਿ ਮਾਨਯੋਗ ਮਾਸਟਰ ਜੀ ਨੇ ਏਸੇ ਢੰਗ ਦੇ ਹੋਰ ਬਹੁਤ ਸਾਰੇ ਵਿਸ਼ਿਆਂ ਬਾਰੇ ਕਾਫ਼ੀ ਖੋਜ ਕੀਤੀ ਹੋਈ ਹੈ। ਇਹ ਸਾਰੇ ਪ੍ਰਕਰਣ ਨਿਰੋਲ ਗੁਰਮਤਿ ਸਬੰਧੀ ਹਨ। ਜਿਸ ਕਿਸੇ ਪੱਖ ਨੂੰ ਵੀ ਛੂਹਿਆ ਹੈ, ਉਸ ਬਾਰੇ ਗੁਰੂ ਮਹਾਰਾਜ ਜੀ ਦੇ ਹੁਕਮਾਂ ਅਨੁਸਾਰ ਵਿਸਥਾਰ ਵਿੱਚ ਰੌਸ਼ਨੀ ਪਾਈ ਗਈ ਹੈ। ਲਿਖਣ ਦਾ ਢੰਗ ਅਤੀ ਸਰਲ ਅਤੇ ਸੁੰਦਰ ਹੈ। ਪੜ੍ਹਨ ਵਾਲੇ ਦੇ ਦਿਲ ਉੱਪਰ ਇਸ ਤਰ੍ਹਾਂ ਦੀ ਸਵੱਛ ਅਤੇ ਸ਼ੁੱਧ ਲਿਖਤ ਦਾ ਸੁਤੇ ਸਿਧ ਸਿੱਧਾ ਅਸਰ ਹੋਣਾ ਇੱਕ ਅਵੱਸ਼ਕ ਗੱਲ ਹੈ। ਜੇ ਪਾਠਕਾਂ ਨੇ ਇਸ ਪੁਸਤਕ ਨੂੰ ‘‘ਜੀਉ ਆਇਆਂ’’ ਆਖਿਆ ਅਤੇ ਇਸ ਦੀ ਕਦਰ ਕੀਤੀ ਤਾਂ ਮੈਨੂੰ ਵਿਸ਼ਵਾਸ਼ ਹੈ ਕਿ ਗੁਰਮਤਿ ਗਿਆਨ ਦਾ ਅਤੁੱਟ ਵੇਗ ਕਈ ਮੰਦਭਾਗਿਆਂ ਨੂੰ ਭਾਗਵਾਨ ਬਨਾਉਣ ਵਿੱਚ ਸਹਾਈ ਸਾਬਤ ਹੋਵੇਗਾ।

ਅਜਮੇਰ ਸਿੰਘ ਐਮ.ਏ.
ਲੋਹਗੜ੍ਹ (ਲੁਧਿਆਣਾ)
੨੨ ਮਈ, ੧੯੬੪

ਦੋ ਸ਼ਬਦ

ਅੱਜ ਮੇਰੇ ਸੁਹਿਰਦ ਵੀਰ ਭਾਈ ਸਾਹਿਬ ਜੁਗਿੰਦਰ ਸਿੰਘ ਜੀ ਬੜੂੰਦੀ ਵਾਲਿਆਂ ਦੇ ਦੇਵਨੈਤ ਨਾਲ ਨਾਰੰਗਵਾਲ ਵਿਖੇ ਸ੍ਰ. ਸੁਰਜੀਤ ਸਿੰਘ ਹੋਰਾਂ ਦੇ ਮਕਾਨ ਤੇ ਦਰਸ਼ਨ ਮੇਲੇ ਹੋਏ । ਉਨ੍ਹਾਂ ਦੇ ਹੱਥ ਵਿੱਚ ਪ੍ਰਕਾਸ਼ਤ ਹੋ ਰਹੀ **"ਸੁੰਞੇ ਘਰ ਕਾ ਪਾਹੁਣਾ"** ਨਾਮੀ ਪੁਸਤਕ ਦੇਖੀ, ਜਿਸ ਦੇ ਪੜਨ ਵੀਚਾਰਨ ਦਾ ਦੈਵੀ ਅਸਰ ਦਿਲ ਦੀਆਂ ਧੁਰ ਡੂੰਘਾਈਆਂ ਤੇ ਹਿਰਦੇ ਦੀਆਂ ਘੋਰ ਗਹਿਰਾਈਆਂ ਨੂੰ ਟੁੰਮਣਹਾਰਾ ਪ੍ਰਤੀਤ ਹੋਇਆ ।

ਪ੍ਰਸ਼ਨਾਂ ਉੱਤਰਾਂ ਦੇ ਰੂਪ ਵਿੱਚ ਦਰਸਾਏ ਹੋਏ ਚੋਣਵੇਂ ਗੁਰਮਤਿ ਸਿਧਾਂਤ ਦਾਸ ਨੂੰ ਤਾਂ ਗੁਰਮਤਿ ਸਾਗਰਾਂ ਦੀ ਤਹਿ ਵਿਚੋਂ ਉਛਾਲ ਕੱਢੇ ਉਹ ਆਬਦਾਰ ਮੋਤੀ ਪ੍ਰਤੀਤ ਹੁੰਦੇ ਹਨ ਜਿਨ੍ਹਾਂ ਦੀ ਨੂਰੀ ਲੋ ਭਰਮ ਅੰਧੇਰੇ ਦੇ ਪੜਦੇ ਚੀਰ ਕੇ ਜੋਤਿ ਵਿਗਾਸੀ ਖੇੜੇ ਖਿੜਾਉਣ ਲਈ ਜਾਦੂ ਭਰਿਆ ਅਸਰ ਰੱਖਦੀ ਹੈ ।

ਮਨਮੁਖਾਂ ਬਾਰੇ ਪਰਕਰਣ ਨੂੰ ਲੈ ਕੇ ਨਿਰੋਲ ਗੁਰਬਾਣੀ ਪ੍ਰਮਾਣਾਂ ਦੁਆਰਾ ਅਜੋਕੇ ਅਲੌਕਿਕ ਅਤੇ ਸੁਚੱਜੇ ਢੰਗ ਨਾਲ ਵਰਨਿਆ ਤੇ ਬਿਆਨਿਆ ਹੈ ਕਿ ਸਰੋਤੇ ਜਨਾਂ ਲਈ ਸ਼ੰਕਾ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹਿੰਦੀ ਤੇ ਅਵੱਸ਼ ਗੁਰਬਾਣੀ ਵਿਖੇ ਦਿੱਤੇ ਗਏ ਫੈਸਲਿਆਂ ਅੱਗੇ ਸਿਰ ਝੁਕਾਉਣਾ ਹੀ ਪੈਂਦਾ ਹੈ ।

ਪੁਸਤਕ ਵਿੱਚੋਂ ਗੁਰਮਤਿ ਮਹਾਨਤਾ ਤੇ ਗੁਰਬਾਣੀ ਦੀ ਵਿਸ਼ੇਸ਼ਤਾ ਡੁਲ੍ਹ ਡੁਲ੍ਹ ਪੈਂਦੀ ਹੈ ਤੇ ਗੁਰੂ ਨਾਨਕ ਦੀ ਵਡਿਆਈ ਸਰੋਤੇ ਜਨਾਂ ਲਈ ਪ੍ਰਗਟ ਪਹਾਰੇ ਅਨਦ ਬਿਨੋਦੀ ਨਾਮ ਖੁਮਾਰੇ ਆਤਮਿਕ ਹੁਲਾਰੇ ਦੇ ਜਾਂਦੀ ਹੈ । ਮੈਂ ਸਮੂਹ ਗੁਰਮਤਿ ਖੋਜੀ ਤੇ ਨਾਮ ਬਾਣੀ ਦੇ ਮੁਤਲਾਸ਼ੀ ਗੁਰਮੁਖਿ ਪਿਆਰਿਆਂ ਨੂੰ ਇਸ ਅਦਭੁਤ ਪੁਸਤਕ ਦੇ ਪੜ੍ਹਨ ਦੀ ਪ੍ਰੇਰਨਾ ਕਰਦਾ ਹੋਇਆ ਗੁਰਮੁਖਿ ਵੀਰ ਭਾਈ ਸਾਹਿਬ ਜੁਗਿੰਦਰ ਸਿੰਘ ਜੀ ਦੀ ਦੀਰਘ ਖੋਜ ਅਤੇ ਮਹਾਨ ਘਾਲਣਾ ਦੀ ਦਾਦ ਦਿੰਦਾ ਹਾਂ ।

ਗਿਆਨੀ ਗੁਰਸੇਵਕ ਸਿੰਘ
ਗੁਰੂਸਰ ਸੁਧਾਰ (ਲੁਧਿਆਣਾ)
੧੯.੦੫.੧੯੬੪

ੴ ਸਤਿਗੁਰ ਪ੍ਰਸਾਦਿ॥

ਸੋਈ ਕਰਾਇ ਜੋ ਤੁਧੁ ਭਾਵੈ॥
ਮੋਹਿ ਸਿਆਣਪ ਕਛੂ ਨ ਆਵੈ॥

ਆਰੰਭਕ ਬਚਨ

ਨਗਰ ਬੜੂੰਦੀ ਵਿਖੇ ਵਰਤਮਾਨ ਸਮੇਂ ਦੀਆਂ ਸ੍ਰ. ਹਰਨਾਮ ਸਿੰਘ ਪੱਤੀ ਰੋਕੋਂ, ਸ੍ਰ. ਸਵਾਈ ਸਿੰਘ ਪੱਤੀ ਭੋਜੂ ਅਤੇ ਸ੍ਰ. ਬੱਗਾ ਸਿੰਘ ਪੱਤੀ ਸੇਖੋਂ ਤਕੜੀਆਂ ਮੰਨੀਆਂ ਦੰਨੀਆਂ ਪ੍ਰਸਿੱਧ ਹਸਤੀਆਂ ਹੋ ਚੁੱਕੀਆਂ ਹਨ । ਇਨ੍ਹਾਂ ਤਿੰਨਾਂ ਦਾ ਆਪਸ ਵਿੱਚ ਦਾ ਪ੍ਰਸਪਰ ਮੇਲ ਮਿਲਾਪ ਅਤੇ ਵਰਤ ਵਰਤਾਰਾ ਇਲਾਕੇ ਵਿੱਚ ਖਾਸ ਤੌਰ ਤੇ ਪ੍ਰਸਿੱਧ ਸੀ ।

ਚੌਧਰੀ ਹਰਨਾਮ ਸਿੰਘ ਜੀ ਤਾਂ ਚੰਗੇ ਕਾਨੂੰਨਦਾਰ ਵੀ ਸਨ । ਉਰਦੂ ਪੜ੍ਹਨ ਲਿਖਣ ਦੀ ਕਾਫ਼ੀ ਮੁਹਾਰਤ ਰੱਖਦੇ ਸਨ । ਸ੍ਰ. ਸਵਾਈ ਸਿੰਘ ਜੀ ਵੀ ਕਾਫੀ ਉਰਦੂ ਜਾਣਦੇ ਸਨ ਪ੍ਰੰਤੂ ਮੇਰੇ ਪਿਤਾ ਸ੍ਰ. ਬੱਗਾ ਸਿੰਘ ਜੀ ਕੇਵਲ ਗੁਰਮੁਖੀ ਅੱਖਰਾਂ ਦੇ ਮਾਮੂਲੀ ਸਿਆਣੂ ਸਨ ।

ਉਸ ਸਮੇਂ ਸਾਧਾਂ ਸੰਤਾਂ ਦੀ ਪਿੰਡਾਂ ਵਿਖੇ ਆਮ ਆਵਾਜਾਈ ਰਹਿੰਦੀ ਸੀ। ਮਹਿਮਾ ਸ਼ਾਹੀ ਫ਼ਿਰਕੇ ਦੇ ਪ੍ਰਸਿੱਧ ਸੰਤ ਬੂਟਾ ਸਿੰਘ ਜੀ ਇਸ ਇਲਾਕੇ ਦੇ ਨਗਰ ਰਕਬੇ ਦੇ ਰੋਹੀ ਵਿਚਕਾਰਲੇ ਡੇਰੇ ਵਿੱਚ ਰਹਿਆ ਕਰਦੇ ਸਨ। ਪਿਤਾ ਜੀ ਮਹੀਨਿਆਂ ਬੱਧੀ ਜਾ ਕੇ ਸੰਤਾਂ ਪਾਸ ਠਹਿਰਦੇ ਅਤੇ ਸਤਿਸੰਗ ਦੇ ਲਾਹੇ ਪ੍ਰਾਪਤ ਕਰਦੇ। ਉਨ੍ਹਾਂ ਪਾਸੋਂ ਹੀ ਪਿਤਾ ਜੀ ਨੇ ਗੁਰਮੰਤ੍ਰ ਲਿਆ ਸੀ। ਇਸ ਪ੍ਰਕਾਰ ਕਈ ਥਾਂਈ ਇਕੱਲੇ ਇਕੱਲੇ ਹੀ ਅੰਮ੍ਰਿਤ ਛਕਾਉਣ ਦੀ ਪ੍ਰਪਾਟੀ ਪੈ ਚਲੀ ਸੀ। ਇਸ ਬਾਰੇ ਮੇਰੀ ਕਈ ਵਾਰੀ ਪਿਤਾ ਜੀ ਨਾਲ ਬਹਿਸ ਭੀ ਹੋਈ। ਆਖਰ ਉਨ੍ਹਾਂ ਨੇ ਗੁਰਮਤਿ ਅਸੂਲ ਦੇ ਕਾਇਲ ਹੋ ਕੇ ਬਕਾਇਦਾ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਗੁਰਮੰਤ੍ਰ ਦ੍ਰਿੜ ਕਰਵਾਉਣਾ ਪ੍ਰਵਾਣ ਕਰ ਲਿਆ ਸੀ।

ਪਿਤਾ ਜੀ ਨੂੰ ਬਹਿਸ ਮੁਬਾਹਸੇ ਦਾ ਬੜਾ ਸ਼ੌਕ ਸੀ। ਉਹ ਆਪਣੇ ਮੁਖਾਲਫ਼ ਨੂੰ ਹਰਾਉਣ ਦੇ ਬੜੇ ਦਾਉ ਪੇਚ ਜਾਣਦੇ ਸਨ। ਉਨ੍ਹਾਂ ਦੀ ਬੁੱਧੀ ਅਤਿ ਤੀਖਣ ਸੀ। ਉਨ੍ਹਾਂ ਦਾ ਕੰਠ ਕੀਤਾ ਮਸਾਲਾ ਮੁਕਣ ਵਿੱਚ ਨਾਂ ਆਉਂਦਾ। ਆਪ ਅੱਵਲ ਦਰਜੇ ਦੇ ਕੁਦਰਤੀ ਕਵੀ ਸਨ। ਜਿਤਨੀ ਕਵਿਤਾ ਰਚਦੇ ਨਾਲ ਦੀ ਨਾਲ ਕੰਠ ਕਰੀ ਜਾਂਦੇ। ਗੁਰਬਾਣੀ ਦੇ ਬੜੇ ਸ਼ਰਧਾਲੂ ਸਨ। ਆਪ ਭਾਵੇਂ ਗੁਰਬਾਣੀ ਪੜ੍ਹ ਨਹੀਂ ਸਨ ਸਕਦੇ ਪ੍ਰੰਤੂ ਆਪਣੇ ਬੱਚਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠੀ ਬਣਾਏ ਬਿਨਾ ਕਿਸੇ ਹੋਰ ਕੰਮ ਵਿੱਚ ਪ੍ਰਵੇਸ਼ ਹੀ ਨਹੀਂ ਹੋਣ ਦਿੱਤਾ।

ਆਪ ਇੱਕ ਅਕਾਲ ਪੁਰਖ ਵਾਹਿਗੁਰੂ ਦੀ ਨਿਰਗੁਣ ਪੂਜਾ ਦੇ ਸੱਚੇ ਉਪਾਸ਼ਕ ਸਨ । ਪ੍ਰੇਮਾ ਭਗਤੀ ਦੁਆਰਾ ਹੀ ਉਸ ਦੀ ਪ੍ਰਾਪਤੀ ਦੇ ਸਾਧਨਾਂ ਦੇ ਕਾਇਲ ਸਨ । ਉਨ੍ਹਾਂ ਦੇ ਆਪਣੇ ਰਚੇ ਬਾਰਹਮਾਹਾ ਵਿਚੋਂ ਵੰਨਗੀ ਵਜੋਂ ਮਹੀਨਾ ਜੇਠ ਦੀ ਹੇਠ ਦਿੱਤੀ ਰਚਨਾ ਨਾਮ ਸਿਮਰਨ ਬਾਰੇ ਦ੍ਰਿੜ ਭਰੋਸੇ ਨੂੰ ਇਸ ਪ੍ਰਕਾਰ ਪ੍ਰਗਟਾਉਂਦੀ ਹੈ: –

ਚੜ੍ਹਕੇ ਜੇਠ ਮਹੀਨਾ ਤਪਿਆ,
ਝੂਠਿਆਂ ਧੰਧਿਆਂ ਦੇ ਵਿੱਚ ਖਪਿਆ ।
ਨਾ ਤੈਂ ਨਾਮੁ ਸਾਹਿਬ ਦਾ ਜਪਿਆ, ਅਪਣੇ ਕੰਮ ਦਾ ।

ਬੰਦਾ ਕਰੇ ਕੂੜੀਆਂ ਆਸਾਂ,
ਇਕ ਦਿਨ ਹੋਣਾ ਮੜ੍ਹੀਏਂ ਬਾਸਾ ।
ਇਹੁ ਤਨੁ ਪਾਣੀ ਵਿੱਚ ਪਤਾਸਾ, ਮੜ੍ਹਿਆ ਚੰਮ ਦਾ ।

ਜਗ ਦੇ ਵਿਖ ਵਿਸ਼ਿਆਂ ਨੂੰ ਸੇਵੇਂ,
ਨਾ ਤੂੰ ਨਾਮ ਸਾਹਿਬ ਦਾ ਲੇਵੇਂ ।
ਹਥੋਂ ਫੜੀਆਂ ਨੂੰ ਛਡਿ ਦੇਵੇਂ, ਉਡਦੀਆਂ ਥੰਮੁ ਦਾ ।

ਬੱਗਾ ਸਿੰਘ ਕਹੇ ਦਿਲ ਸਾਡਾ,
ਨਾ ਕਰ ਨਾਲ ਕਿਸੇ ਦੇ ਆਢਾ ।
ਸਿਰ ਪੁਰ ਕਾਲ ਬਲੀ ਹੈ ਠਾਢਾ, ਪਤਾ ਨਹੀਂ ਦੰਮ ਦਾ ।

ਇਸ ਮਹਾਂ ਬਲੀ ਕਾਲ ਨੇ ਉਕਤ ਤਿੰਨਾਂ ਮਿੱਤਰਾਂ ਵਿਚੋਂ ਸਭ ਤੋਂ ਪਹਿਲਾ ਗੁਣਾਂ ਪਿਤਾ ਜੀ ਦਾ ਹੀ ਕੱਢ ਮਾਰਿਆ । ਅੱਖ ਦੇ ਫੋਰੇ ਵਿੱਚ ਹੀ ਅਪਣੇ ਅੱਗੇ ਲੈ ਤੁਰਿਆ । ਚੌਧਰੀ ਹਰਨਾਮ ਸਿੰਘ ਅਤੇ ਸ੍ਰ. ਸਵਾਈ ਸਿੰਘ ਤੋਂ ਅਪਣੇ ਬਾਲ ਸਖਾਈ ਮਿੱਤਰ ਦੇ ਵਿਛੋੜੇ ਦਾ ਸੱਲ ਸਹਾਰਿਆ ਨਾ ਗਿਆ । ਦੂਜੇ ਨੰਬਰ ਤੇ ਸ੍ਰ. ਸਵਾਈ ਸਿੰਘ ਅਤੇ ਤੀਜੇ ਨੰਬਰ ਤੇ ਸ੍ਰ. ਹਰਨਾਮ ਸਿੰਘ ਥੋੜੇ ਸਮੇਂ ਵਿੱਚ ਹੀ ਆਪਣੇ ਮਿੱਤਰ ਨੂੰ ਅੱਗੇ ਜਾ ਮਿਲੇ ।

ਇੱਕ ਦਿਨ ਦੀ ਗੱਲ ਹੈ ਕਿ ਪੱਤੀ ਰੋਕੋਂ ਵਿਖੇ ਮੈਨੂੰ ਸ੍ਰੀ ਅਖੰਡ ਪਾਠ ਦੀ ਰੌਲ ਲਾਉਣ ਦਾ ਅਵਸਰ ਬਣਿਆ । ਇਹ ਪਾਠ ਸ੍ਰ. ਜੁਗਿੰਦਰ ਸਿੰਘ ਜੀ ਐਸ.ਡੀ.ਓ. ਨੇ ਆਪਣੀ ਹਵੇਲੀ ਦੇ ਉਤਲੇ ਚਉਬਾਰੇ ਵਿਖੇ ਕਰਵਾਇਆ ਸੀ । ਜਦ ਕੋਈ ਪੰਦਰ੍ਹਾਂ ਕੁ ਮਿੰਟ ਮੇਰੀ ਰੌਲ ਦੇ ਰਹਿ ਗਏ ਤਾਂ ਸ੍ਰ. ਸਵਾਈ ਸਿੰਘ ਜੀ ਅਚਨਚੇਤ ਹੀ ਸ੍ਰੀ ਅਖੰਡ ਪਾਠ ਵਾਲੇ ਕਮਰੇ ਵਿੱਚ ਬੜੇ ਅਦਬ ਸਤਿਕਾਰ ਨਾਲ ਮੱਥਾ ਟੇਕ ਕੇ ਆ ਬੈਠੇ ਤੇ ਪ੍ਰੇਮ ਪਿਆਰ ਨਾਲ ਇੱਕ ਮਨ ਇੱਕ ਚਿੱਤ ਹੋ ਕੇ ਪਾਠ ਸੁਣਨ ਲੱਗ ਪਏ। ਉਸ ਸਮੇਂ ਪਾਠ ਭੀ ਉੱਚੀ ਸੁਰ ਨਾਲ ਬੈਰਾਗਮਈ ਢੰਗ ਨਾਲ ਐਸਾ ਨਿਖੱਰਵਾਂ ਹੋ ਰਿਹਾ ਸੀ ਮਾਨੋ ਸਰੋਤਿਆਂ ਦੇ ਹਿਰਦਿਆਂ ਨੂੰ ਵਿੰਨ੍ਹੀ ਜਾ ਰਿਹਾ ਸੀ।

ਜਦ ਮੈਂ ਪਾਠ ਤੋਂ ਵਿਹਲਾ ਹੋ ਕੇ ਆਪਣੇ ਘਰ ਜਾਣ ਲੱਗਾ ਤਾਂ ਸ੍ਰ. ਸਵਾਈ ਸਿੰਘ ਜੀ ਭੀ ਮੇਰੀ ਗੈਲੇ ਹੋ ਤੁਰੇ। ਉਨ੍ਹਾਂ ਦਾ ਘਰ ਮੇਰੇ ਰਸਤੇ ਵਿੱਚ ਹੀ ਸੀ। ਘਰ ਦੇ ਪਾਸ ਪੁੱਜਣ ਸਾਰ ਫੁਰਤੀ ਨਾਲ ਮੇਰੇ ਅੱਗੇ ਆ ਖੜੋਤੇ ਅਤੇ ਇੱਕ ਸਹਿਜ ਪਾਠ ਆਪਣੇ ਗ੍ਰਹਿ ਵਿਖੇ ਕਰਵਾਉਣ ਲਈ ਨਿਮਰਤਾ ਸਹਿਤ ਜ਼ੋਰਦਾਰ ਸ਼ਬਦਾਂ ਵਿੱਚ ਅਪੀਲ ਕੀਤੀ। ਮੇਰਾ ਆਪਣਾ ਮਨ ਉਸ ਸਮੇਂ ਗੁਰਬਾਣੀ ਦੀ ਪਾਰਸ ਕਲਾ ਨਾਲ ਦ੍ਰਵੀ ਭੂਤ ਹੋਇਆ ਪਿਆ ਸੀ। ਸੁਰਤਿ ਨਾਮ ਵਿੱਚ ਲੀਣ ਸੀ। ਉਨ੍ਹਾਂ ਦੀ ਪਰਬਲ ਪ੍ਰੇਰਨਾ ਦੇ ਅਧੀਨ ਹੋ ਕੇ ਝਟਾ ਪੱਟ ਹੀ ਪ੍ਰਵਾਨਗੀ ਦੇਣ ਦੀ ਕੀਤੀ, ਉਨ੍ਹਾਂ ਦੇ ਮਕਾਨ ਦੀ ਸਫ਼ਾਈ, ਧੂਪ ਦੀਪ ਦੀ ਸੇਵਾ ਮਹਾਰਾਜ ਜੀ ਦੀ ਹਾਜ਼ਰੀ ਦੇ ਪਹਿਰੇ ਦਾ ਜ਼ੁਮਾਂ ਅਤੇ ਪਾਠ ਦੀ ਪੂਜਾ ਕਿਸੇ ਜੋਗ ਥਾਂ ਤੇ ਲਾਉਣ ਆਦਿ ਸਾਰੀਆਂ ਗੱਲਾਂ ਖੁਸ਼ੀ ਨਾਲ ਮਨਜੂਰ ਕਰ ਲਈਆਂ, ਸਗੋਂ ਸਾਰਾ ਪਾਠ ਤੱਤਪਰ ਹੋ ਕੇ ਸੁਣਨ ਦਾ ਬਚਨ ਭੀ ਦੇ ਦਿੱਤਾ।

ਪੂਰੀ ਤਿਆਰੀ ਪਸਚਾਤ ਪੂਰਨ ਗੁਰ ਮਰਯਾਦਾ ਅਨੁਸਾਰ ਪਾਠ ਪ੍ਰਾਰੰਭ ਕੀਤਾ ਗਿਆ । ਆਂਢ-ਗੁਆਂਢ ਦੇ ਹੋਰ ਕਈ ਪ੍ਰੇਮੀ ਸੱਜਣ ਭੀ ਪਾਠ ਸੁਣਨ ਲਈ ਹਾਜ਼ਰੀਆਂ ਭਰਨ ਲੱਗੇ । ਉਨ੍ਹਾਂ ਦਾ ਗੁਆਂਢੀ ਲਾਲਾ ਪਿਰਥੀ ਚੰਦ ਗੁਰਬਾਣੀ ਦਾ

ਬੜਾ ਸ਼ਰਧਾਲੂ ਸੀ । ਉਸ ਨੇ ਤਾਂ ਇੱਕ ਦਿਨ ਭੀ ਨਾਗਾ ਨਾ ਪੈਣ ਦਿੱਤਾ । ਪਾਠ ਕਰਨ ਦਾ ਸਮਾਂ ਪਹਿਲੇ ਦਿਨ ਹੀ ਨੀਯਤ ਕਰ ਦਿੱਤਾ ਗਿਆ ।

ਇਕ ਦਿਨ ਸ੍ਰ. ਸਵਾਈ ਸਿੰਘ ਜੀ ਪਾਠ ਸੁਣਦੇ ਸੁਣਦੇ ਉੱਚੀ ਉੱਚੀ ਭੁਬਾਂ ਮਾਰਕੇ ਰੋਣ ਲੱਗ ਪਏ । ਮਾਨੋ ਉਨ੍ਹਾਂ ਤੇ ਗੁਰਬਾਣੀ ਦੇ ਪਾਠ ਨੇ ਪਾਰਸ ਕਲਾ ਵਰਤਾ ਦਿੱਤੀ । ਉਨ੍ਹਾਂ ਦੀ ਇਸ ਵੈਰਾਗਮਈ ਦਸ਼ਾ ਦਾ ਮੇਰੇ ਅਤੇ ਸਰੋਤਿਆਂ ਤੇ ਬੜਾ ਡੂੰਘਾ ਅਸਰ ਪਿਆ । ਮੇਰਾ ਹਿਰਦਾ ਭੀ ਦ੍ਰਵੀਭੂਤ ਹੋ ਗਿਆ । ਗਲਾ ਪਾਠ ਕਰਨੋਂ ਰੁਕ ਖੜੋਤਾ ਤੇ ਨੇਤਰ ਜਲ ਪੂਰਤ ਹੋ ਗਏ । ਕੁਝ ਸਮਾਂ ਚੁੱਪ ਹੀ ਵਰਤੀ ਰਹੀ । ਆਖਰ ਮੇਰੇ ਵਲੋਂ ਕਾਰਨ ਪੁੱਛਣ ਤੇ ਸ੍ਰ. ਸਵਾਈ ਸਿੰਘ ਨੇ ਹਉਕੇ ਲੈਂਦਿਆਂ ਥਿੜਕਵੀਂ ਅਤੇ ਹਿਰਦੇ ਵੇਧਕ ਆਵਾਜ਼ ਅੰਦਰਿ ਐਉਂ ਉੱਤਰ ਦਿੱਤਾ: –

“ਮਾਸਟਰ ਜੀ ਬੱਸ! ਮੈਥੋਂ ਅੱਗੇ ਪਾਠ ਸੁਣਿਆ ਨਹੀਂ ਜਾਂਦਾ। ਜੋ ਪੋਲੇ (ਜੁੱਤੀਆਂ) ਗੁਰੂ ਸਾਹਿਬ ਜੀ ਵਲੋਂ ਗੁਰਬਾਣੀ ਦੁਆਰਾ ਮੇਰੇ ਮੂੰਹ ਤੇ ਪੈ ਰਹੇ ਹਨ ਉਹ ਮੈਥੋਂ ਸਹਾਰੇ ਨਹੀਂ ਜਾਂਦੇ। ਧੰਨ ਹਨ ਉਹ ਜੋ ਨਿਤਾ-ਪ੍ਰਤੀ ਇਸ ਪ੍ਰਕਾਰ ਖੋਂਸੜੇ ਖਾਂਦੇ ਹੋਏ ਰਤਾ ਜਿੰਨਾ ਬੀ ਗੁਮੇਹ ਨਹੀਂ ਕਰਦੇ। ਮੇਰਾ ਹਿਰਦਾ ਤਾਂ ਅੱਜ ਵਿੰਨ੍ਹਿਆ ਜਾ ਚੁੱਕਾ ਹੈ। ਅੱਗਾ ਨੇੜੇ ਦਿਸ ਰਿਹਾ ਹੈ ਜੋ ਭਿਆਨਕ ਰੂਪ ਧਾਰੀ ਖੜਾ ਹੈ। ਪਿੱਛਾ ਦੂਰ ਰਹਿ ਗਿਆ ਹੈ ਜੋ ਕਿਸੇ ਕੀਮਤ ਤੇ ਭੀ ਮੁੜ ਨਹੀਂ ਆਉਣਾ। ਮੇਰੇ ਪਰਮ ਸਨੇਹੀ ਮਿੱਤਰ ਸ੍ਰ. ਬੱਗਾ ਸਿੰਘ ਜੀ ਚੁੱਪ ਚਪੀਤੇ ਹੀ ਸਾਨੂੰ ਸਾਰਿਆਂ ਨੂੰ ਭੁੱਲ-ਭੁਲਾਈ ਦੇ ਕੇ ਪਤਾ ਨਹੀਂ ਕਿੱਧਰ ਨੂੰ ਤੁਰ ਗਏ ਸਨ। ਉਨ੍ਹਾਂ ਦੇ ਅਮੋਲਕ ਬਚਨਾਂ ਨੂੰ ਅਸੀਂ ਆਵਾਗਉਣ ਹੀ ਸਮਝਦੇ ਰਹੇ। ਘੰਟਿਆਂ ਬੱਧੀ ਉਨ੍ਹਾਂ ਪਾਸੋਂ ਕਈ ਵਾਰੀ ਗਿਆਨ ਚਰਚਾ ਸੁਣੀ ਪਰ ਇਸ ਖੁਟਹਰ ਮਨ ਨੇ ਰੰਚਕ ਭੀ ਅਸਰ ਕਬੂਲ ਨਾ ਕੀਤਾ। ਕੰਨ ਰਸ ਕਰਕੇ ਹੀ ਸੁਣਦੇ ਰਹੇ। ਅਮਲ ਕਰਕੇ ਕੁਝ ਨ ਦੇਖਿਆ। ਗੁਰੂ ਜਾਣੇ ਅੱਗੇ ਜਮ ਪੁਰੀ ਵਿਖੇ ਕੀ ਹਾਲ ਹੋਊ। ਅਵੱਸ਼ ਬੁਰਾ ਤੇ ਮੰਦਾ ਹਾਲ ਹੀ ਪ੍ਰਤੱਖ ਪਿਆ ਜਾਪਦਾ ਹੈ। ਮੈਨੂੰ ਤਾਂ ਨਰਕਾਂ ਦੇ ਇੰਚਾਰਜ਼ਾਂ ਭੀ ਨਹੀਂ ਸੰਭਾਲਣਾ। ਜਿਸ ਦਿਨ ਤੋਂ ਆਪ ਨੇ ਪਾਠ ਆਰੰਭ ਕੀਤਾ ਹੈ, ਖਾਣਾ ਪੀਣਾ ਵਿਸਰਦਾ ਜਾ ਰਿਹਾ ਹੈ। ਕੋਈ ਪਦਾਰਥ ਚੰਗਾ ਨਹੀਂ ਲੱਗਦਾ। ਸਾਰਾ ਜਹਾਨ ਵਿਹੁ ਰੂਪ ਹੋ ਭਾਸਿਆ ਹੈ। ਰਾਤ ਨੂੰ ਨੀਂਦਰ ਭੀ ਪੂਰੀ ਨਹੀਂ ਪੈਂਦੀ। ਮੋਹ ਮਾਇਆ ਦੇ ਜਾਲ ਵਿੱਚੋਂ ਨਿਕਲਣ ਲਈ ਜੀ ਉਤਾਵਲਾ ਹੋ ਰਿਹਾ ਹੈ। ਆਪ ਦੇ ਜਾਣ ਪਿੱਛੋਂ ਅਨੇਕਾਂ ਪ੍ਰਕਾਰ ਦੇ ਫੁਰਨੇ ਕੁਫੁਰਨੇ ਮਨ ਅੰਦਰਿ ਉਪਜਦੇ ਹਨ। ਨਾਨ੍ਹਾ ਪ੍ਰਕਾਰੀ ਪ੍ਰਸ਼ਨ ਆਪਣੇ ਆਪ ਅੰਦਰੋਂ ਦਰਿਆ ਦੀਆਂ ਲਹਿਰਾਂ ਵਤ ਉਤਪੰਨ ਹੋ ਰਹੇ ਹਨ। ਆਪ ਦਾ ਹੁਕਮ ਸੀ ਕਿ ਪਾਠ ਸੁਣਦਿਆਂ ਹੋਰ ਕਿਸੇ ਪ੍ਰਕਾਰ ਦੀ ਗੱਲ-ਬਾਤ ਨਹੀਂ ਚਲਾਉਣੀ। ਮੇਰੀ ਅਵੱਗਿਆ ਬਖਸ਼ ਲੈਣੀ। ਗੁਰਬਾਣੀ ਸੁਣ ਕੇ ਮੇਰੇ ਅੰਦਰ ਅਨੇਕਾਂ ਪ੍ਰਕਾਰ ਦੇ ਸਵਾਲਾਂ ਦਾ ਹੜ੍ਹ ਵਗ ਤੁਰਿਆ ਹੈ। ਅੱਜ ਤਾਂ ਮੈਂ ਆਪਣੇ ਅੰਦਰਲੇ ਹੜ੍ਹ ਦੇ ਵੇਗ ਨੂੰ ਠੱਲ੍ਹ ਹੀ ਨਹੀਂ ਸਕਿਆ। ਆਪ ਜੀ ਮੈਨੂੰ ਪੂਰਨ ਗੁਰਸਿੱਖ ਜਾਪਦੇ ਹੋ। ਆਪ ਦੀ ਰਹਿਣੀ, ਬਹਿਣੀ, ਕਹਿਣੀ, ਸਹਿਣੀ ਦਾ ਪ੍ਰਭਾਵ ਕੋਈ ਗੁੱਝਾ ਛਿਪਾ ਨਹੀਂ। ਸੁਣਿਆ ਹੈ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਣਗਿਣਤ ਪਾਠ ਕੀਤੇ ਸੁਣੇ ਹਨ। ਗੁਰਬਾਣੀ ਨੂੰ ਆਪ ਜੀ ਨੇ ਖੂਬ ਘੋਖ ਕੇ ਕਮਾਇਆ ਹੈ। ਆਪ ਗੁਰਬਾਣੀ ਦੀਆਂ ਗੋਹਜ ਰਮਜਾਂ ਦੇ ਭੇਤੀ ਹੋ। ਆਪ ਜੀ ਦੇ ਪਿਤਾ ਸ੍ਰ. ਬੱਗਾ ਸਿੰਘ ਜੀ ਤੋਂ ਸੁਣਿਆ ਸੀ ਕਿ ਆਪ ਦੇ ਗ੍ਰਹਿ ਵਿਖੇ ਇੱਕ ਕੋਈ ਕਿਸ਼ਨ ਸਿੰਘ ਨਾਮੀਆ ਬਿਬੇਕੀ ਨਾਮਧਾਰੀਆ ਸਿੰਘ ਹਰ ਸਾਲ ਇੱਕ ਸਾਧਾਰਣ ਪਾਠ ਕਰਨ ਆਇਆ ਕਰਦਾ ਸੀ। ਆਪ ਦੇ ਜਨਮ ਪਿਛੋਂ ਜਦੋਂ ਉਹ ਆਪਣੇ ਪ੍ਰਚੱਲਤ ਰਿਵਾਜ਼ ਅਨੁਸਾਰ ਪਾਠ ਕਰਨ ਆਇਆ ਤਾਂ ਉਸ ਨੇ ਤੁਹਾਡੇ ਪੈਰ ਨੂੰ ਫੜਕੇ ਆਪਣੇ ਮੱਥੇ ਨੂੰ ਲਗਾਇਆ। ਆਪ ਦੇ ਪਿਤਾ ਦੇ ਅਚੰਭਿਤ ਹੋ ਕੇ ਪੁਛਣ ਤੇ ਉਸਨੇ ਦੱਸਿਆ ਸੀ ਕਿ ਆਪ ਵੱਡੇ ਹੋ ਕੇ ਨਾਮ ਬਾਣੀ ਦੀ ਕਮਾਈ ਕਰਨ ਵਾਲੇ ਗੁਰਸਿੱਖ ਬਣੋਗੇ। ਉਸ ਬਿਬੇਕੀ ਸਿੰਘ ਦਾ ਸਾਧਾਰਣ ਬਚਨ ਅੱਜ ਅਸੀਂ ਪ੍ਰਤੱਖ ਫਲੀਭੂਤ ਹੋਇਆ ਵੇਖ ਰਹੇ ਹਾਂ। ਮੈਂ ਆਪਣੇ ਸ਼ੰਕੇ ਆਪ ਪਾਸੋਂ ਨਵਿਰਤ ਕਰਵਾਉਣੇ ਚਾਹੁੰਦਾ ਹਾਂ। ਆਪ ਆਗਿਆ ਦੇਵੋ ਕਿ ਸਵੇਰ ਦਾ ਸਮਾਂ ਗੁਰਬਾਣੀ ਦੇ ਪਾਠ ਕਰਨ ਸੁਣਨ ਵਿੱਚ ਸਫਲ ਕੀਤਾ ਜਾਇਆ ਕਰੇ ਤੇ ਆਥਣ ਦੇ ਸਮੇਂ ਆਪ ਸਾਡੇ ਸਰੋਤਿਆਂ ਦੇ ਸ਼ੰਕੇ ਨਵਿਰਤ ਕਰਿਆ ਕਰੋ “ ।

ਸ੍ਰ. ਸਵਾਈ ਸਿੰਘ ਦੇ ਉਕਤ ਬਚਨ ਸੁਣ ਕੇ ਮੈਂ ਉੱਤਰ ਦਿੱਤਾ, ਮੇਰੇ ਸਬੰਧੀ ਆਪ ਜੀ ਨੂੰ ਬਹੁਤ ਭੁਲੇਖਾ ਲੱਗਾ ਹੈ, ਮੇਰੀ ਦਸ਼ਾ ਤਾਂ **“ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ”** ਵਾਲੀ ਹੈ। ਦੁਨੀਆਂ ਅੰਦਰ ਸਿਵਾਏ ਪੂਰੇ ਗੁਰੂ ਤੋਂ

ਸ਼ੰਕੇ ਨਵਿਰਤ ਕਰਨ ਵਾਲਾ ਨਾਂ ਕੋਈ ਪਿੱਛੇ ਹੋਇਆ ਹੈ ਨਾ ਅੱਗੋਂ ਨੂੰ ਹੋਵੇਗਾ। ਜਗਤ ਗੁਰੂ, ਧੁਰ ਧੁਰੰਤਰੀ ਗੁਰੂ, ਨਿਰੰਕਾਰੀ ਗੁਰੂ ਬਾਣੀ ਦੇ ਰੂਪ ਵਿੱਚ ਸਾਰਿਆਂ ਦੇ ਸ਼ੰਕੇ ਨਵਿਰਤ ਕਰਨ ਦੇ ਸਮਰੱਥ ਹੈ। ਹਾਂ ਗੁਰਬਾਣੀ ਦੀ ਰੌਸ਼ਨੀ ਵਿੱਚ ਜੋ ਮੈਨੂੰ ਸੂਝ ਬੂਝ ਪਈ ਹੈ, ਮੈਂ ਆਪਣੀ ਤੁੱਛ ਬੁੱਧੀ ਦੁਆਰਾ ਆਪ ਜੀ ਦੀ ਸੇਵਾ ਕਰਨ ਲਈ ਸਦਾ ਤੱਤਪਰ ਹਾਂ। ਬਾਕੀ ਸਰੋਤੇ ਭੀ ਇਸ ਤਜਵੀਜ਼ ਨਾਲ ਸਹਿਮਤ ਹੋ ਗਏ, ਜਿਸ ਤੇ ਮਜ਼ਬੂਰਨ, ਮੈਨੂੰ ਉਨ੍ਹਾਂ ਦੇ ਫੈਸਲੇ ਅੱਗੇ ਸਿਰ ਝੁਕਾਉਣਾ ਪਿਆ। ਜੋ ਭੀ ਪ੍ਰਸ਼ਨ ਪੁੱਛੇ ਜਾਂਦੇ ਰਹੇ ਮੈਂ ਉਨ੍ਹਾਂ ਦਾ ਗੁਰਬਾਣੀ ਦੀ ਰੌਸ਼ਨੀ ਅੰਦਰ ਪਰਕਰਣ ਵਾਰ ਉੱਤਰ ਦੇਣ ਦਾ ਯਤਨ ਕਰਦਾ ਰਿਹਾ। ਆਖਰ ਸ੍ਰ. ਸਵਾਈ ਸਿੰਘ ਜੀ ਦੀ ਪ੍ਰਬਲ ਪ੍ਰੇਰਨਾ ਅਧੀਨ ਇਨ੍ਹਾਂ ਨੂੰ ਪ੍ਰਸ਼ਨੋਤਰੀ ਦੇ ਰੂਪ ਵਿੱਚ ਅੰਕਿਤ ਕੀਤਾ ਗਿਆ । ਕਈ ਕੁ ਪ੍ਰੇਮੀਆਂ ਗੁਰਸਿੱਖਾਂ ਵਲੋਂ ਗੁਪਤ ਮਾਇਆ ਦੇ ਬੇਅੰਤ ਗੱਫਿਆਂ ਦਾ ਸਦਕਾ ਇਸ ਨੂੰ **"ਸੁੰਞੇ ਘਰ ਕਾ ਪਾਹੁਣਾ"** ਨਾਮੀ ਪੁਸਤਕ ਰਾਹੀਂ ਪ੍ਰਕਾਸ਼ਤ ਕਰਨ ਦਾ ਹੁਣ ਅਵਸਰ ਹੱਥ ਲੱਗਾ ਹੈ । ਇਸ ਵਿੱਚ ਕੇਵਲ ਮਨਮੁਖਾਂ ਪ੍ਰਥਾਇ ਪ੍ਰਸ਼ਨ ਉੱਤਰ ਹੀ ਆਉਣਗੇ । ਪੰਗਤੀਆਂ ਨਾਲ ੧੪੩੦ ਪੰਨੇ ਵਾਲੀ ਬੀੜ ਦੇ ਪੰਨੇ ਵੇਰਵੇ ਲਈ ਲਿਖ ਦਿੱਤੇ ਹਨ ।

ਨਿਵੇਦਕ ਦਾਸ–
ਮ. ਜੁਗਿੰਦਰ ਸਿੰਘ
ਪਿੰਡ ਤੇ ਡਾਕਘਰ ਬੜੂੰਦੀ
(ਜ਼ਿਲ੍ਹਾ ਲੁਧਿਆਣਾ)

ਮਨਮੁਖ

ਮਨਮੁਖ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ੪੭੫ ਵਾਰੀ ਵਰਤਿਆ ਗਿਆ ਹੈ ਜਦ ਕਿ ਗੁਰਮੁਖਿ ੧੫੨੦ ਵਾਰੀ । ਇਸੇ ਤਰ੍ਹਾਂ ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿੱਚ ਇਸ ਸ਼ਬਦ ਨੂੰ ੨੭ ਵਾਰੀ ਅਤੇ ਕਬਿੱਤ ਸਵੱਈਆਂ ਵਿੱਚ ੩ ਵਾਰੀ ਵਰਤਿਆ ਹੈ ।

ਮਨਮੁਖ ਅਤੇ ਗੁਰਮੁਖ ਸ਼ਬਦ ਦੀ ਵਰਤੋਂ ਵਿੱਚ ਇੰਨੇ ਵੱਡੇ ਫ਼ਰਕ ਦਾ ਕਾਰਨ ਤਾਂ ਗੁਰੂ ਆਪ ਹੀ ਜਾਣ ਸਕਦਾ ਹੈ ਪਰ ਇਉਂ ਮਹਿਸੂਸ ਹੁੰਦਾ ਹੈ ਕਿ ਮਨਮੁਖ ਚੂੰਕਿ ਨਿਗੁਰਾ ਹੁੰਦਾ ਹੈ ਤੇ ਨਿਗੁਰੇ ਪੁਰਸ਼ ਦਾ ਨਾਉਂ ਲੈਣਾ ਭੀ ਭੈੜਾ ਤੇ ਬੁਰਾ ਜਾਣਿਆ ਗਿਆ ਹੈ। ਇਸ ਲਈ ਮਨਮੁਖ ਸ਼ਬਦ ਦੀ ਵਰਤੋਂ ਘੱਟ ਕੀਤੀ ਗਈ ਹੈ। ਇਹ ਭੀ ਇਸ ਲਈ ਕਿ ਮਨਮੁਖਾਂ ਨੂੰ ਉਨ੍ਹਾਂ ਦੇ ਰੋਗ ਦਾ ਅਨੁਭਵ ਕਰਵਾ ਕੇ ਉਸ ਤੋਂ ਛੁਟਕਾਰਾ ਦਿਵਾਉਣ ਲਈ ਪ੍ਰੇਰਨਾ ਕੀਤੀ ਜਾ ਸਕੇ ਅਤੇ ਗੁਰਸਿੱਖਾਂ ਪ੍ਰੇਮੀਆਂ ਨਾਮ ਰਸੀਆਂ ਦੀ ਕੀਮਤ ਕਦਰ ਭਲੀ-ਭਾਂਤ ਜਾਣਾਈ ਪ੍ਰਗਟਾਈ ਜਾ ਸਕੇ।

ਗੁਰਬਾਣੀ ਅੰਦਰ ਪ੍ਰਾਣੀ ਮਾਤਰ ਦੀ ਜਾਤਿ, ਗੋਤ, ਨਸਲ, ਕੌਮ, ਵਰਣ, ਅਵਰਣ, ਦੇਸ਼-ਬਦੇਸ਼ ਦੇ ਲਿਹਾਜ ਨਾਲ ਉੱਕਾ ਹੀ ਕੋਈ ਐਸੀ ਵੰਡ ਮੌਜੂਦ ਨਹੀਂ ਹੈ। ਬਲਕਿ ਇਸ ਦੇ ਉਲਟ "ਏਕ ਪਿਤਾ ਏਕਸ ਕੇ ਹਮ ਬਾਰਿਕ" ਗੁਰਵਾਕ ਅਨੁਸਾਰ ਮਨੁੱਖ-ਮਾਤ੍ਰ ਦੀ ਕੇਵਲ ਇੱਕੋ ਹੀ ਜਾਤ ਮੰਨੀ ਗਈ ਹੈ। ਸਭ ਨਾਲ ਸਕੇ ਭਰਾਵਾਂ ਵਾਲਾ ਪਿਆਰ ਕਰਨ ਦਾ ਸੱਚਾ-ਸੁੱਚਾ ਉਦਪੇਸ਼ ਦ੍ਰਿੜ੍ਹ ਕਰਵਾਇਆ ਹੈ। ਹਾਂ ਕਰਣੀ ਅਨੁਸਾਰ ਪ੍ਰਾਣੀ-ਮਾਤ੍ਰ ਨੂੰ ਆਮ ਤੌਰ ਤੇ ਦੋ ਹਿੱਸਿਆਂ ਵਿੱਚ ਵੰਡਿਆ ਗੁਰਬਾਣੀ ਅੰਦਰ ਜ਼ਰੂਰ ਮਿਲਦਾ ਹੈ। "ਗੁਰਮੁਖਿ" ਅਤੇ "ਮਨਮੁਖ" ਸ਼ਬਦ ਵਰਤ ਕੇ ਇਨ੍ਹਾਂ ਨੂੰ ਅਲੱਗ-ਅਲੱਗ ਕੀਤਾ ਗਿਆ ਹੈ।

ਪ੍ਰਸ਼ਨ: - ਇਸ ਗੱਲ ਦਾ ਨਿਰਣਾ ਕਿਵੇਂ ਹੋਵੇ ਕਿ "ਗੁਰਮੁਖਿ" ਕੌਣ ਹਨ ਅਤੇ "ਮਨਮੁਖ" ਕੌਣ?

ਉੱਤਰ:- ਗੁਰਬਾਣੀ ਅੰਦਰ ਹਰ ਇੱਕ ਵਸਤੂ ਦੇ ਪ੍ਰਖਣ ਲਈ ਬਿਲਕੁਲ ਨਿਰਾਲੇ ਤੇ ਵਿਲੱਖਣ ਢੰਗ ਦੀ ਕਸਵੱਟੀ ਮੌਜੂਦ ਹੈ ਜਿਸ ਦੇ ਲਾਉਣ ਕਰਕੇ ਉਸ ਪਦਾਰਥ ਦਾ ਨਿੱਖੜਵਾਂ ਨਿਰਣਾ ਸੁੱਤੇ ਸਿੱਧ ਹੀ ਹੋ ਆਉਂਦਾ ਹੈ। ਇਸ ਤੋਂ ਪਹਿਲਾਂ ਇਸ ਪ੍ਰਕਾਰ ਦੀ ਕੋਈ ਅਸਲੀ ਸੱਚੀ ਸੁੱਚੀ ਕਸਵੱਟੀ ਨਾ ਹੋਣ ਦੇ ਕਾਰਨ ਸਾਰੀ ਦੁਨੀਆਂ ਅੰਦਰ ਗੰਧਲ-ਚੌਦੇਂ ਹੀ ਵਰਤੀ ਰਹੀ, ਇੱਥੋਂ ਤੀਕ ਕਿ ਸੱਚ ਝੂਠ ਦਾ ਨਿਰਣਾ ਭੀ ਠੀਕ ਤੌਰ 'ਤੇ ਕਿਸੇ ਪਾਸੋਂ ਨਾ ਹੋ ਸਕਿਆ। ਧੁਰ ਕੀ ਬਾਣੀ ਸਤਿਗੁਰੂ ਰਾਹੀਂ ਅਵਤਰੀ ਤਾਂ ਕਿਤੇ ਜਾ ਕੇ ਸੱਚ ਝੂਠ ਦਾ ਅਸਲ ਨਿਤਾਰਾ ਹੋਣ ਲੱਗਾ। ਤਾਂ ਤੇ ਗੁਰਬਾਣੀ ਅੰਦਰ ਮਨਮੁਖਾਂ ਅਤੇ ਗੁਰਮੁਖਾਂ ਦੇ ਦਿੱਤੇ ਗਏ ਲਕਸ਼ਨਾਂ ਰਾਹੀਂ ਇਹ ਜਾਨਣਾ ਕੋਈ ਔਖਾ ਨਹੀਂ ਕਿ ਗੁਰਮੁਖਿ ਕਿਹੜੇ ਹਨ ਤੇ ਮਨਮੁਖ ਕਿਹੜੇ।

ਪ੍ਰਸ਼ਨ: - ਮਨਮੁਖਾਂ ਦੀਆਂ ਕੀ ਨਿਸ਼ਾਨੀਆਂ ਹਨ?

ਉੱਤਰ: - (੧) ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ॥ (੩੦੩)

ਜਿਹੜਾ ਪੂਰੇ ਗੁਰੂ ਅਥਵਾ ਸਤਿਗੁਰੂ ਭਾਵ ਉਨ੍ਹਾਂ ਦੇ ਪ੍ਰਗਟ ਪ੍ਰਤੱਖ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਤੋਂ ਆਕੀ ਹੈ ਉਸਨੂੰ ਮਨਮੁਖ ਆਖਿਆ ਜਾਂਦਾ ਹੈ । ਉਹ ਅਗਿਆਨ ਅਤੇ ਵਿਹੁ ਰੂਪ ਮਾਇਆ ਦਾ ਪੁਤਲਾ ਹੀ ਹੁੰਦਾ ਹੈ ।

(੨) ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ ਸੇ ਮਨਮੁਖ ਮੂੜ ਬਿਤਾਲੇ ਰਾਮ॥ (੫੩੯)

ਜਿਹੜੇ ਅਮੋਲਕ ਦੁਰਲੱਭ ਮਨੁੱਖਾ ਜਨਮ ਨੂੰ ਪਾ ਕੇ ਵੀ ਸਾਰੀ ਉਮਰ ਮਾਇਆ ਵਿੱਚ ਗਲਤਾਨ ਰਹਿ ਕੇ ਬਿਰਥਾ ਗਵਾ ਰਹੇ ਹਨ ਉਹ ਮਨਮੁਖ ਕਹੇ ਜਾਂਦੇ ਹਨ । ਭਾਵ ਉਨ੍ਹਾਂ ਨੂੰ ਮੂਰਖ ਅਤੇ ਬੇਸੁਰੇ ਕਹਿਣਾ ਹੀ ਉੱਚਿਤ ਹੈ ।

(੩) **ਜਿਨੀ ਰਾਮੋ ਰਾਮ ਨਾਮੁ ਵਿਸਾਰਿਆ ਸੇ ਮਨਮੁਖ ਮੂੜ ਅਭਾਗੀ ਰਾਮ॥** (੪੪੩)

ਜਿਨ੍ਹਾਂ ਖੋਟੇ ਭਾਗਾਂ ਵਾਲੇ ਮੂਰਖ ਪੁਰਸ਼ਾਂ ਨੇ ਵਾਹਿਗੁਰੂ ਦੇ ਨਾਮ ਨੂੰ ਭੁਲਾ ਛੱਡਿਆ ਹੈ ਉਹ ਮਨਮੁਖ ਆਖੇ ਜਾਂਦੇ ਹਨ ।

(੪) **ਜਿਨ ਹਰਿ ਹਰਿ ਨਾਮੁ ਨ ਚੇਤਿਓ ਮੇਰੀ ਜਿੰਦੁੜੀਏ ਤੇ ਮਨਮੁਖ ਮੂੜ ਇਆਣੇ ਰਾਮ॥** (੫੪੦)

ਜੋ ਪੂਰੇ ਗੁਰੂ ਤੋਂ ਸ਼ਬਦ ਗੁਰਮੰਤ੍ਰ ਲੈ ਕੇ ਸਾਸਿ ਗਿਰਾਸ ਨਾਮ ਨਹੀਂ ਜਪਦੇ ਉਹ ਮੂਰਖ ਇਆਣੇ ਮਨਮੁਖ ਹਨ ।

(੫) **ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ॥** (੬੯੬)

ਨਿਗੁਰੇ ਮੋਹ ਮਾਇਆ ਦੇ ਜਾਲ ਵਿੱਚ ਫਸੇ ਮੂਰਖ ਪੁਰਸ਼ਾਂ ਨੂੰ ਹੀ ਮਨਮੁਖ ਆਖਿਆ ਜਾਂਦਾ ਹੈ ।

(੬) **ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ॥**
ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ॥ (੭੧੧)

ਜੋ ਮੰਦਭਾਗੇ ਮੂਰਖ ਅਗਿਆਨੀ ਪੁਰਸ਼ ਮਨੁੱਖਾ ਦੇਹੀ ਨੂੰ ਪ੍ਰਾਪਤਿ ਕਰਕੇ ਝੂਠੇ ਲਾਲਚਾਂ ਵਿਕਾਰਾਂ (ਖੋਟੇ ਕੰਮਾਂ) ਵਿਚ ਗਲਤਾਨ ਰਹਿ ਕੇ ਚੰਗਿਆਈਆਂ ਦੇ ਪੁੰਜ ਅਕਾਲ ਪੁਰਖੁ ਵਾਹਿਗੁਰੂ ਨੂੰ ਭੁਲਾ ਬੈਠਦੇ ਹਨ ਉਹ ਮਨਮੁਖ ਹਨ ।

(੭) **ਸੇ ਮਨਮੁਖ ਜੋ ਸਬਦੁ ਨ ਪਛਾਣਹਿ॥ ਗੁਰ ਕੇ ਭੈ ਕੀ ਸਾਰ ਨ ਜਾਣਹਿ॥** (੧੦੫੪)

ਜੋ ਉਪਦੇਸ਼ ਰੂਪ ਅਸਲ ਗੁਰੂ ਗੁਰਬਾਣੀ (ਜਿਸ ਤੋਂ ਨਾਮ ਗੁਰਮੰਤ੍ਰ ਦੀ ਪ੍ਰਾਪਤੀ ਹੁੰਦੀ ਹੈ) ਦੀ ਪਛਾਣ ਨਹੀਂ ਕਰਦੇ ਭਾਵ ਗੁਰਬਾਣੀ ਦੇ ਹੁਕਮਾਂ ਦੀ ਤਾਮੀਲ ਨਹੀਂ ਕਰਦੇ ਤੇ ਨਾ ਹੀ ਗੁਰੂ ਦਾ ਕੋਈ ਡਰ ਭਉ ਰਖਦੇ ਹਨ ਉਹ ਮਨਮੁਖ ਹਨ ।

(੮) **ਨਾਨਕ ਨਾਮ ਵਿਹੂਣੇ ਮਨਮੁਖੀ ਜਾਸਨਿ ਜਨਮੁ ਗਵਾਇ॥** (੬੫੦)

ਨਾਮ ਤੋਂ ਸੱਖਣੇ, ਅਮੋਲਕ ਜਨਮ ਨੂੰ ਭੰਗ ਦੇ ਭਾੜੇ ਗੁਆ ਕੇ ਜਾਣ ਵਾਲੇ ਪੁਰਸ਼ਾਂ ਨੂੰ ਦੂਜੇ ਸ਼ਬਦਾਂ ਵਿੱਚ ਮਨਮੁਖ ਕਿਹਾ ਗਿਆ ਹੈ ।

(੯) **ਗੁਰਮੁਖਿ ਜਿਨੀ ਨਾਮੁ ਨਾ ਪਾਇਆ॥ ਮਨਮੁਖਿ ਬਿਰਥਾ ਜਨਮੁ ਗਵਾਇਆ॥** (੧੦੧੬)

ਜਿਹੜੇ ਪੂਰੇ ਗੁਰੂ ਸਤਿਗੁਰੂ ਨੂੰ ਭੇਟ ਕੇ ਨਾਮ ਗੁਰਮੰਤ੍ਰ ਦੀ ਪ੍ਰਾਪਤੀ ਨਹੀਂ ਕਰਦੇ ਉਹ ਆਪਣੇ ਅਮੋਲਕ ਜਨਮ ਨੂੰ ਬਿਰਥਾ ਗਵਾਉਣ ਵਾਲੇ ਮਨਮੁਖ ਹਨ ।

ਪ੍ਰਸ਼ਨ: – ਪੂਰੇ ਗੁਰੂ ਅਥਵਾ ਸਤਿਗੁਰੂ ਨੂੰ ਭੇਟਣ ਤੋਂ ਕੀ ਭਾਵ ਹੈ? ਗੁਰਮੰਤ੍ਰ, ਗੁਰਸਬਦ ਕੀ ਪਦਾਰਥ ਹਨ?

ਉੱਤਰ: – ਪੂਰੇ ਗੁਰੂ ਅਥਵਾ ਸਤਿਗੁਰੂ ਦੇ ਪੂਰਨ ਲਕਸ਼ਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਮੌਜੂਦ ਹਨ ਜੋ ਵੱਖਰੇ ਪ੍ਰਕਰਣ ਵਿੱਚ ਵਿਸਥਾਰ ਸਹਿਤ ਲਏ ਜਾਣਗੇ, ਇੱਥੇ ਸਿਰਫ਼ ਗਿਆਤ ਲਈ ਹੇਠ ਲਿਖੀਆਂ ਦੋ ਗੁਰ ਪੰਗਤੀਆਂ ਹੀ ਦਿੱਤੀਆਂ ਜਾਂਦੀਆਂ ਹਨ: –

ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ॥

ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ॥ (੧੩੭)

ਚਾਰ ਮੋਟੀਆਂ ਨਿਸ਼ਾਨੀਆਂ ਉਕਤ ਦੋ ਪੰਗਤੀਆਂ ਵਿੱਚ ਗੁਰੂ ਬਾਰੇ ਦੱਸੀਆਂ ਗਈਆਂ ਹਨ ਪ੍ਰੰਤੂ **"ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ"** (੪੩੫) ਦੇ ਭਾਵ ਅਨੁਸਾਰ ਗੁਰੂ ਕੇਵਲ ਇੱਕ ਹੈ ਜਿਸ ਨੂੰ "ਸਤਿਗੁਰੂ" ਸ਼ਬਦ ਨਾਲ ਨਿਕੇਤਿਆ ਗਿਆ ਹੈ, ਜੋ ਉਪਰ ਕਹੇ ਅਨੁਸਾਰ ਵੱਖਰੇ ਪ੍ਰਕਰਣ ਵਿੱਚ ਵਿਆਖਿਆ ਜਾਊ। ਏਥੇ ਕੇਵਲ ਇਤਨਾ ਦੱਸਣਾ ਹੀ ਉੱਚਿਤ ਹੈ ਕਿ ਨਿਰੰਕਾਰੀ ਸਤਿਗੁਰੂ ਦਾ ਨਿਰਗੁਣ ਸਰੂਪ ਉਪਦੇਸ਼ ਰੂਪ ਗੁਰਬਾਣੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਪ੍ਰਾਨੀ ਮਾਤਰ ਲਈ ਸਦਾ ਵਾਸਤੇ ਉਧਾਰ ਕਰਨ ਨੂੰ ਸਮਰੱਥ ਹੈ। ਦੂਸਰਾ ਸਤਿਗੁਰੂ ਦਾ ਪ੍ਰਤੱਖ ਪ੍ਰਗਟ ਸਰਗੁਣ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਪੰਜ ਪਿਆਰੇ (ਤਿਆਰ-ਬਰ-ਤਿਆਰ) ਹਨ ਜੋ ਨਾਮ ਗੁਰਮੰਤ੍ਰ ਦੇ ਕੇ ਪ੍ਰਾਣੀ ਨੂੰ ਸਗੁਰਾ ਕਰਨ ਦੀ ਸਮਰੱਥਾ ਰੱਖਦੇ ਹਨ। ਸੋ ਸਤਿਗੁਰੂ ਨੂੰ ਭੇਟਣ ਦਾ ਭਾਵ ਮੋਟੇ ਸ਼ਬਦਾਂ ਵਿੱਚ ਪੂਰਨ ਗੁਰ ਮਰਯਾਦਾ ਅਨੁਸਾਰ ਗੁਰਮੰਤ੍ਰ ਦੀ ਪ੍ਰਾਪਤੀ ਕਰਨ ਤੋਂ ਹੈ। ਜਾਂ ਦੂਜੇ ਸ਼ਬਦਾਂ ਵਿੱਚ ਇਸ ਦੀ ਵਿਆਖਿਆ "ਅੰਮ੍ਰਿਤ ਛਕਣ" ਸ਼ਬਦ ਵਰਤ ਕੇ ਕੀਤੀ ਜਾ ਸਕਦੀ ਹੈ। ਬਾਕੀ ਰਿਹਾ "ਗੁਰ ਸ਼ਬਦ" ਇਸ ਦੀ ਵਿਆਖਿਆ ਵੀ ਵੱਖਰੇ ਪ੍ਰਕਰਣ ਵਿੱਚ ਹੀ ਕੀਤੀ ਜਾਣੀ ਠੀਕ ਹੋਵੇਗੀ ਨਹੀਂ ਤਾਂ ਆਪਾਂ ਆਪਣੇ ਅਸਲ ਪ੍ਰਕਰਣ ਤੋਂ ਲਾਂਭੇ ਚਲੇ ਜਾਵਾਂਗੇ।

ਪ੍ਰਸ਼ਨ: - ਗੁਰੂ ਸਾਹਿਬ ਨੇ ਮਨਮੁਖਾਂ ਨੂੰ ਕਿਸ ਪ੍ਰਕਾਰ ਦੇ ਸ਼ਬਦਾਂ ਨਾਲ ਧਿਰਕਾਰਿਆ ਹੈ?

ਉੱਤਰ: - ਗੁਰਬਾਣੀ ਅੰਦਰ ਮਨਮੁਖਾਂ ਸਾਕਤਾਂ ਲਈ ਅਤੀ ਘ੍ਰਿਣਤ ਸ਼ਬਦ ਵਰਤੇ ਗਏ ਹਨ । ਨਮੂਨੇ ਵਜੋਂ ਕੁਝ ਕੁ ਸ਼ਬਦ ਹੇਠਾਂ ਦਰਜ ਹਨ: -

੧. ਮੁਗਧ: - ਮਨਮੁਖ ਮੁਗਧ ਕਰਹਿ ਚਤੁਰਾਈ॥ ਨਾਤਾ ਧੋਤਾ ਥਾਇ ਨ ਪਾਈ॥ (੧੧੪)

ਮਨਮੁਖ ਆਪਣੇ ਜਾਣੇ ਬਹੁਤੀਆਂ ਚਤੁਰਾਈਆਂ ਦੇ ਆਸਰੇ ਆਪਣੇ ਆਪ ਨੂੰ ਅਤੀ ਸਿਆਣਾ ਜਾਣਦਾ ਹੈ ਪ੍ਰੰਤੂ ਅਸਲ ਵਿੱਚ ਇਹ ਗੱਲ ਉਸ ਦੇ ਮੂਰਖ ਮੁਗਧ ਹੋਣ ਦੀ ਨਿਸ਼ਾਨੀ ਹੈ । ਉਸ ਦਾ ਨ੍ਹਾਉਣਾ ਧੋਣਾ, ਸੁੱਚ ਸੰਜਮ, ਕਰਮ, ਧਰਮ, ਪੂਜਾ ਪਾਠ ਸਭ ਨਿਸਫ਼ਲ ਜਾਂਦੇ ਹਨ ।

੨. ਮੂੜ: - ਬਿਨੁ ਨਾਵੈ ਸਭ ਦੂਖ ਨਿਵਾਸੁ॥ ਮਨਮੁਖ ਮੂੜ ਮਾਇਆ ਚਿਤ ਵਾਸੁ॥ (੨੨੨)

ਨਾਮ ਤੋਂ ਬਿਨਾਂ ਪੁਰਸ਼ ਦਾ ਸਾਰਾ ਜੀਵਨ ਹੀ ਦੁੱਖਾਂ ਦੀ ਖਾਣ ਹੈ । ਜੋ ਨਾਮ ਨੂੰ ਭੁਲਾ ਕੇ ਕੇਵਲ ਮਾਇਆ ਵਿੱਚ ਹੀ ਲੱਥ-ਪੱਥ ਹੋਏ ਹਨ ਉਹ ਸਚੁਮੱਚ ਹੀ ਮੂੜ (ਕਮਲੇ) ਹਨ ।

ਯਥਾ ਗੁਰਵਾਕ: -

- ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ॥ (੬੪੩)

੩. ਗਵਾਰ: - ਇਸੁ ਜੁਗ ਮਹਿ ਨਿਰਭਉ ਹਰਿ ਨਾਮੁ ਹੈ ਪਾਈਐ ਗੁਰ ਵੀਚਾਰਿ॥
ਬਿਨੁ ਨਾਵੈ ਜਮ ਕੈ ਵਸਿ ਹੈ ਮਨਮੁਖਿ ਅੰਧ ਗਵਾਰਿ॥ (੩੬੫)

ਸਾਰੇ ਜੀਆਂ ਨੂੰ ਕਾਲ ਦਾ ਡਰ ਵੱਢ-ਵੱਢ ਕੇ ਖਾ ਰਿਹਾ ਹੈ। ਸਵਾਏ ਗੁਰੂ ਤੋਂ ਕੋਈ ਭੀ ਇਸ ਡਰ ਨੂੰ ਦੂਰ ਨਹੀਂ ਕਰ ਸਕਿਆ। **"ਨਿਰਭਉ ਜਪੈ ਸਗਲ ਭਉ ਮਿਟੈ॥"** (੨੯੩) ਦੀ ਜੁਗਤੀ ਪੂਰੇ ਸਤਿਗੁਰੂ ਬਿਨਾਂ ਕੌਣ ਦੱਸੇ? ਨਾਮ ਦੀ ਕਣੀ ਤਾਂ ਪੂਰੇ ਗੁਰੂ ਪਾਸੋਂ ਹੀ ਪ੍ਰਾਪਤਿ ਹੋ ਸਕਣੀ ਹੋਈ, ਇਹੀ ਗੁਰਮਤਿ ਦੀ ਸੱਚੀ ਸੁੱਚੀ ਵੀਚਾਰ ਹੈ ਜੋ ਮਨਮੁਖ ਸਾਕਤ ਨੂੰ ਫੁਰਦੀ ਨਹੀਂ ਇਸ ਲਈ ਗਵਾਰ (ਕਮਲਾ) ਮਨਮੁਖ ਅਵੱਸ਼ ਹੀ ਜਮਾਂ ਦਾ ਖਾਜਾ ਬਣ ਕੇ ਰਹੇਗਾ।

੪. ਮੂਰਖ: – ਕਾਚਾ ਧਨੁ ਸੰਚਹਿ ਮੂਰਖ ਗਾਵਾਰ॥ ਮਨਮੁਖ ਭੂਲੇ ਅੰਧ ਗਾਵਾਰ॥ (੬੬੫)

ਨਾਮ ਧਨੁ ਤੋਂ ਬਿਨਾਂ ਬਾਕੀ ਸਾਰੀ ਸਮੱਗਰੀ ਹੀ ਕੱਚਾ ਧਨ ਹੈ ਜੋ ਬਿਹੁ ਦੀ ਨਿਆਈਂ ਹੈ । ਇਸ ਨੂੰ ਧਨੁ ਕਹਿਣਾ ਹੀ ਅਸਲੀ ''ਨਾਮ ਧਨੁ'' ਸ਼ਬਦ ਦੀ ਤੌਹੀਨ ਕਰਨਾ ਹੈ । ਸੱਚਾ ਧਨੁ ਗੁਰੂ ਸਤਿਗੁਰੂ ਪਾਸੋਂ ਪ੍ਰਾਪਤ ਹੁੰਦਾ ਹੈ ਜਿਸ ਨੂੰ ਸਿਧ ਸਾਧਿਕ ਆਦਿ ਤਰਸਦੇ ਚਲੇ ਗਏ । ਇਸ ਅਸਲੀ ਧਨ ਦੇ ਪਾਉਣ ਕਰਕੇ ਜਨਮ ਮਰਨ ਤੋਂ ਰਹਿਤ ਹੋ ਜਾਈਦਾ ਹੈ । ਕੱਚਾ ਧਨ ਸੰਚਣਹਾਰੇ ਸਦਾ ਆਉਂਦੇ ਜਾਂਦੇ ਜੰਮਦੇ ਮਰਦੇ ਰਹਿੰਦੇ ਹਨ । ਇਸੇ ਲਈ ਐਸੇ ਮਨਮੁਖਾਂ ਲਈ ''ਮੂਰਖ'' ਸ਼ਬਦ ਵਰਤਿਆ ਗਿਆ ਹੈ ।

੫. ਅੰਧੇ: – ਮਨਮੁਖ ਅੰਧੇ ਕਿਛੂ ਨ ਸੂਝੈ॥ ਮਰਣੁ ਲਿਖਾਇ ਆਏ ਨਹੀ ਬੂਝੈ॥ (੧੧੪)

ਜਿਨ੍ਹਾਂ ਮਨਮੁਖਾਂ ਨੇ ਅਮੋਲਕ ਮਨੁਖਾ ਜਨਮ ਨੂੰ ਪਾ ਕੇ ਸੱਚ ਝੂਠ ਤੇ ਜੰਮਣ ਮਰਨ ਦੀ ਪਛਾਣ ਨਹੀਂ ਕੀਤੀ, ਜਿਨ੍ਹਾਂ ਨੂੰ ਇਹ ਵੀ ਪਤਾ ਨਹੀਂ **''ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ''** (੧੩੭੭) ਦੇ ਭਾਵ ਅਨੁਸਾਰ ਜਿਸ ਦਿਨ ਇਸ ਜੀਵ ਰੂਪੀ ਇਸਤਰੀ ਨੇ ਮੌਤ ਰੂਪੀ ਲਾੜੇ ਨਾਲ ਵਿਆਹਿਆ ਜਾਣਾ ਹੈ, ਉਹ ਦਿਨ ਪਹਿਲਾਂ ਹੀ ਲਿਖਿਆ (ਨੀਯਤ) ਕੀਤਾ ਗਿਆ ਹੈ । ਉਹ ਅੰਧੇ ਨਹੀਂ ਤਾਂ ਹੋਰ ਕੀ ਹਨ? ਕਿਉਂ ਜੋ ਅੰਨ੍ਹਿਆਂ ਵਾਲੇ ਲੱਛਣ ਉਨ੍ਹਾਂ ਤੇ ਐਨ ਠੀਕ ਘਟਦੇ ਹਨ ।

ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥ ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥ (੯੫੪)

੬. ਬੋਲੇ: – ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ॥
ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ॥ (੧੪੧੫)

ਮਨਮੁਖ ਕੇਵਲ ਅੰਧੇ ਹੀ ਨਹੀਂ ਸਗੋਂ ਉਹ ਬੋਲੇ ਭੀ ਹਨ ਕਿਉਂ ਜੋ ਉਨ੍ਹਾਂ ਦੇ ਅੰਦਰਿ ਤ੍ਰਿਸ਼ਨਾ ਰੂਪੀ ਅੱਗ ਦੇ ਭਾਂਬੜ ਬਣ ਰਹੇ ਹਨ । ਉਨ੍ਹਾਂ ਨੂੰ ਇਹ ਗਿਆਨ ਨਹੀਂ ਕਿ ਉਹ ਇਸ ਅੱਗ ਅੰਦਰ ਜਲ ਕੇ ਸੁਆਹ ਹੋ ਜਾਣਗੇ । ਉਹ ਰਾਜ ਮਾਲ ਦੇ ਰੌਲੇ ਗੌਲੇ ਵਿੱਚ ਸ਼ਬਦ ਨਹੀ ਸੁਣਦੇ । ਕੰਨਾਂ ਕਰਕੇ ਸੁਣਦੇ ਤਾਂ ਹਨ ਪ੍ਰੰਤੂ ਬੁਝਦੇ ਨਹੀ, ਮੰਨਦੇ ਨਹੀ, ਗੁਰ ਉਪਦੇਸ਼ ਤੇ ਸ਼ਰਧਾ ਭਾਵਨਾ ਨਹੀ ਲਿਆਉਂਦੇ ਤਾਂ ਹੀ ਐਸੇ ਮਨਮੁਖਾਂ ਪ੍ਰਥਾਇ ਹੇਠ ਲਿਖੇ ਗੁਰ ਬਚਨ ਕਹੇ ਗਏ ਹਨ: –

– ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ॥
ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ ਜੰਮਹਿ ਵਾਰੋ ਵਾਰਾ॥ (੬੦੧)

– ਮਾਇਆਧਾਰੀ ਅਤਿ ਅੰਨਾ ਬੋਲਾ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ॥ (੩੧੩)

੭. ਸੁੱਤੇ: – ਮਨਮੁਖ ਹਉਮੈ ਮਾਇਆ ਸੂਤੇ॥ ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ॥ (੧੦੪੯)

ਮਨਮੁਖਾਂ ਸਾਕਤਾਂ ਨੂੰ ਜਾਗਦੇ ਕਹਿਣਾ ਭੀ ਨਹੀਂ ਬਣਦਾ । ਕਿਉਂ ਜੋ ਜਾਗਦਾ ਪ੍ਰਾਣੀ ਆਪਣਾ ਘਰ ਚੋਰਾਂ ਨੂੰ ਨਹੀਂ ਲੁਟਾ ਸਕਦਾ । ਮਨਮੁਖਾਂ ਦੇ ਹਿਰਦਿਆਂ ਵਿੱਚੋਂ ਨਾਮ ਰੂਪੀ ਅੰਮ੍ਰਿਤ ਨੂੰ ਪੰਜਾਂ ਚੋਰਾਂ ਵੱਲੋਂ ਦਿਨ ਦਿਹਾੜੇ ਲੁੱਟਿਆ ਜਾ ਰਿਹਾ ਹੈ। ਉਹ ਸਗੋਂ ਹਉਮੈ ਮਾਇਆ ਦੀ ਨੀਂਦ ਅੰਦਰ ਘੂਕ ਸੁੱਤੇ ਪਏ ਹਨ। ਤਾਹੀਂ ਤੇ ਭਗਤ ਕਬੀਰ ਜੀ ਫੁਰਮਾਉਂਦੇ ਹਨ:–

–ਮਨ ਰੇ ਸੰਸਾਰੁ ਅੰਧ ਗਹੇਰਾ॥ ਚਹੁ ਦਿਸ ਪਸਰਿਓ ਹੈ ਜਮ ਜੇਵਰਾ॥ (੬੫੪)

ਇਸ ਭਾਵ ਨੂੰ ਹੇਠ ਲਿਖੀਆਂ ਗੁਰ ਪੰਗਤੀਆਂ ਹੋਰ ਸਪੱਸ਼ਟਾਉਂਦੀਆਂ ਹਨ: –

– ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥

ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ॥ (੬੦੦)

– ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਈਆ॥
ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ॥ (੮੩੩)

ਸੋ ਇਹ ਸਿੱਧ ਹੋਇਆ ਕਿ ਮਨਮੁਖ ਜਾਗਦੇ ਵੀ ਸੁੱਤੇ ਪਏ ਹਨ ।

੮. ਆਲਸੀ: –ਮਨਮੁਖ ਕਉ ਆਲਸੁ ਘਣੋ ਫਾਥੇ ਓਜਾੜੀ॥ ਫਾਥਾ ਚੁਗੈ ਨਿਤ ਚੋਗੜੀ ਲਗਿ ਬੰਧੁ ਵਿਗਾੜੀ॥ (੧੦੧੧)

ਮਨਮੁਖਾਂ ਦੀ ਗਤੀ ਤਾਂ ਜੰਗਲ ਦੇ ਪੰਛੀ ਦੀ ਨਿਆਈਂ ਹੈ । ਉਸ ਨੂੰ ਆਪਣੀ ਫਾਹੀ ਦਾ ਗਿਆਨ ਨਹੀਂ ਸਗੋਂ ਬੇਫ਼ਿਕਰ ਹੋ ਕੇ ਵਿਸ਼ੇ ਵਿਕਾਰਾਂ ਰੂਪੀ ਚੋਗਾ ਚੁਗ ਰਿਹਾ ਹੈ । ਮਾਇਕ ਪਦਾਰਥ ਇਕੱਤ੍ਰ ਕਰਨ ਲਈ ਹਰ ਸਮੇਂ ਚੌਕੰਨਾ ਹੈ ਪ੍ਰੰਤੂ ਭਲੇ ਪਾਸੇ ਜਾਣ ਲਈ ਉਸਨੂੰ ਆਲਸ ਆ ਘੇਰਦਾ ਹੈ । ਅੰਮ੍ਰਿਤ ਉਸ ਨੂੰ ਕੌੜਾ ਲੱਗਦਾ ਹੈ ਬਿਹੁ ਮਿੱਠੀ । ਜੈਸੇ ਗੁਰੂ ਫ਼ੁਰਮਾਨ ਹੈ: –

ਅੰਮ੍ਰਿਤੁ ਕਉਰਾ ਬਿਖਿਆ ਮੀਠੀ॥ ਸਾਕਤ ਕੀ ਬਿਧਿ ਨੈਨਹੁ ਡੀਠੀ॥
ਕੂੜਿ ਕਪਟਿ ਅਹੰਕਾਰਿ ਰੀਝਾਨਾ॥ ਨਾਮੁ ਸੁਨਤ ਜਨੁ ਬਿਛੂਅ ਡਸਾਨਾ॥ (੮੯੨)

੯. ਬਉਰਾਨੇ: – ਮਨਮੁਖਿ ਮੋਹਿ ਭਰਮਿ ਭੋਲਾਣੀ॥ ਬਿਨੁ ਨਾਵੈ ਸਭ ਫਿਰੈ ਬਉਰਾਣੀ॥ (੪੨੪)

ਮਨਮੁਖ ਕਿਸ ਦਾ ਵਿਚਾਰਾ ਹੈ । ਉਸ ਨੂੰ ਤਾਂ ਭਰਮ ਮੋਹ ਨੇ ਭੁਲਾਣਾ ਹੀ ਸੀ । ਨਾਮ ਬਿਨਾਂ ਤਾਂ ਸਾਰਾ ਜਹਾਨ ਹੀ ਕਮਲਾ ਤੇ ਬਉਰਾ ਹੋਇਆ ਫਿਰਦਾ ਹੈ । ਜੈਸੇ ਗੁਰੂ ਫੁਰਮਾਨ ਹੈ: –

ਵਿਣੁ ਨਾਵੈ ਸਭੁ ਜਗੁ ਬਉਰਾਇਆ ਨਾਮ ਮਿਲੈ ਸੁਖੁ ਪਾਈਐ॥ (੩੮੨)

੧੦. ਕਮਲੇ: – ਮਨਮੁਖਿ ਕਮਲਾ ਰਗੜੈ ਲੁਝੈ॥ ਗੁਰਮੁਖਿ ਹੋਇ ਤਿਸੁ ਸਭ ਕਿਛੁ ਸੁਝੈ॥ (੧੪੧੮)

ਮਨਮੁਖ ਸਚਮੁੱਚ ਹੀ ਕਮਲਾ ਹੈ ਕਿਉਂ ਜੋ ਸਾਰੀ ਦਿਹਾੜੀ ਕਮਲਿਆਂ ਵਾਲੇ ਕੰਮ ਜੋ ਕਰਦਾ ਹੈ । ਮਾਇਕ ਰਗੜਿਆਂ ਝਗੜਿਆਂ ਵਿੱਚ ਆਪਣੇ ਅਮੋਲਕ ਦੁਰਲੱਭ ਜਨਮ ਨੂੰ ਅਜਾਈਂ ਗਵਾਉਣਾ ਕੀ ਸਿਆਣਿਆਂ ਦਾ ਕੰਮ ਹੋ ਸਕਦਾ ਹੈ? ਹਰਗਿਜ਼ ਨਹੀਂ, ਇਹ ਕੰਮ ਤਾਂ ਕਮਲਿਆਂ ਦਾ ਹੈ । ਜੇ ਕਿਤੇ ਉਹ ਗੁਰੂ ਦੀ ਸ਼ਰਨ ਪੈ ਕੇ ਸਗੁਰਾ ਹੋ ਜਾਵੇ ਤਾਂ ਉਸ ਨੂੰ ਅਸਲ ਸੋਝੀ ਹੋ ਜਾਵੇ ਤੇ ਉਹ ਆਪ ਹੀ ਮੰਨ ਜਾਵੇ ਕਿ ਉਹ ਸੱਚਮੁੱਚ ਹੀ ਕਮਲਾ ਸੀ ।

੧੧. ਅਗਿਆਨੀ: – ਮਨਮੁਖ ਅਗਿਆਨੀ ਮਹਾ ਦੁਖੁ ਪਾਇਦੇ ਡੁਬੇ ਹਰਿ ਨਾਮੁ ਵਿਸਾਰਿ॥
ਭਲਕੇ ਉਠਿ ਬਹੁ ਕਰਮ ਕਮਾਵਹਿ ਦੂਜੈ ਭਾਇ ਪਿਆਰੁ॥ (੮੯)

ਮਨਮੁਖ ਨਿਤਾਪ੍ਰਤੀ ਉੱਠਣ ਸਾਰ ਹੀ ਐਸੇ ਕੰਮਾਂ ਨੂੰ ਚਿੰਬੜ ਜਾਂਦੇ ਹਨ ਜੋ ਰੱਬ ਤੋਂ ਦੁਰੇਡੇ ਲੈ ਜਾਣ ਵਾਲੇ ਹਨ। ਜਿਉਂ-ਜਿਉਂ ਉਹ ਐਸੇ ਕੰਮਾਂ ਵਿੱਚ ਵਾਧਾ ਕਰਦੇ ਹਨ ਤਿਉਂ-ਤਿਉਂ ਉਨ੍ਹਾਂ ਦੇ ਦੁੱਖਾਂ ਵਿੱਚ ਵੀ ਵਾਧਾ ਹੋਈ ਜਾਂਦਾ ਹੈ। ਮਾਨੋ ਉਹ ਜਾਣ ਬੁੱਝ ਕੇ ਦੁੱਖਾਂ ਰੂਪੀ ਸਮੁੰਦਰ ਵਿੱਚ ਡੁੱਬਣ ਦੇ ਬਾਨਣੂ ਬੰਨ੍ਹ ਰਹੇ ਹਨ। ਉਨ੍ਹਾਂ ਦੀ ਐਸੀ ਗਤੀ ਨਾਮ ਵਿਸਾਰਨ ਦੇ ਕਾਰਨ ਹੋਈ ਹੈ। ਇਸੇ ਲਈ ਉਨ੍ਹਾਂ ਨੂੰ ਅਸਲ ਅਗਿਆਨੀ ਗਰਦਾਨਿਆ ਗਿਆ ਹੈ। ਜੈਸੇ ਗੁਰ ਫੁਰਮਾਨ ਹੈ:–

ਨਾਮ ਬਿਨਾ ਕਿਆ ਗਿਆਨ ਧਿਆਨੁ॥ (੯੦੫)

੧੨. ਬੇਸੋਝੇ: – ਮਨਮੁਖ ਅੰਧੁਲੇ ਸੋਝੀ ਨਾਹੀ॥ ਆਵਹਿ ਜਾਹਿ ਮਰਹਿ ਮਰਿ ਜਾਹੀ॥ (੧੦੨੯)

ਅੰਨ੍ਹਿਆਂ ਮਨਮੁਖਾਂ ਨੂੰ ਮਨੁੱਖਾ ਜਨਮ ਦੇ ਅਸਲੀ ਮਨੋਰਥ ਦਾ ਹੀ ਪਤਾ ਨਹੀਂ । ਤਾਂਤੇ ਉਹ ਚੁਰਾਸੀ ਦੇ ਗੇੜੇ ਵਿੱਚੋਂ ਨਿਕਲਣ ਦੀ ਬਜਾਏ ਸਗੋਂ ਇਸ ਨੂੰ ਹੋਰ ਪੱਕਿਆਂ ਕਰ ਰਹੇ ਹਨ । ਉਨ੍ਹਾਂ ਬੇਸੋਝਿਆਂ ਨੂੰ ਸੋਝੀ ਤਾਂ ਆਵੇ ਜੇ ਉਹ ਸਗੁਰੇ ਹੋ ਕੇ ਮਨੁੱਖਾ ਜਨਮ ਦੇ ਮਨੋਰਥ ਨੂੰ ਗੁਰੂ ਪਾਸੋਂ ਸਮਝਣ ਦਾ ਯਤਨ ਕਰਨ ।

– ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ (੧੨)

– ਆਇਓ ਸੁਨਨ ਪੜਨ ਕਉ ਬਾਣੀ॥ ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ॥ (੧੨੧੯)

– ਪ੍ਰਾਣੀ ਤੂੰ ਆਇਆ ਲਾਹਾ ਲੈਣਿ॥ ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥ (੪੩)

੧੩. ਬੇਸੁਧੇ: – ਮਨਮੁਖ ਹਰਿ ਨਾਮੁ ਨ ਸੇਵਿਆ ਦੁਖੁ ਲਗਾ ਬਹੁਤਾ ਆਇ॥
ਅੰਤਰਿ ਅਗਿਆਨੁ ਅੰਧੇਰੁ ਹੈ ਸੁਧਿ ਨ ਕਾਈ ਪਾਇ॥ (੬੪੭)

ਨਾਮ ਨੂੰ ਵਿਸਾਰਨਾ ਸਾਰੇ ਦੁੱਖਾਂ ਦਾ ਮੂਲ ਕਾਰਨ ਹੈ । ਇਹ ਗੁਰਮਤਿ ਦਾ ਤੱਤ ਨਿਚੋੜ ਹੈ । ਨਾਮ ਦੀ ਪ੍ਰਾਪਤੀ ਪੂਰੇ ਗੁਰੂ ਤੋਂ ਹੁੰਦੀ ਹੈ ਬਿਨਾਂ ਗੁਰੂ ਤੋਂ ਮਨਮੁਖ ਦੇ ਅੰਦਰਲਾ ਅਗਿਆਨ ਅੰਧੇਰਾ ਕਦਾਚਿਤ ਦੂਰ ਨਹੀਂ ਹੋ ਸਕਦਾ । ਜੈਸੇ ਗੁਰ ਫੁਰਮਾਨ ਹੈ: –

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨਾ ਆਵੈ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥ (੧੩੯੯)

੧੪. ਅਹੰਕਾਰੀ: – ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ॥ ਅੰਤਰਿ ਕ੍ਰੋਧੁ ਜੂਐ ਮਤਿ ਹਾਰੀ॥ (੩੧੪)

ਮਨਮੁਖਾਂ ਅਗਿਆਨੀਆਂ ਨੂੰ ਅਸਲ ਮਤਿ ਬੁਧਿ ਨਹੀਂ ਹੋ ਸਕਦੀ । ਉਹ ਤਾਂ ਹੰਕਾਰ ਵਿੱਚ ਮੱਤੇ ਹੋਏ ਖੋਟੀ ਮਤਿ ਨੂੰ ਹੀ ਅਸਲੀ ਮਤਿ ਸਮਝੀ ਬੈਠੇ ਹਨ । ਇਸੇ ਕਾਰਨ ਹੀ ਹੀਰੇ ਜਨਮ ਨੂੰ ਜੂਏ ਵਿੱਚ ਹਾਰ ਕੇ ਚੱਲਦੇ ਬਣਨਗੇ । ਪੂਰੇ ਗੁਰੂ ਦੀ ਸਰਨਿ ਆਉਣ ਤਾਂ ਅਸਲ ਮਤਿ ਬੁਧਿ ਸਿਆਣਪ ਦੀ ਡੈਫ਼ੀਨੀਸ਼ਨ ਦੀ ਸੋਝੀ ਹੋਵੇ । ਯਥਾ ਗੁਰਵਾਕ: –

– ਸਾਈ ਮਤਿ ਸਾਈ ਬੁਧਿ ਸਿਆਨਪ ਜਿਤੁ ਨਿਮਖ ਨ ਪ੍ਰਭੁ ਬਿਸਰਾਵੈ॥ (੯੭੮)

– ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ॥ ਸਾ ਮਤਿ ਦੀਜੈ ਜਿਤੁ ਤੁਧੁ ਧਿਆਈ॥ (੧੦੦)

ਇਹ ਸੁਮਤਿ ਕੇਵਲ ਗੁਰੂ ਪਾਸੋਂ ਹੀ ਪ੍ਰਾਪਤਿ ਹੋ ਸਕਦੀ ਹੈ, ਹੋਰ ਕਿਤੋਂ ਹਰਗਿਜ਼-ਹਰਗਿਜ਼ ਨਹੀਂ ਮਿਲ ਸਕਦੀ । ਯਥਾ ਗੁਰਵਾਕ: –

– ਗੁਰਿ ਮਿਲਿਐ ਸਭ ਮਤਿ ਬੁਧਿ ਹੋਇ॥ ਮਨਿ ਨਿਰਮਲਿ ਵਸੈ ਸਚੁ ਸੋਇ॥ (੧੫੭)

– ਪਾਰਬ੍ਰਹਮੁ ਪਰਮੇਸੁਰੁ ਧਿਆਈਐ॥ ਗੁਰ ਪੂਰੇ ਤੇ ਇਹ ਮਤਿ ਪਾਈਐ॥ (੧੮੪)

– ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਈ॥ ਸਤਿਗੁਰ ਮਿਲਿਐ ਮਤਿ ਊਪਜੈ ਤਾ ਇਹ ਸੋਝੀ ਪਾਇ॥ (੪੯੧)

– ਸਭਿ ਜੁਗ ਤੇਰੇ ਕੀਤੇ ਹੋਏ॥ ਸਤਿਗੁਰੁ ਭੇਟੈ ਮਤਿ ਬੁਧਿ ਹੋਏ॥ (੧੧੭੬)

ਜਿਸ ਨੂੰ ਆਮ ਲੁਕਾਈ ਮਤਿ ਮੰਨੀ ਬੈਠੀ ਹੈ ਉਸ ਨੂੰ ਤਾਂ ਗੁਰਬਾਣੀ ਅੰਦਰ ਦੁਰਮਤਿ, ਅਲੂਣੀ ਮਤਿ, ਮਨਮਤਿ, ਮਲੀਣ ਮਤਿ, ਅਸੁੱਧਿ ਮਤਿ, ਅਗਿਆਨ ਮਤਿ, ਦੁਸਟਿ ਮਤਿ, ਬਿਗਾਨੀ ਮਤਿ, ਦੁਤੀਆ ਮਤਿ, ਫਿਕੀ ਮਤਿ, ਹੋਛੀ ਮਤਿ, ਕਾਚੀ ਮਤਿ, ਭਵੀ ਹੋਈ ਮਤਿ ਅਥਵਾ ਖੋਟੀ ਮਤਿ ਆਦਿ ਨਾਮ ਦੇ ਕੇ ਵਿਸਾਰਨ ਲਈ ਤਾਕੀਦ ਕੀਤੀ ਗਈ ਹੈ । ਯਥਾ ਗੁਰਵਾਕ: –

– ਮਨ ਮੇਰੇ ਕਰਤੇ ਨੋ ਸਾਲਾਹਿ॥ ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ॥ (੪੩)

– ਮੇਰੇ ਮਨ ਸਤਗੁਰ ਕੀ ਸੇਵਾ ਲਾਗੁ॥ ਜੋ ਦੀਸੈ ਸੋ ਵਿਣਸਣਾ ਮਨ ਕੀ ਮਤਿ ਤਿਆਗੁ॥ (੫੦)

–ਯਯਾ ਜਾਰਉ ਦੁਰਮਤਿ ਦੋਊ॥ ਤਿਸਹਿ ਤਿਆਗਿ ਸੁਖ ਸਹਜੇ ਸੋਊ॥ (੨੫੩)

– ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ॥ (੨੯੬)

– ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ॥ (੮੦੦)

੧੫. ਅਹੰਮਤੇ: – ਮਨਮੁਖ ਅੰਦਰੁ ਨ ਭਾਲਨੀ ਮੁਠੇ ਅਹੰਮਤੇ॥ ਚਾਰੇ ਕੁੰਡਾਂ ਭਵਿ ਥਕੇ ਅੰਦਰਿ ਤਿਖ ਤਤੇ॥ (੧੦੯੩)

ਮਨਮੁਖ ਅਗਿਆਨੀ ਆਪਣੇ ਅੰਦਰ ਦੀ ਭਾਲ ਨਹੀਂ ਕਰ ਸਕਦੇ । ਉਨ੍ਹਾਂ ਦੇ ਘਰਾਂ ਨੂੰ ਪੰਜ ਚੋਰ ਸੰਨ੍ਹ ਮਾਰ ਕੇ ਲੁੱਟੀ ਜਾ ਰਹੇ ਹਨ । ਨਾ ਉਨ੍ਹਾਂ ਨੂੰ ਚੋਰਾਂ ਦਾ ਥਹੁ ਪਤਾ ਹੈ, ਨਾ ਉਨ੍ਹਾਂ ਦੇ ਕੱਢਣ ਦੀ ਸੂਝ-ਬੂਝ । ਉਹ ਪਏ ਚਾਰੋਂ ਪਾਸੀਂ ਘੁੰਮਦੇ ਫਿਰਨ । ਐਸਾ ਕਰਨ ਨਾਲ ਤਾਂ ਸਗੋਂ ਉਨ੍ਹਾਂ ਦੀ ਤ੍ਰਿਸਨਾ ਰੂਪੀ ਅੱਗ ਵਿੱਚ ਹੋਰ ਵਾਧਾ ਹੋਈ ਜਾਂਦਾ ਹੈ ।

੧੬. ਅਭਿਮਾਨੀ: – ਮਨਮੁਖੁ ਬਹੁਤੁ ਕਰੇ ਅਭਿਮਾਨੁ॥ ਦਰਗਹ ਕਬ ਹੀ ਨ ਪਾਵੈ ਮਾਨੁ॥ (੧੦੬੬)

ਮਨਮੁਖ ਆਪ ਹੁਦਰਾ ਆਪਣੇ ਅਭਿਮਾਨ ਹੰਕਾਰ ਨੂੰ ਲਿੱਸਾ ਕਰਨ ਦੀ ਬਜਾਏ ਸਗੋਂ ਉਸ ਨੂੰ ਹੋਰ ਪੱਠੇ ਪਾ ਕੇ ਤਕੜਾ ਕਰਨ ਵਿੱਚ ਹੀ ਫ਼ਖ਼ਰ ਸਮਝ ਰਿਹਾ ਹੁੰਦਾ ਹੈ । ਐਸੀ ਖੋਟੀ ਮੱਤੜੀ ਦੇ ਕਾਰਨ ਉਸ ਨੂੰ ਮਾਨ ਕਦਾਚਿੱਤ ਨਹੀਂ ਮਿਲ ਸਕਦਾ ।

੧੭. ਕੱਚੇ: – ਸਤਿਗੁਰੁ ਸੇਵਹਿ ਸੇ ਜਨ ਸਾਚੇ॥ ਮਨਮੁਖ ਸੇਵਿ ਨ ਜਾਣਨਿ ਕਾਚੇ॥ (੧੦੪੬)

ਸਤਿਗੁਰੂ ਪਾਸੋਂ ਨਾਮ ਪ੍ਰਾਪਤਿ ਕਰਕੇ ਜਿਹੜੇ ਵਡਭਾਗੇ ਪੁਰਸ਼ ਨਾਮ ਅਭਿਆਸ ਕਮਾਈਆਂ ਕਰਨ ਵਿੱਚ ਜੁੱਟ ਗਏ ਹਨ, ਅਸਲੀ ਅਰਥਾਂ ਵਿੱਚ ਉਹੀ ਸੱਚੇ ਕਹਾਉਣ ਦੇ ਹੱਕਦਾਰ ਹਨ । **"ਨਾਮ ਬਿਨਾ ਸਭਿ ਕੂੜ ਗਾਲ੍ਹੀ ਹੋਛੀਆ॥"** (੭੬੧) ਦੇ ਗੁਰਵਾਕ ਅਨੁਸਾਰ ਬਾਕੀ ਸਾਰਾ ਜਹਾਨ ਝੂਠਾ ਹੀ ਗਰਦਾਨਿਆ ਗਿਆ ਹੈ। ਮਨਮੁਖਾਂ ਕੱਚਿਆਂ ਨੂੰ ਕੀ ਸੋਝੀ ਹੈ ਕਿ ਸਤਿਗੁਰੂ ਵਾਹਿਗੁਰੂ ਦੀ ਕਿਵੇਂ ਸੇਵਾ ਟਹਿਲ ਕਮਾਈਦੀ ਹੈ। ਉਹ ਤਾਂ ਤਾਹੀਉਂ ਜਾਣਨਿ ਜੇ ਗੁਰੂ ਦੀ ਸਰਨਿ ਪੈ ਕੇ ਗੁਰਮਤਿ ਗਿਆਨ ਪ੍ਰਾਪਤਿ ਕਰਨ। ਯਥਾ ਗੁਰਵਾਕ:–

– ਹਰਿ ਕੀ ਸੇਵਾ ਚਾਕਰੀ ਸਚੈ ਸਬਦਿ ਪਿਆਰਿ॥ (੫੧੨)

– ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ॥ (੩੦੦)

੧੮. ਮੈਲੇ: – ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ॥
ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ॥ (੨੯)

ਹਉਮੈ ਤ੍ਰਿਸ਼ਨਾ ਵਿਕਾਰਾਂ ਦੀ ਮੈਲ ਵਿੱਚ ਲੱਦਿਆਂ ਹੋਇਆਂ ਮਨਮੁਖਾਂ ਨੂੰ ਕਿਵੇਂ ਉਹ ਸਦਾ ਚੁਰਾਸੀ ਦੇ ਗੇੜੇ ਵਿੱਚ ਹੀ ਰਹਿਣਗੇ । ਜੇ ਉਹ ਗੁਰਬਾਣੀ ਸੁਣਨ ਅਤੇ ਸੁਣ ਕੇ ਕਮਾਉਣ ਤਾਂ ਉਨ੍ਹਾਂ ਦੇ ਮਨ ਦੀ ਮੈਲ ਦਾ ਕੇਵਲ ਅਸਲੀ ਗਿਆਨ ਹੀ ਨਹੀਂ ਸਗੋਂ ਉਹ ਆਪਣੀ ਮੈਲ ਦੂਰ ਕਰਕੇ ਚੁਰਾਸੀ ਦੇ ਗੇੜੇ ਵਿੱਚੋਂ ਨਿਕਲਣ ਦੇ ਸਮਰੱਥ ਹੋ ਸਕਦੇ ਹਨ । ਯਥਾ ਗੁਰਵਾਕ:–

– ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ॥ ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥
ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥ ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ॥ (੩੯)

– ਮੈਲਾ ਬ੍ਰਹਮਾ ਮੈਲਾ ਇੰਦੁ॥ ਰਵਿ ਮੈਲਾ ਮੈਲਾ ਹੈ ਚੰਦੁ॥
ਮੈਲਾ ਮਲਤਾ ਇਹੁ ਸੰਸਾਰੁ॥ ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ॥ ਰਹਾਉ॥
ਮੈਲੇ ਬ੍ਰਹਮੰਡਾਇ ਕੈ ਈਸ॥ ਮੈਲੇ ਨਿਸਿ ਬਾਸੁਰ ਦਿਨ ਤੀਸ॥
ਮੈਲਾ ਮੋਤੀ ਮੈਲਾ ਹੀਰੁ॥ ਮੈਲਾ ਪਉਨੁ ਪਾਵਕੁ ਅਰੁ ਨੀਰੁ॥
ਮੈਲੇ ਸਿਵ ਸੰਕਰਾ ਮਹੇਸ॥ ਮੈਲੇ ਸਿਧ ਸਾਧਿਕ ਅਰੁ ਭੇਖ॥
ਮੈਲੇ ਜੋਗੀ ਜੰਗਮ ਜਟਾ ਸਹੇਤਿ॥ ਮੈਲੀ ਕਾਇਆ ਹੰਸ ਸਮੇਤਿ॥
ਕਹਿ ਕਬੀਰ ਤੇ ਜਨ ਪਰਵਾਨ॥ ਨਿਰਮਲ ਤੇ ਜੋ ਰਾਮਹਿ ਜਾਨ॥ (੧੧੫੮)

ਤੱਤ ਸਾਰ ਅਰਥ ਇਹ ਹੈ ਕਿ ਨਾਮ ਬਿਨਾਂ ਸਾਰਾ ਸੰਸਾਰ ਹੀ ਮੈਲਾ ਹੈ । ਨਾਮ ਬਿਨਾਂ ਜਪੁ ਤਪੁ ਸੰਜਮੁ ਪੁੰਨ ਦਾਨ ਵਿਦਿਆ ਆਦਿਕ ਅਨਿਕ ਪ੍ਰਕਾਰੀ ਕਰਮ ਸਗੋਂ ਮੈਲ ਵਧਾਉਣ ਦਾ ਕਾਰਨ ਬਣਦੇ ਹਨ । ਨਿਗੁਰੇ ਪ੍ਰਾਣੀ ਦਾ ਆਪ ਹੁਦਰਾ ਜਪਿਆ ਨਾਮ ਵੀ ਮੈਲ ਨਹੀਂ ਲਾਹ ਸਕਦਾ । ਮਨਮੁਖਾਂ ਦੀ ਭਗਤੀ ਵੀ ਕਿਸੇ ਲੇਖੇ ਨਹੀਂ ਪੈਂਦੀ ਕਿਉਂ ਜੋ ਨਾਮ ਦਾ ਦਾਤਾ ਕੇਵਲ ਸਤਿਗੁਰੂ ਹੈ, ਹੋਰ ਕੋਈ ਨਹੀਂ । ਯਥਾ ਗੁਰਵਾਕ: –

– ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ ਵਿਣੁ ਸਤਿਗੁਰ ਭਗਤਿ ਨ ਹੋਈ ਰਾਮ॥
ਹਉਮੈ ਮਾਇਆ ਰੋਗਿ ਵਿਆਪੇ ਮਰਿ ਜਨਮਹਿ ਦੁਖੁ ਹੋਈ ਰਾਮ॥ (੭੬੮)

੧੯. ਕੁਛਿਤ, ਕੁਚੀਲ, ਬਿਕਰਾਲ: – ਮਾਇਆ ਮੋਹੁ ਸਰਬ ਜੰਜਾਲਾ॥ ਮਨਮੁਖ ਕੁਚੀਲ ਕੁਛਿਤ ਬਿਕਰਾਲਾ॥ (੨੨੨)

ਦਰਅਸਲ ਸਰਬ ਜੰਜਾਲ ਹੀ ਮੋਹ ਮਾਇਆ ਦਾ ਪਸਾਰਾ ਹਨ । ਨਾਮ ਤੋਂ ਬਿਨਾਂ ਜਿਹੜੇ ਮਨਮੁਖ ਅੰਨ੍ਹੇਵਾਹ ਸਾਰੀ ਉਮਰ ਇਨ੍ਹਾਂ ਵਿੱਚ ਹੀ ਲੱਥ ਪੱਥ ਰਹਿੰਦੇ ਹਨ, ਉਹ ਕੇਵਲ ਮੈਲੇ ਕੁਚੈਲੇ ਹੀ ਨਹੀਂ ਸਗੋਂ ਉਨ੍ਹਾਂ ਨੂੰ ਭਿਆਨਕ ਰੂਪ ਜਾਣ ਕੇ ਉਨ੍ਹਾਂ ਤੋਂ ਕਿਨਾਰਾ ਕਰਨਾ ਹੀ ਉੱਚਿਤ ਹੈ ।

੨੦. ਨਾਪਾਕ: – ਮਾਤ ਪਿਤਾ ਸੁਤ ਬੰਧਪਾ ਕੂੜੇ ਸਭੇ ਸਾਕ॥
ਜਿਨਿ ਕੀਤਾ ਤਿਸਹਿ ਨ ਜਾਣਨੀ ਮਨਮੁਖ ਪਸੁ ਨਾਪਾਕ॥ (੪੭)

ਮਾਂ ਪਿਉ ਪੁੱਤਰ ਤੇ ਹੋਰ ਸੰਬੰਧੀ, ਇਹ ਸਾਰੇ ਸਾਕ ਵੀ ਸਾਥ ਛੱਡ ਜਾਣ ਵਾਲੇ ਹਨ । ਇਹ ਵੇਖ ਕੇ ਵੀ ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ, ਗੰਦੇ ਜੀਵਨ ਵਾਲਾ ਪਸ਼ੂ-ਸੁਭਾਉ ਮਨੁੱਖ, ਉਸ ਪ੍ਰਮਾਤਮਾ ਨਾਲ ਸਾਂਝ ਨਹੀਂ ਪਾਉਂਦਾ ਜਿਸ ਨੇ ਇਸ ਨੂੰ ਪੈਦਾ ਕੀਤਾ ਹੈ ।

੨੧. ਕਾਇਰ, ਕਰੂਪ, ਨਕਟੇ: - ਮਨਮੁਖੁ ਕਾਇਰੁ ਕਰੂਪੁ ਹੈ ਬਿਨੁ ਨਾਵੈ ਨਕੁ ਨਾਹਿ॥
ਅਨਦਿਨੁ ਧੰਧੈ ਵਿਆਪਿਆ ਸੁਪਨੈ ਭੀ ਸੁਖੁ ਨਾਹਿ॥ (੫੯੧)

ਨਾਮ ਤੋਂ ਸੱਖਣੇ ਮਨਮੁਖ ਨੱਕਟੇ ਹੀ ਗਿਣੇ ਜਾਣਗੇ । ਉਹ ਕਦੇ ਸੋਹਣਿਆਂ ਵਿੱਚ ਨਹੀਂ ਗਿਣੇ ਜਾ ਸਕਦੇ । ਉਹ ਪਏ ਬਹਾਦਰ ਹੋਣ ਦੀਆਂ ਡੀਂਗਾਂ ਮਾਰਦੇ ਫਿਰਨ, ਉਹ ਤਾਂ ਅਸਲੀ ਡਰਾਕਲ ਹਨ । ਇਸ ਗੱਲ ਦੀ ਸਚਾਈ ਦੇ ਸਬੂਤ ਲਈ ਦੇਖੋ ਸ੍ਰੀ ਮੁਖਵਾਕ: -

- ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ॥
ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ ਤਿਸੁ ਨਾਮੁ ਪਰਿਓ ਹੈ ਧ੍ਰਕਟੀ॥ (੫੨੯)

- ਨਾਮਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ॥ (੧੪੧੪)

- ਸੇਈ ਸੁੰਦਰ ਸੋਹਣੇ॥ ਸਾਧਸੰਗਿ ਜਿਨ ਬੈਹਣੇ॥
ਹਰਿ ਧਨੁ ਜਿਨੀ ਸੰਜਿਆ ਸੇਈ ਗੰਭੀਰ ਅਪਾਰ ਜੀਉ॥ (੧੩੨)

- ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ॥ (੬੭੯)

ਮਨਮੁਖ ਦਿਨ ਰਾਤਿ ਝੂਠੇ ਧੰਧਿਆਂ ਵਿੱਚ ਖਪਿ ਖਪਿ ਮਰਿ ਰਹੇ ਹਨ ਉਨ੍ਹਾਂ ਨੂੰ ਸੁਪਨੇ ਵਿੱਚ ਵੀ ਸੱਚੇ ਸੁੱਖ ਦੀ ਸੋਝੀ ਪ੍ਰਾਪਤੀ ਨਹੀਂ ਹੋ ਸਕਦੀ । ਉਹ ਸਮਝਦੇ ਹਨ ਮਾਇਕ ਪਦਾਰਥਾਂ ਵਿੱਚ ਹੀ ਸੁੱਖ ਹੈ । ਪੂਰੇ ਸਤਿਗੁਰੂ ਦਾ ਸੱਚਾ ਸੁੱਖ ਦੇਣ ਵਾਲਾ ਸੱਚਾ ਸੁੱਚਾ ਨਿਰਮਲ ਸਾਰੇ ਜਹਾਨ ਲਈ ਸਾਂਝਾ ਉਪਦੇਸ਼ ਨਾ ਸੁਣਦੇ ਹਨ ਤੇ ਨਾ ਕਮਾ ਕੇ ਦੇਖਦੇ ਹਨ । ਯਥਾ ਗੁਰਵਾਕ: -

- ਬਹੁ ਰੰਗ ਮਾਇਆ ਬਹੁ ਬਿਧਿ ਪੇਖੀ॥ ਕਲਮ ਕਾਗਦ ਸਿਆਨਪ ਲੇਖੀ॥
ਮਹਰ ਮਲੂਕ ਹੋਇ ਦੇਖਿਆ ਖਾਨ॥ ਤਾ ਤੇ ਨਾਹੀ ਮਨੁ ਤ੍ਰਿਪਤਾਨ॥
ਸੋ ਸੁਖੁ ਮੋ ਕਉ ਸੰਤ ਬਤਾਵਹੁ॥ ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ॥ ਰਹਾਉ॥
ਅਸੁ ਪਵਨ ਹਸਤਿ ਅਸਵਾਰੀ॥ ਚੋਆ ਚੰਦਨੁ ਸੇਜ ਸੁੰਦਰਿ ਨਾਰੀ॥
ਨਟ ਨਾਟਿਕ ਆਖਾਰੇ ਗਾਇਆ॥ ਤਾ ਮਹਿ ਮਨਿ ਸੰਤੋਖੁ ਨ ਪਾਇਆ॥
ਤਖਤੁ ਸਭਾ ਮੰਡਨ ਦੋਲੀਚੇ॥ ਸਗਲ ਮੇਵੇ ਸੁੰਦਰ ਬਾਗੀਚੇ॥
ਆਖੇੜ ਬਿਰਤਿ ਰਾਜਨ ਕੀ ਲੀਲਾ॥ ਮਨੁ ਨ ਸੁਹੇਲਾ ਪਰਪੰਚੁ ਹੀਲਾ॥
ਕਰਿ ਕਿਰਪਾ ਸੰਤਨ ਸਚੁ ਕਹਿਆ॥ ਸਰਬ ਸੂਖ ਇਹੁ ਆਨੰਦੁ ਲਹਿਆ॥
ਸਾਧਸੰਗਿ ਹਰਿ ਕੀਰਤਨੁ ਗਾਈਐ॥ ਕਹੁ ਨਾਨਕ ਵਡਭਾਗੀ ਪਾਈਐ॥
ਜਾ ਕੈ ਹਰਿ ਧਨੁ ਸੋਈ ਸੁਹੇਲਾ॥ ਪ੍ਰਭ ਕਿਰਪਾ ਤੇ ਸਾਧਸੰਗਿ ਮੇਲਾ॥ (੧੭੯)

ਪੂਰੇ ਸੰਤ ਰੂਪੀ ਗੁਰੂਆਂ ਦੇ ਉਕਤ ਸ਼ਬਦ ਵਿਖੇ ਦਿੱਤੇ ਉਪਦੇਸ਼ ਨੂੰ ਜੇ ਸੰਸਾਰ ਕਮਾਉਣ ਲੱਗ ਜਾਵੇ ਤਾਂ ਅੱਜ ਹੀ ਸਾਰੇ ਸੰਸਾਰ ਵਿੱਚ ਹਲੇਮੀ ਰਾਜ ਵਰਤਾ ਕੇ ਸੱਚਾ ਸੁੱਖ ਪ੍ਰਾਪਤ ਕੀਤਾ ਜਾ ਸਕਦਾ ਹੈ ।

੨੨. ਕਾਮਿ ਵਿਆਪੇ, ਮੋਹਿ ਸੰਤਾਪੇ: – ਮਨਮੁਖਿ ਕਾਮਿ ਵਿਆਪੀ ਮੋਹਿ ਸੰਤਾਪੀ ਕਿਸੁ ਆਗੈ ਜਾਇ ਪੁਕਾਰੇ॥
ਨਾਨਕ ਮਨਮੁਖਿ ਥਾਉ ਨ ਪਾਏ ਬਿਨੁ ਗੁਰ ਅਤਿ ਪਿਆਰੇ॥ (੨੪੫)

ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਕਾਮ ਵਾਸ਼ਨਾ ਵਿੱਚ ਹੀ ਦੱਬੇ ਰਹਿੰਦੇ ਹਨ ਅਤੇ ਮੋਹ ਵਿੱਚ ਫਸ ਕੇ ਦੁੱਖੀ ਹੁੰਦੇ ਹਨ । ਆਪਣੇ ਦੁੱਖਾਂ ਦੀ ਉਹ ਕਿਸ ਅੱਗੇ ਪੁਕਾਰ ਕਰਨ? ਕੋਈ ਉਨ੍ਹਾਂ ਦੇ ਇਹ ਦੁੱਖ ਦੂਰ ਨਹੀਂ ਕਰ ਸਕਦਾ । ਅਤਿ ਪਿਆਰੇ ਗੁਰੂ ਤੋਂ ਬਿਨਾਂ ਉਹ ਆਪਣੇ ਪ੍ਰਭੂ ਦੇ ਚਰਨਾਂ ਵਿੱਚ ਥਾਂ ਹਾਸਲ ਨਹੀਂ ਕਰ ਸਕਦੇ ।

੨੩. ਕਾਮੀ, ਕ੍ਰੋਧੀ: – ਮਨਮੁਖ ਮੁਹਿ ਮੈਲੈ ਸਬਦੁ ਨ ਜਾਣਨੀ ਕਾਮ ਕਰੋਧਿ ਵਿਣਾਸੁ॥
ਸਤਿਗੁਰ ਕਾ ਭਉ ਛੋਡਿਆ ਮਨਹਠਿ ਕੰਮੁ ਨ ਆਵੈ ਰਾਸਿ॥ (੫੯੬)

ਮੂੰਹੋਂ ਮੈਲੇ ਹੋਣ ਕਰਕੇ ਮਨ ਦੇ ਪਿੱਛੇ ਤੁਰਨ ਵਾਲੇ ਮਨਮੁਖ ਗੁਰੂ ਦੇ ਸ਼ਬਦ ਨੂੰ ਨਹੀਂ ਪਛਾਣਦੇ ਅਤੇ ਕਾਮ ਕ੍ਰੋਧ ਆਦਿਕ ਵਿੱਚ ਉਨ੍ਹਾਂ ਦੀ ਆਤਮਿਕ ਮੌਤ ਹੋ ਜਾਂਦੀ ਹੈ ਅਤੇ ਸਤਿਗੁਰੂ ਦਾ ਅਦਬ ਛੱਡ ਦੇਣ ਕਰਕੇ ਮਨ ਦੇ ਹਠ ਨਾਲ ਕੀਤਾ ਹੋਇਆ ਉਨ੍ਹਾਂ ਦਾ ਕੋਈ ਕੰਮ ਸਿਰੇ ਨਹੀਂ ਚੜ੍ਹਦਾ ।

੨੪. ਪਾਪੀ, ਕੁਸੱਤੀ: – ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ॥ ਅੰਤਰਿ ਕ੍ਰੋਧੁ ਜੂਐ ਮਤਿ ਹਾਰੀ॥
ਕੂੜੁ ਕੁਸਤੁ ਓਹੁ ਪਾਪ ਕਮਾਵੈ॥ ਕਿਆ ਓਹੁ ਸੁਣੈ ਕਿਆ ਆਖਿ ਸੁਣਾਵੈ॥ (੩੧੪)

ਮਨਮੁਖ ਵਿਚਾਰ-ਹੀਣ, ਖੋਟੀ ਬੁਧਿ ਵਾਲਾ ਅਤੇ ਅਹੰਕਾਰੀ ਹੁੰਦਾ ਹੈ । ਉਸ ਦੇ ਮਨ ਵਿੱਚ ਕ੍ਰੋਧ ਹੈ ਅਤੇ ਉਹ ਵਿਸ਼ਿਆਂ ਦੇ ਜੂਏ ਵਿੱਚ ਅਕਲ ਗਵਾ ਲੈਂਦਾ ਹੈ । ਉਹ ਸਦਾ ਝੂਠ, ਫਰੇਬ ਅਤੇ ਪਾਪਾਂ ਭਰੇ ਕੰਮ ਕਰਦਾ ਹੈ । ਇਸ ਵਾਸਤੇ ਉਹ ਕੀ ਸੁਣੇ ਅਤੇ ਕੀ ਕਿਸੇ ਨੂੰ ਆਖ ਕੇ ਸੁਣਾਵੇ?

੨੫. ਲੋਭੀ: – ਮਨਮੁਖ ਮਾਇਆ ਮੋਹਿ ਵਿਆਪੇ ਦੂਜੈ ਭਾਇ ਮਨੂਆ ਥਿਰੁ ਨਾਹਿ॥
ਅਨਦਿਨੁ ਜਲਤ ਰਹਹਿ ਦਿਨੁ ਰਾਤੀ ਹਉਮੈ ਖਪਹਿ ਖਪਾਹਿ॥
ਅੰਤਰਿ ਲੋਭੁ ਮਹਾ ਗੁਬਾਰਾ ਤਿਨ ਕੈ ਨਿਕਟਿ ਨ ਕੋਈ ਜਾਹਿ॥ (੬੫੨)

ਮਾਇਆ ਦੇ ਮੋਹ ਵਿੱਚ ਗ੍ਰਸੇ ਹੋਏ ਮਨਮੁਖਾਂ ਦਾ ਮਨ ਮਾਇਆ ਦੇ ਪਿਆਰ ਵਿੱਚ ਇੱਕ ਥਾਂ ਨਹੀਂ ਟਿਕਦਾ, ਹਰ ਵੇਲੇ ਦਿਨ ਰਾਤ ਸੜਦੇ ਰਹਿੰਦੇ ਹਨ, ਅਹੰਕਾਰ ਵਿੱਚ ਆਪ ਦੁੱਖੀ ਹੁੰਦੇ ਹਨ ਅਤੇ ਹੋਰਨਾਂ ਨੂੰ ਦੁਖੀ ਕਰਦੇ ਹਨ। ਉਨ੍ਹਾਂ ਦੇ ਅੰਦਰ ਲੋਭ ਰੂਪੀ ਵੱਡਾ ਹਨੇਰਾ ਹੁੰਦਾ ਹੈ, ਕੋਈ ਮਨੁੱਖ ਉਨ੍ਹਾਂ ਦੇ ਨੇੜੇ ਨਹੀਂ ਢੁੱਕਦਾ । ਉਹ ਆਪਣੇ ਆਪ ਹੀ ਦੁੱਖੀ ਰਹਿੰਦੇ ਹਨ, ਕਦੇ ਸੁਖੀ ਨਹੀਂ ਹੁੰਦੇ ਅਤੇ ਸਦਾ ਜੰਮਣ ਮਰਨ ਦੇ ਗੇੜ ਵਿੱਚ ਪਏ ਰਹਿੰਦੇ ਹਨ ।

੨੬. ਕੁੜਿਆਰ: – ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ॥ ਵਿਸਟਾ ਅੰਦਰਿ ਵਾਸੁ ਸਾਦੁ ਨ ਜਾਣਿਆ॥ (੧੪੪)

ਗੁਰਮਤਿ ਦੀ ਸੱਚੀ ਸੁੱਚੀ ਕਸਵੱਟੀ **"ਨਾਮ ਬਿਨਾ ਸਭ ਕੂੜ"** ਅਨੁਸਾਰ ਮਨਮੁਖ ਭਾਵੇਂ ਸੱਚੇ ਹੋਣ ਦੀਆਂ ਸੌ-ਸੌ ਡੀਂਗਾਂ ਪਏ ਮਾਰਦੇ ਫਿਰਨ ਉਹ ਫੇਰ ਵੀ ਝੂਠੇ ਹੀ ਸਿੱਧ ਹੋਣਗੇ । ਉਨ੍ਹਾਂ ਦਾ ਝੂਠ ਤੇ ਭਰਮ ਨਾਮ ਬਿਨਾਂ ਕਦੇ ਦੂਰ ਨਹੀਂ ਹੋ ਸਕਦਾ । ਉਨ੍ਹਾਂ ਦਾ ਸਾਰਾ ਜੀਵਨ ਹੀ ਵਿਸ਼ਟਾ ਦੇ ਕੀੜਿਆਂ ਦੀ ਨਿਆਈਂ ਹੈ । ਉਨ੍ਹਾਂ ਨੂੰ ਨਾਮ ਰਸ ਦਾ ਮੁਸ਼ਕ ਵੀ ਪ੍ਰਾਪਤ ਨਹੀਂ ਹੋ ਸਕਦਾ ।

੨੭. ਬਿਕਾਰੀ: – ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ॥
ਥਾਉ ਕੁਥਾਉ ਨਾ ਜਾਣਨੀ ਸਦਾ ਚਿਤਵਹਿ ਬਿਕਾਰ॥ (੧੨੪੮)

ਮਨਮੁਖਾਂ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੇ ਪੂਰੀ ਤਰ੍ਹਾਂ ਗ੍ਰਸਿ ਲਿਆ ਹੈ । ਉਨ੍ਹਾਂ ਨੂੰ ਬੋਲਣ ਦਾ ਚੱਜ ਵੀ ਨਹੀਂ, ਥਾਉਂ ਕੁਥਾਉਂ ਦੀ ਸੋਝੀ ਤਾਂ ਕਿੱਥੋਂ ਹੋਣੀ ਸੀ । ਉਹ ਤਾਂ ਖੋਟੀ ਚਿਤਵਣੀ ਦੇ ਕਾਰਨ ਬੇਕਾਰੀ ਹੀ ਗਿਣੇ ਜਾਣਗੇ । ਜੇ ਉਹ ਗੁਰੂ ਦੇ ਪਵਿੱਤਰ ਹੁਕਮਾਂ ਨੂੰ ਸੁਣਨ ਤਾਂ ਉਨ੍ਹਾਂ ਨੂੰ ਵੀ ਸੋਝੀ ਪੈ ਸਕਦੀ ਹੈ ਕਿ ਪ੍ਰਾਣੀ ਮਾਤਰ ਦੇ ਨਾਮ ਬਿਨਾਂ ਜੋ ਸਾਹ ਵੀ ਲੰਘਦੇ ਹਨ ਉਹ ਕੇਵਲ ਖਾਲੀ ਹੀ ਨਹੀਂ ਗਿਣੇ ਜਾਣੇ ਸਗੋਂ ਬਿਕਾਰਾਂ ਵਿੱਚ ਗਿਣੇ ਜਾਣੇ ਹਨ । ਯਥਾ ਗੁਰਵਾਕ: –

ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ ਸਮ੍ਹਾਰੇ॥
ਸਾਸੁ ਸਾਸੁ ਜਾਇ ਨਾਮੈ ਬਿਨੁ ਸੋ ਬਿਰਥਾ ਸਾਸੁ ਬਿਕਾਰੇ॥ (੯੮੦)

੨੮. ਸੰਤਾਪੀ: – ਮਨਮੁਖ ਕੀ ਮਤਿ ਕੂੜਿ ਵਿਆਪੀ॥ ਬਿਨੁ ਹਰਿ ਸਿਮਰਣ ਪਾਪਿ ਸੰਤਾਪੀ॥ (੩੫੬)

ਨਾਮ ਤੋਂ ਸੱਖਣੇ ਰਹਿਣ ਜੇਡਾ ਹੋਰ ਕੋਈ ਪਾਪ ਸੰਤਾਪ ਨਹੀਂ । ਇਸ ਗੋਹਜ ਭੇਦ ਦਾ ਗਿਆਨ ਕੂੜ ਵਿੱਚ ਖੱਚਤ ਹੋਏ ਮਨਮੁਖ ਨੂੰ ਦੱਸੋ ਕੈਸੇ ਹੋਵੇ? ਨਹੀਂ ਹੋ ਸਕਦਾ । ਜੇ ਉਕਤ ਗਿਆਨ ਆਪੋਂ ਕਿਸੇ ਨੂੰ ਹੋ ਸਕਦਾ ਮੰਨਿਆ ਜਾਵੇ ਤਾਂ ਗੁਰੂ ਦੀ ਫਿਰ ਲੋੜ ਹੀ ਕੀ ਹੋਣੀ ਹੋਈ । ਨਾਮ ਸਿਮਰਨ ਬਿਨਾਂ ਪ੍ਰਾਣੀ ਕੁੱਤਿਆਂ, ਕਾਂਵਾਂ ਅਤੇ ਟੇਢੀਆਂ ਜੂਨਾਂ ਵਾਲਿਆਂ ਜੀਵਾਂ ਜੈਸਾ ਗਿਣਿਆ ਗਿਆ ਹੈ । ਯਥਾ ਗੁਰਵਾਕ: –

ਬਿਨੁ ਸਿਮਰਨ ਜੈਸੇ ਸਰਪ ਆਰਜਾਰੀ॥ ਤਿਉ ਜੀਵਹਿ ਸਾਕਤ ਨਾਮੁ ਬਿਸਾਰੀ॥
.....
ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ॥ ਕਾਗ ਬਤਨ ਬਿਸਟਾ ਮਹਿ ਵਾਸ॥
ਬਿਨੁ ਸਿਮਰਨ ਭਏ ਕੂਕਰ ਕਾਮ॥ ਸਾਕਤ ਬੇਸੁਆ ਪੂਤ ਨਿਨਾਮ॥
ਬਿਨੁ ਸਿਮਰਨ ਜੈਸੇ ਸੀਕ ਛਤਾਰਾ॥ ਬੋਲਹਿ ਕੂਰੁ ਸਾਕਤ ਮੁਖੁ ਕਾਰਾ॥
ਬਿਨੁ ਸਿਮਰਨ ਗਰਧਭ ਕੀ ਨਿਆਈ॥ ਸਾਕਤ ਥਾਨ ਭਰਿਸਟ ਫਿਰਾਹੀ॥
ਬਿਨੁ ਸਿਮਰਨ ਕੂਕਰ ਹਰਕਾਇਆ॥ ਸਾਕਤ ਲੋਭੀ ਬੰਧੁ ਨ ਪਾਇਆ॥
ਬਿਨੁ ਸਿਮਰਨ ਹੈ ਆਤਮ ਘਾਤੀ॥ ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ॥ (੨੩੯)

੨੯. ਪਖੰਡੀ: – ਮਨਮੁਖ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰਿ ਬੁਝਈਆ॥ (੯੩੪)

ਮਨਮੁਖ ਆਪਣੇ ਲੋਭ ਲਾਲਚ ਨੂੰ ਪੂਰਾ ਕਰਨ ਲਈ ਪਾਖੰਡ ਦੇ ਜਾਲ ਰਚਨੋਂ ਕਦਾਚਿਤ ਨਹੀਂ ਟਲਦੇ । ਉਨ੍ਹਾਂ ਨੂੰ ਇਹ ਦ੍ਰਿੜ੍ਹ ਨਹੀਂ ਹੁੰਦਾ ਕਿ ਅੰਤ ਨਬੇੜਾ ਉਨ੍ਹਾਂ ਦੇ ਜੀਆਂ ਤੋਂ ਲਿਆ ਜਾਣਾ ਹੈ । ਉਨ੍ਹਾਂ ਦੀਆਂ ਲੋਭ ਤੇ ਭਰਮ ਰੂਪੀ ਲਹਿਰਾਂ ਉਨ੍ਹਾਂ ਦੀ ਪਾਪਾਂ ਨਾਲ ਲੱਦੀ ਬੇੜੀ ਨੂੰ ਜ਼ਰੂਰ ਹੀ ਗਰਕ ਕਰ ਦੇਣਗੀਆਂ । ਉਹ ਠੱਗੀ ਨਾਲ ਮਾਇਆ ਇਕੱਤ੍ਰ ਕਰਕੇ ਤੇ ਆਪਣੇ ਪੁੱਤਰ ਧੀਆਂ ਨੂੰ ਦੇ ਕੇ ਬੜੇ ਪ੍ਰਸੰਨ ਹੁੰਦੇ ਹਨ, ਪ੍ਰੰਤੂ ਬੁਢਾਪੇ ਸਮੇਂ ਉਸਦੇ ਸਬੰਧੀ ਇਸਤਰੀ ਤੇ ਪੁੱਤਰ ਆਦਿ ਉਸ ਦੇ ਓਕ ਵਿੱਚ ਪਾਣੀ ਪਾਉਣ ਨੂੰ ਵੀ ਦੁੱਭਰ ਸਮਝਣਗੇ । ਯਥਾ ਗੁਰਵਾਕ: –

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥ ਸੁਤ ਦਾਰਾ ਪਹਿ ਆਨਿ ਲੁਟਾਵੈ॥
ਮਨ ਮੇਰੇ ਭੂਲੇ ਕਪਟੁ ਨ ਕੀਜੈ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥ ਰਹਾਉ॥
ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ॥ ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ॥ (੬੫੬)

੩੦. ਕਪਟੀ: – ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ ਧਿਆਨੁ ਨ ਲਾਗੈ॥
ਦੁਖ ਵਿਚਿ ਕਾਰ ਕਮਾਵਣੀ ਦੁਖੁ ਵਰਤੈ ਦੁਖੁ ਆਗੈ॥ (੮੫੧)

ਮਨਮੁਖਾਂ ਸਾਕਤਾਂ ਦਾ ਧਿਆਨ ਨਾਮ ਵੱਲ ਕਿਵੇਂ ਲੱਗੇ? ਨਾਮ ਵੱਲੋਂ ਤਾਂ ਉਹ ਸੱਖਣੇ ਹੁੰਦੇ ਹਨ । ਉਹ ਸਦਾ ਦੂਸਰਿਆਂ ਦਾ ਬੁਰਾ ਚਿਤਵਦੇ ਹਨ। ਮਨ ਵਿੱਚ ਉਨ੍ਹਾਂ ਦੇ ਸਦਾ ਕਪਟ ਹੁੰਦਾ ਹੈ । ਇਸ ਲਈ ਉਨ੍ਹਾਂ ਦਾ ਸਾਸਿ ਗਿਰਾਸਿ ਦੁੱਖਾਂ ਵਿੱਚ ਹੀ ਬੀਤਦਾ ਹੈ ਸਗੋਂ ਅੱਗੇ ਜਾ ਕੇ ਵੀ ਉਹ ਬੇਅੰਤ ਦੁੱਖ ਭੋਗਦੇ ਹਨ । ਜੇ ਉਹ ਗੁਰੂ ਦਾ ਉਪਦੇਸ਼ ਸੁਣਨ ਤਾਂ ਉਨ੍ਹਾਂ ਦਾ ਖੋਟਾ ਸੁਭਾਅ ਬਦਲੇ ਤੇ ਉਹ ਵੀ ਸੁੱਖੀ ਹੋ ਜਾਣ । ਜੈਸੇ ਗੁਰਵਾਕ ਹੈ: –

ਪਰ ਕਾ ਬੁਰਾ ਨ ਰਾਖਹੁ ਚੀਤ॥ ਤੁਮ ਕਉ ਦੁਖੁ ਨਹੀ ਭਾਈ ਮੀਤ॥ (੩੮੬)

੩੧. ਨਿਰਧਨ: – ਮਨਮੁਖੁ ਜਗਤੁ ਨਿਰਧਨੁ ਹੈ ਮਾਇਆ ਨੋ ਬਿਲਲਾਇ॥
ਅਨਦਿਨੁ ਫਿਰਦਾ ਸਦਾ ਰਹੈ ਭੁਖ ਨ ਕਦੇ ਜਾਇ॥ (੧੦੯੨)

ਮਨਮੁਖ ਭਾਵੇਂ ਲੱਖਾਂਪਤੀ ਵੀ ਕਿਉਂ ਨਾ ਬਣ ਜਾਣ ਉਹ ਨਾਮ ਰੂਪੀ ਅਸਲੀ ਧਨ ਤੋਂ ਸੱਖਣੇ ਹੋਣ ਦੇ ਕਾਰਨ ਨਿਰਧਨ ਹੀ ਕਹੇ ਜਾਂਦੇ ਹਨ । ਉਨ੍ਹਾਂ ਦਾ ਦਿਨ ਰਾਤ ਮਾਇਆ ਇਕੱਤ੍ਰ ਕਰਨ ਵਿੱਚ ਹੀ ਸਦਾ ਵਿਹਾਉਂਦਾ ਹੈ ਪ੍ਰੰਤੂ ਉਨ੍ਹਾਂ ਦੀ ਮਾਇਆ ਦੀ ਵਧੇਰੇ ਭੁੱਖ ਨੂੰ ਕੋਈ ਮਿਟਾ ਨਹੀਂ ਸਕਦਾ । ਸੋ ਨਾਮੀ ਪੁਰਸ਼ ਗਰੀਬ ਹੁੰਦੇ ਹੋਏ ਵੀ ਧਨਵੰਤ ਗਿਣੇ ਜਾਂਦੇ ਹਨ ਬਾਕੀ ਸੰਸਾਰ ਧਨਾਢ ਹੁੰਦਾ ਹੋਇਆ ਵੀ ਨਿਰਧਨ ਹੈ । ਯਥਾ ਗੁਰਵਾਕ: –

ਜਮਕਾਲੁ ਨੇੜਿ ਨ ਆਵਈ ਆਪਿ ਬਖਸੇ ਕਰਤਾਰਿ॥
ਨਾਨਕ ਨਾਮ ਰਤੇ ਸੇ ਧਨਵੰਤ ਹੈਨਿ ਨਿਰਧਨੁ ਹੋਰੁ ਸੰਸਾਰੁ॥ (੧੪੧੫)

੩੨. ਕਰਜ਼ਦਾਰ: – ਮਨਮੁਖ ਕਰਜੁ ਚੜਿਆ ਬਿਖੁ ਭਾਰੀ ਉਤਰੈ ਸਬਦੁ ਵੀਚਾਰੇ॥
ਜਿਤਨੇ ਕਰਜ ਕਰਜ ਕੇ ਮੰਗੀਏ ਕਰਿ ਸੇਵਕ ਪਗਿ ਲਗਿ ਵਾਰੇ॥ (੯੮੧)

ਮਨਮੁਖ ਉਪਰੋਂ ਤਾਂ ਬੜੇ ਭਾਰੀ ਧਨਾਢ ਕਹੇ ਜਾਂਦੇ ਹਨ ਦਰਅਸਲ ਉਹ ਭਾਰੀ ਕਰਜ਼ਦਾਰ ਹਨ । ਕਿਉਂ ਜੋ ਸਾਸ ਗਿਰਾਸ ਦਾ ਲੇਖਾ ਦੇਣਾ ਪੈਣਾ ਹੈ, ਉਨ੍ਹਾਂ ਦਾ ਹਰ ਦਮ ਕਰਜ਼ਾ ਵੱਧ ਰਿਹਾ ਹੈ । ਮਾਇਆ ਦੇ ਵਿਹੁ ਰੂਪੀ ਕਰਜ਼ੇ ਨੂੰ ਕੋਈ ਆਪੋਂ ਲਾਹ ਨਹੀਂ ਸਕਦਾ । ਹਾਂ ਜੇ ਉਹ ਗੁਰੂ ਦੀ ਚਰਨੀ ਢਹਿ ਪੈਣ ਤਾਂ ਪੂਰਾ ਗੁਰੂ ਉਨ੍ਹਾਂ ਨੂੰ ਗੁਰਮੰਤ੍ਰ ਗੁਰਸ਼ਬਦ ਦ੍ਰਿੜ੍ਹ ਕਰਵਾ ਕੇ ਨਾਮ ਜਪਣ ਲਾ ਦੇਵੇ ਤਾਂ ਇਉਂ ਪੂਰਾ ਸਤਿਗੁਰੂ ਉਨ੍ਹਾਂ ਦੇ ਸਾਰੇ ਕਰਜ਼ੇ ਨੂੰ ਲਾਹ ਕੇ ਸੱਚੇ ਸੇਵਕ ਬਣਾਉਂਦਾ ਹੋਇਆ ਮਾਇਆ ਦੇ ਹੁੰਦਿਆਂ ਸੁੰਦਿਆਂ ਮੁਕਤ ਕਰ ਦੇਵੇ । ਜੈਸੇ ਗੁਰਵਾਕ ਹੈ: –

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥ (੫੨੨)

੩੩. ਝੂਠੇ: – ਮਨਮੁਖਿ ਝੂਠੋ ਝੂਠੁ ਕਮਾਵੈ॥ ਖਸਮੈ ਕਾ ਮਹਲੁ ਕਦੇ ਨ ਪਾਵੈ॥ (੩੬੩)

ਮਨਮੁਖਾਂ ਨੂੰ ਸਚ ਦਾ ਮੁਸ਼ਕ ਵੀ ਪ੍ਰਾਪਤਿ ਨਹੀਂ ਹੋ ਸਕਦਾ । ਉਹ ਪਏ ਸਚੇ ਹੋਣ ਦੀਆਂ ਫੋਕੀਆਂ ਟਾਹਰਾਂ ਤੇ ਝੂਠੀਆਂ ਡੀਂਗਾਂ ਮਾਰਦੇ ਫਿਰਨ ਅਸਲੀ ਅਰਥਾਂ ਵਿੱਚ ਉਨ੍ਹਾਂ ਦਾ ਦਿਨ ਰਾਤ ਦਾ ਕਹਿਆ ਕਮਾਇਆ ਸਭ ਝੂਠ ਹੀ ਝੂਠ ਹੈ। ਐਸੇ ਝੂਠੇ ਮਨਮੁਖਾਂ ਨੂੰ ਕਦਾਚਿੱਤ ਪਰਮੇਸ਼ਰ ਦਾ ਮਹਲ ਪ੍ਰਾਪਤ ਨਹੀਂ ਹੋ ਸਕਦਾ। ਯਥਾ ਗੁਰਵਾਕ: –

– ਮਨਮੁਖੁ ਅੰਧਾ ਅੰਧੁ ਕਮਾਏ॥ ਬਹੁ ਸੰਕਟ ਜੋਨੀ ਭਰਮਾਏ॥ (੧੦੬੮)

– ਸਚੁ ਸਲਾਹਨਿ ਸੇ ਸਚੇ ਸਚਾ ਨਾਮੁ ਅਧਾਰੁ॥ ਮਨਮੁਖ ਮਹਲੁ ਨ ਪਾਇਨੀ ਕੂੜਿ ਮੁਠੇ ਕੂੜਿਆਰ॥ (੩੪)

੩੪. ਜੂਠੇ: – ਓਨਾ ਮੈਲੁ ਪਤੰਗੁ ਨ ਲਗਈ ਜਿ ਚਲਨਿ ਸਤਿਗੁਰ ਭਾਇ॥
ਮਨਮੁਖ ਜੂਠਿ ਨ ਉਤਰੈ ਜੇ ਸਉ ਧੋਵਣ ਪਾਇ॥ (੧੪੧੮)

ਜੋ ਸਤਿਗੁਰੂ ਦੀ ਆਗਿਆ ਵਿੱਚ ਚਲਦੇ ਹੋਏ ਸਦਾ ਨਾਮ ਜਪਦੇ ਹਨ ਉਨ੍ਹਾਂ ਦੇ ਮਨਾਂ ਨੂੰ ਰਤਾ ਮਾਸਾ ਵੀ ਮੈਲ ਨਹੀਂ ਲੱਗ ਸਕਦੀ । ਮਨਮੁਖਾਂ ਦੇ ਮਨਾਂ ਦੀ ਮੈਲ ਬਾਹਰਲੇ ਇਸ਼ਨਾਨਾਂ ਨਾਲ ਕਦੇ ਲਹਿ ਨਹੀਂ ਸਕਦੀ । ਭਾਵੇਂ ਉਹ ਹਜ਼ਾਰਾਂ ਤੀਰਥਾਂ ਦੇ ਇਸ਼ਨਾਨ ਕਰਕੇ ਆਪਣੇ ਆਪ ਨੂੰ ਨਿਰਮਲ ਕਹਾਉਂਦੇ ਫਿਰਨ ਅਤੇ ਬਾਹਰਲੀਆਂ ਨਾਨ੍ਹਾਂ ਪ੍ਰਕਾਰ ਦੀਆਂ ਸੁੱਚਮਾਂ ਕਰਦੇ ਫਿਰਨ । ਉਹ ਸਦਾ ਜੂਠੇ ਹੀ ਰਹਿੰਦੇ ਹਨ । ਯਥਾ ਗੁਰਵਾਕ: –

ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ॥ ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ॥
ਜਿਹਬਾ ਜੂਠੀ ਬੋਲਤ ਜੂਠਾ ਕਰਨ ਨੇਤ੍ਰ ਸਭਿ ਜੂਠੇ॥ ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ॥
ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ॥ ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ॥
ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ॥ ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ॥ (੧੧੯੫)

੩੫. ਚਿੰਤ੍ਰਾਲੂ: – ਮਨਮੁਖ ਭਰਮੈ ਸਹਸਾ ਹੋਵੈ॥ ਅੰਤਰਿ ਚਿੰਤਾ ਨੀਦ ਨ ਸੋਵੈ॥ (੬੪੬)

ਭਰਮ, ਸਹਸਾ, ਫ਼ਿਕਰ ਦੇ ਕਾਰਨ ਮਨਮੁਖ ਸਦਾ ਚਿੰਤਾ ਰੂਪੀ ਚਿਖਾ ਤੇ ਹਰ ਸਮੇਂ ਸੜਦੇ ਰਹਿੰਦੇ ਹਨ । ਉਹ ਕਦੇ ਵੀ ਸੁੱਖ ਦੀ ਨੀਂਦਰ ਨਹੀਂ ਸੌਂ ਸਕਦੇ ।

੩੬. ਤ੍ਰਿਸ਼ਨਾਲੂ: – ਮਨਮੁਖ ਖੇਤੀ ਵਣਜੁ ਕਰਿ ਥਾਕੇ ਤ੍ਰਿਸਨਾ ਭੁਖ ਨਾ ਜਾਏ॥
ਨਾਨਕ ਨਾਮੁ ਬੀਜਿ ਮਨ ਅੰਦਰਿ ਸਚੈ ਸਬਦਿ ਸੁਭਾਏ॥ (੫੬੮)

ਮਨਮੁਖਾਂ ਸਾਕਤਾਂ ਦੀ ਤ੍ਰਿਸ਼ਨਾ ਰੂਪੀ ਅੱਗ ਨੂੰ ਕਿਵੇਂ ਵੀ ਮਿਟਾਇਆ ਬੁਝਾਇਆ ਨਹੀਂ ਜਾ ਸਕਦਾ ਭਾਵੇਂ ਉਹ ਲੱਖਾਂ ਪ੍ਰਕਾਰ ਦੇ ਵਣਜ ਵਾਪਾਰ ਅਤੇ ਖੇਤੀਬਾੜੀ ਪਏ ਕਰਦੇ ਫਿਰਨ । ਹਾਂ ਜੇ ਉਹ ਪੂਰੇ ਗੁਰੂ ਪਾਸੋਂ ਨਾਮ ਦੀ ਪ੍ਰਾਪਤੀ ਕਰਕੇ ਗੁਰਮਤਿ ਦੀ ਸੱਚੀ ਸੁੱਚੀ ਜੁਗਤੀ ਅਨੁਸਾਰ ਆਪਣੇ ਮਨ ਰੂਪੀ ਖੇਤ ਵਿੱਚ ਸ਼ਬਦ ਰੂਪੀ ਬੀਜ ਪਾ ਲੈਣ ਤਾਂ ਸੁੱਤੇ ਸੁਭਾਅ ਹੀ ਉਨ੍ਹਾਂ ਦੀ ਤ੍ਰਿਸ਼ਨਾ ਰੂਪੀ ਅੱਗ ਇੱਕ ਸੈਕੰਡ ਵਿੱਚ ਬੁੱਝ ਸਕਦੀ ਹੈ, ਕਿਉਂ ਜੋ ਨਾਮ ਵਿੱਚ ਬੜੀਆਂ ਸ਼ਕਤੀਆਂ ਹਨ। ਯਥਾ ਗੁਰਵਾਕ: –

ਜਿਸੁ ਨਾਮੁ ਰਿਦੈ ਸੋਈ ਵਡ ਰਾਜਾ॥ ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ॥

ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ॥ ਨਾਮ ਬਿਨਾ ਜਨਮੁ ਬਿਰਥਾ ਜਾਏ॥

ਤਿਸੁ ਸਾਲਾਹੀ ਜਿਸੁ ਹਰਿ ਧਨੁ ਰਾਸਿ॥ ਸੋ ਵਡਭਾਗੀ ਜਿਸੁ ਗੁਰ ਮਸਤਕਿ ਹਾਥੁ॥ ਰਹਾਉ॥
ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ॥ ਜਿਸੁ ਨਾਮੁ ਰਿਦੈ ਤਿਸੁ ਸਹਜ ਸੁਖੈਨਾ॥
ਜਿਸੁ ਨਾਮੁ ਰਿਦੈ ਸੋ ਸੀਤਲੁ ਹੂਆ॥ ਨਾਮ ਬਿਨਾ ਧ੍ਰਿਗੁ ਜੀਵਣੁ ਮੂਆ॥
ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ॥ ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ॥
ਜਿਸੁ ਨਾਮੁ ਰਿਦੈ ਤਿਨਿ ਨਉ ਨਿਧਿ ਪਾਈ॥ ਨਾਮ ਬਿਨਾ ਕ੍ਰਮਿ ਆਵੈ ਜਾਈ॥
ਜਿਸੁ ਨਾਮੁ ਰਿਦੈ ਸੋ ਵੇਪਰਵਾਹਾ॥ ਜਿਸੁ ਨਾਮੁ ਰਿਦੈ ਤਿਸੁ ਸਦ ਹੀ ਲਾਹਾ॥
ਜਿਸੁ ਨਾਮੁ ਰਿਦੈ ਤਿਸੁ ਵਡ ਪਰਵਾਰਾ॥ ਨਾਮ ਬਿਨਾ ਮਨਮੁਖ ਗਾਵਾਰਾ॥

ਜਿਸੁ ਨਾਮੁ ਰਿਦੈ ਤਿਸੁ ਨਿਹਚਲ ਆਸਨੁ॥ ਜਿਸੁ ਨਾਮੁ ਰਿਦੈ ਤਿਸੁ ਤਖਤਿ ਨਿਵਾਸਨੁ॥
ਜਿਸੁ ਨਾਮੁ ਰਿਦੈ ਸੋ ਸਾਚਾ ਸਾਹੁ॥ ਨਾਮਹੀਣ ਨਾਹੀ ਪਤਿ ਵੇਸਾਹੁ॥
ਜਿਸੁ ਨਾਮੁ ਰਿਦੈ ਸੋ ਸਭ ਮਹਿ ਜਾਤਾ॥ ਜਿਸੁ ਨਾਮੁ ਰਿਦੈ ਸੋ ਪੁਰਖੁ ਬਿਧਾਤਾ॥
ਜਿਸੁ ਨਾਮੁ ਰਿਦੈ ਸੋ ਸਭ ਤੇ ਊਚਾ॥ ਨਾਮ ਬਿਨਾ ਭ੍ਰਮਿ ਜੋਨੀ ਮੂਚਾ॥
ਜਿਸੁ ਨਾਮੁ ਰਿਦੈ ਤਿਸੁ ਪ੍ਰਗਟਿ ਪਹਾਰਾ॥ ਜਿਸੁ ਨਾਮੁ ਰਿਦੈ ਤਿਸੁ ਮਿਟਿਆ ਅੰਧਾਰਾ॥
ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ॥ ਨਾਮ ਬਿਨਾ ਫਿਰਿ ਆਵਣ ਜਾਣੁ॥ (੧੧੫੫)

੩੭. ਦੁੱਖੀਏ, ਬੇਮੁੱਖੀਏ: – ਗੁਰਮੁਖਿ ਸੁਖੀਆ ਮਨਮੁਖਿ ਦੁਖੀਆ॥ ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ॥ (੧੩੧)

ਗੁਰਮੁਖਿ ਸਦਾ ਸੁੱਖੀ ਰਹਿੰਦਾ ਹੈ ਕਿਉਂ ਜੋ ਉਹ ਆਪਣੀ ਮਨ ਦੀ ਮਤਿ ਛੱਡ ਕੇ ਗੁਰੂ ਦੀ ਮਤਿ ਤੇ ਸਦਾ ਚੱਲਦਾ ਹੈ ਪ੍ਰੰਤੂ ਮਨਮੁਖ ਦੀ ਸਦਾ ਦੁੱਖਾਂ ਵਿੱਚ ਹੀ ਬੀਤਦੀ ਹੈ ਕਿਉਂ ਜੋ ਉਹ ਆਪਣੇ ਮਨ ਦੀ ਮਤਿ ਮਗਰ ਲੱਗਦਾ ਹੈ ਤੇ ਉਸ ਦੇ ਮਨ ਦਾ ਰੁਖ਼ ਹਮੇਸ਼ਾਂ ਦ੍ਰਿਸ਼ਟਮਾਨ ਪਦਾਰਥਾਂ ਵੱਲ ਹੀ ਹੈ । ਇਸੇ ਲਈ ਗੁਰਮੁਖਿ ਨੂੰ ਸਨਮੁੱਖ ਆਖਿਆ ਹੈ ਅਤੇ ਮਨਮੁਖ ਨੂੰ ਬੇਮੁਖ ਕਹਿਣਾ ਹੀ ਯੋਗ ਹੈ ।

੩੮. ਦੁਰਮੱਤੀਏ: – ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ॥ ਅੰਤਰਿ ਕ੍ਰੋਧੁ ਜੂਐ ਮਤਿ ਹਾਰੀ॥ (੩੧੪)

ਮਨਮੁਖ ਭਾਵੇਂ ਕਿਤਨੇ ਵੀ ਸਿਆਣੇ ਕਿਉਂ ਨਾ ਬਣੇ ਫਿਰਨ ਉਨ੍ਹਾਂ ਦਾ ਹੰਕਾਰ, ਅਗਿਆਨ ਅਤੇ ਖੋਟੀ ਮਤਿ ਦੂਰ ਨਹੀਂ ਕੀਤੇ ਜਾ ਸਕਦੇ, ਕਿਉਂ ਜੋ ਅਸਲ ਮਤਿ, ਬੁਧਿ ਸਿਆਣਪ ਦਾ ਦਾਤਾ ਤਾਂ ਸਤਿਗੁਰੂ ਹੈ । ਸਤਿਗੁਰੂ ਨੂੰ ਭੇਟੇ ਬਿਨਾਂ ਹੰਕਾਰ ਦੂਰ ਹੋਣਾ ਅਸੰਭਵ ਹੈ ਉਂਝ ਆਪਣੇ ਭਾਣੇ ਭਾਵੇਂ ਸਾਰਾ ਸੰਸਾਰ ਪੰਡਿਤ ਅਖਵਾਉਂਦਾ ਫਿਰੇ । ਯਥਾ ਗੁਰਵਾਕ: –

ਜਗਿ ਪੰਡਿਤੁ ਵਿਰਲਾ ਵੀਚਾਰੀ॥ ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥ (੪੧੩)

੩੯. ਬੇਮਤੇ: – ਆਪਸ ਕਉ ਬਹੁ ਭਲਾ ਕਰਿ ਜਾਣਹਿ ਮਨਮੁਖਿ ਮਤਿ ਨ ਕਾਈ॥
ਸਾਧੂ ਜਨ ਕੀ ਨਿੰਦਾ ਵਿਆਪੇ ਜਾਸਨਿ ਜਨਮੁ ਗਵਾਈ॥ (੬੦੧)

ਮਨਮੁਖ ਆਪਣੀ ਖੋਟੀ ਮਤਿ ਦੇ ਅਧੀਨ ਆਪਣੇ ਆਪ ਨੂੰ ਸਭ ਤੋਂ ਚੰਗੇ ਸਮਝਦੇ ਹਨ । ਸਗੋਂ ਆਪਣੀ ਖੋਟੀ ਮਤਿ ਹੋਰਨਾਂ ਨੂੰ ਦਿੰਦੇ ਫਿਰਦੇ ਹਨ ਇਥੋਂ ਤੀਕ ਸਾਧੂ ਰੂਪ ਪੂਰੇ ਸਤਿਗੁਰੂ ਦੀ ਪੂਰੀ ਗੁਰਮਤਿ ਤੇ ਵੀ ਟੀਕਾ ਟਿੱਪਣੀ ਕਰਨੋਂ ਨਹੀਂ ਟਲਦੇ । ਐਸੇ ਮੰਦਭਾਗੀ ਮਨਮੁਖਾਂ ਨੂੰ ਕਈ ਵਾਰੀ ਕਹਿੰਦੇ ਸੁਣਿਆ ਹੈ ਕਿ ਘੜੀ ਮੁੜੀ ਮੁੜ-ਮੁੜ ਉਹੀ ਬਾਣੀ ਨਿੱਤ-ਨਿੱਤ ਪੜ੍ਹਨ ਅਤੇ ਸਾਸਿ ਗਿਰਾਸਿ ਨਾਮ ਜੱਪਣ ਦਾ ਕੀ ਲਾਹਾ ਹੈ? ਦਰਅਸਲ ਮਨਮੁਖਾਂ ਨੂੰ ਕੋਈ ਮਤਿ ਹੀ ਨਹੀਂ ਤਾਹੀਓਂ ਉਹ ਅਮੋਲਕ ਮਨੁੱਖਾ ਜਨਮ ਨੂੰ ਹਾਰ ਕੇ ਚੱਲਦੇ ਬਣਨਗੇ। ਸਤਿਗੁਰੂ ਦਇਆਲ ਹੋਵੇ ਤਾਂ ਅਸਲ ਮਤਿ ਬੁਧਿ ਉਨ੍ਹਾਂ ਨੂੰ ਮਿਲੇ। ਯਥਾ ਗੁਰਵਾਕ: –

ਜੇਤੇ ਸਾਸ ਗ੍ਰਾਸ ਮਨੁ ਲੇਤਾ ਤੇਤੇ ਹੀ ਗੁਨ ਗਾਈਐ॥
ਜਉ ਹੋਇ ਦੈਆਲੁ ਸਤਿਗੁਰੁ ਅਪੁਨਾ ਤਾ ਇਹ ਮਤਿ ਬੁਧਿ ਪਾਈਐ॥ (੨੧੩)

੪੦. ਬੇਗੱਤੇ: – ਮਨਮੁਖ ਮਰਹਿ ਮਰਿ ਬਿਗਤੀ ਜਾਹਿ॥ ਏਕੁ ਨ ਚੇਤਹਿ ਦੂਜੈ ਲੋਭਾਹਿ॥ (੯੪੨)

ਮਨਮੁਖਾਂ ਨੂੰ ਮੁਕਤੀ ਕਿੱਥੋਂ ਮਿਲਣੀ ਹੋਈ? ਉਹ ਤਾਂ ਮਰ ਕੇ ਬੇਗੱਤੇ ਹੀ ਜਮਦਰਿ ਬੱਧੇ ਚੋਟਾਂ ਖਾਂਦੇ ਰਹਿਣਗੇ । ਆਪਣੇ ਮਨ ਦੇ ਪਿੱਛੇ ਤੁਰ ਕੇ ਆਤਮਿਕ ਮੌਤ ਸਹੇੜ ਲੈਂਦੇ ਹਨ । ਉਹ ਕਦੇ ਪ੍ਰਮਾਤਮਾ ਦਾ ਸਿਮਰਨ ਨਹੀਂ ਕਰਦੇ ਅਤੇ ਮਾਇਆ ਦੇ ਮੋਹ ਵਿੱਚ ਫਸੇ ਰਹਿੰਦੇ ਹਨ । ਮੁਕਤੀ ਦਾ ਦਾਤਾ ਕੇਵਲ ਸਤਿਗੁਰੂ ਹੈ ਹੋਰ ਕੋਈ ਨਹੀਂ । ਯਥਾ ਗੁਰਵਾਕ: –

– ਇੰਦ੍ਰ ਇੰਦ੍ਰਾਸਣਿ ਬੈਠੇ ਜਮ ਕਾ ਭਉ ਪਾਵਹਿ॥ ਜਮੁ ਨ ਛੋਡੈ ਬਹੁ ਕਰਮ ਕਮਾਵਹਿ॥
ਸਤਿਗੁਰੁ ਭੇਟੈ ਤਾ ਮੁਕਤਿ ਪਾਈਐ ਹਰਿ ਹਰਿ ਰਸਨਾ ਪੀਜੈ ਹੇ॥ (੧੦੪੯)

– ਲਖ ਚਉਰਾਸੀਹ ਫਿਰਦੇ ਰਹੇ ਬਿਨੁ ਸਤਿਗੁਰ ਮੁਕਤਿ ਨ ਹੋਈ॥
ਪੜਿ ਪੜਿ ਪੰਡਿਤ ਮੋਨੀ ਥਕੇ ਦੂਜੈ ਭਾਇ ਪਤਿ ਖੋਈ॥ (੭੦)

੪੧. ਬੇਪੱਤੇ: – ਸੋ ਗਿਆਨੀ ਜਿਨਿ ਸਬਦਿ ਲਿਵ ਲਾਈ॥ ਮਨਮੁਖਿ ਹਉਮੈ ਪਤਿ ਗਵਾਈ॥ (੮੩੧)

ਸਾਰਾ ਜਹਾਨ ਆਪਣਾ ਚੁੰਚ ਗਿਆਨ ਛਾਂਟਦਾ ਫਿਰਦਾ ਹੈ ਤੇ ਜਣਾ ਖਣਾ ਹੀ ਗਿਆਨੀ ਬਣਿਆ ਫਿਰਦਾ ਹੈ । ਕਿਸੇ ਨੂੰ ਇਹ ਪਤਾ ਹੀ ਨਹੀਂ ਕਿ ਗਿਆਨ ਕੀ ਹੁੰਦਾ ਹੈ ਤੇ ਗਿਆਨੀ ਕਿਸ ਨੂੰ ਆਖਦੇ ਹਨ । ਸੋਝੀ ਤਾਂ ਪਵੇ ਜੇ ਉਹ ਸਤਿਗੁਰੂ ਦੀ ਮਤਿ ਨੂੰ ਧਾਰਨ ਕਰਨ । ਯਥਾ ਗੁਰਵਾਕ: –

– ਐਸਾ ਗਿਆਨੁ ਪਦਾਰਥੁ ਨਾਮੁ॥ ਗੁਰਮੁਖਿ ਪਾਵਸਿ ਰਸਿ ਰਸਿ ਮਾਨੁ॥ ਰਹਾਉ॥

ਗਿਆਨੁ ਗਿਆਨੁ ਕਥੈ ਸਭੁ ਕੋਈ॥ ਕਥਿ ਕਥਿ ਬਾਦੁ ਕਰੇ ਦੁਖੁ ਹੋਈ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥ ਨਾਵਹੁ ਭੂਲੇ ਥਾਉ ਨ ਕੋਈ॥ (੮੩੧)

ਤਾਂ ਤੇ ਸਿੱਧ ਹੋਇਆ ਕਿ ਐਸੇ ਕਹੌਤੀ ਗਿਆਨੀਆਂ ਦੀ ਅੱਗੇ ਜਾ ਕੇ ਜ਼ਰੂਰ ਹੀ ਬੇਪਤੀ ਹੋਊ ।

੪੨. ਬੇ-ਮਾਰਗੀਏ: – ਮਨਮੁਖਿ ਭਰਮਿ ਭਵੈ ਬੇਬਾਣਿ॥ ਵੇਮਾਰਗਿ ਮੂਸੈ ਮੰਝਿ ਮਸਾਣਿ॥ (੯੪੧)

ਮਨਮੁਖ ਭਰਮਾਂ ਦੇ ਬੱਧੇ ਹੋਏ ਮੜੀਆਂ ਮਸਾਣੀਆਂ ਵਿਖੇ ਮੰਤ੍ਰਾਂ ਜੰਤ੍ਰਾਂ ਵਿੱਚ ਫਸੇ ਹੋਏ ਪਏ ਭਟਕਦੇ ਫਿਰਦੇ ਹਨ। ਮਨਮੁਖਾਂ ਨੂੰ ਚੂੰਕਿ ਅਸਲੀ ਮਾਰਗ ਦਾ ਹੀ ਥਹੁ ਨਹੀਂ ਇਸ ਲਈ ਉਹ ਆਪਣੇ ਅਸਲੀ ਠਿਕਾਣੇ ਤੇ ਉੱਕਾ ਹੀ ਨਹੀਂ ਪੁੱਜ ਸਕਦੇ। ਸੱਚੀ ਗੱਲ ਤਾਂ ਇਹ ਹੈ ਕਿ ਬਿਨਾਂ ਸਤਿਗੁਰੂ ਤੋਂ ਅਸਲ ਮਾਰਗ ਦਾ ਕਿਸੇ ਨੂੰ ਵੀ ਥਹੁ ਪਤਾ ਨਹੀਂ। ਤਾਂਹੀ ਤੇ ਐਸੇ ਅੰਨ੍ਹੇ ਪੁਰਸ਼ਾਂ ਦੀ ਅੱਗੇ ਬੇਪਤੀ ਹੁੰਦੀ ਹੈ ਤੇ ਉਨ੍ਹਾਂ ਨੂੰ ਠਿਕਾਣਾ ਕਿੱਥੋਂ ਮਿਲਣਾ ਸੀ। ਜੈਸੇ ਗੁਰਵਾਕ ਹੈ: –

ਪੇਈਅੜੈ ਜਗਜੀਵਨੁ ਦਾਤਾ ਮਨਮੁਖਿ ਪਤਿ ਗਵਾਈ॥ ਬਿਨੁ ਸਤਿਗੁਰ ਕੋ ਮਗੁ ਨ ਜਾਣੈ ਅੰਧੇ ਠਉਰ ਨ ਕਾਈ॥ (੬੫)

੪੩. ਬੇ-ਪਰਤੀਤੇ: – ਮਨਮੁਖਾ ਨੋ ਪਰਤੀਤਿ ਨ ਆਵੀ ਅੰਤਰਿ ਲੋਭ ਸੁਆਉ॥
ਗੁਰਮੁਖਿ ਹਿਰਦੈ ਸਬਦੁ ਨ ਭੇਦਿਓ ਹਰਿ ਨਾਮਿ ਨ ਲਾਗਾ ਭਾਉ॥ (੬੩੭)

"ਆਹ ਜਗੁ ਮਿੱਠਾ, ਅਗਲਾ ਕਿਨਿ ਡਿੱਠਾ"। ਮਨਮੁਖਾਂ ਨੇ ਆਪਣਾ ਮਨ-ਘੜ੍ਹਤ ਢਕੌਂਸਲਾ ਘੜ ਲਿਆ ਹੈ । ਉਹ ਆਪਣੇ ਲੋਭ ਲਾਲਚ ਦੇ ਸੁਭਾਅ ਨੂੰ ਹੀ ਸਦਾ ਅੱਗੇ ਰੱਖਦੇ ਹਨ । ਉਨ੍ਹਾਂ ਨੂੰ ਗੁਰੂ ਨਾਮ ਬਾਣੀ ਤੇ ਸੱਚੀ ਸੁੱਚੀ ਸ਼ਰਧਾ ਭਾਵਨੀ ਤਾਂ ਕਿੱਥੋਂ ਆਉਣੀ ਹੋਈ? ਉਨ੍ਹਾਂ ਨੂੰ ਤਾਂ ਇਸ ਜਹਾਨ ਤੋਂ ਤੁਰ ਜਾਣ ਦੀ ਵੀ ਪਰਤੀਤਿ ਨਹੀਂ । ਉਹ ਕੀ ਜਾਣਦੇ ਹਨ ਕਿ ਸੰਸਾਰੀ ਲੋਕ ਆਪਣੇ ਸੁਭਾਅ ਦੇ ਅਧੀਨ ਹੀ ਇੱਕ ਦੂਸਰੇ ਦੇ ਸਾਂਝੀਵਾਲ ਹਨ । ਦੁੱਖਾਂ ਸੁੱਖਾਂ ਵਿੱਚ ਹਰ ਵੇਲੇ ਬਹੁੜਨ ਵਾਲਾ ਤਾਂ ਕੇਵਲ ਹਰੀ ਹੈ ਜਿਸ ਦੇ ਨਾਮ ਜਪਣ ਕਰਕੇ ਜਮਾਂ ਤੋਂ ਛੁਟ ਸਕੀਦਾ ਹੈ । ਯਥਾ ਗੁਰਵਾਕ: –

ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ ਤੇ ਸਭਿ ਅਪਨੈ ਸੁਆਇ ਮਿਲਾਸਾ॥
ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ ਤਿਤੁ ਦਿਨਿ ਨੇੜੈ ਕੋ ਨ ਢੁਕਾਸਾ॥
ਮਨ ਮੇਰੇ ਅਪਨਾ ਹਰਿ ਸੇਵਿ ਦਿਨੁ ਰਾਤੀ ਜੋ ਤੁਧੁ ਉਪਕਰੈ ਦੁਖਿ ਸੁਖਾਸਾ॥
ਜਨ ਨਾਨਕ ਅਨਦਿਨੁ ਨਾਮੁ ਜਪਹੁ ਹਰਿ ਸੰਤਹੁ ਇਹੁ ਛੂਟਣ ਕਾ ਸਾਚਾ ਭਰਵਾਸਾ॥ (੮੬੦)

੪੪. ਬੇ-ਬਿਸਾਹੀਏ: – ਜਿਨੀ ਗੁਰਮੁਖਿ ਨਾਮੁ ਨ ਚੇਤਿਓ ਸੇ ਬਹਣਿ ਨ ਮਿਲਨੀ ਪਾਸਿ॥
ਮਨਮੁਖਾ ਨੋ ਕੋ ਨ ਵਿਸਹੀ ਚੁਕਿ ਗਇਆ ਵੇਸਾਸੁ॥ (੬੪੩)

ਮਨਮੁਖਾਂ ਦਾ ਇਤਬਾਰ ਚੁੱਕਿਆ ਜਾਂਦਾ ਹੈ । ਉਨ੍ਹਾਂ ਤੇ ਕੋਈ ਵੀ ਭਰੋਸਾ ਯਕੀਨ ਨਹੀਂ ਕਰ ਸਕਦਾ ਨਾ ਐਥੇ ਨਾ ਅੱਗੇ, ਕਿਉਂ ਜੋ ਉਹ ਅਤਿ ਦਰਜੇ ਦੇ ਲੋਭੀ ਹੋ ਜਾਂਦੇ ਹਨ । ਐਸੀ ਦਸ਼ਾ ਉਨ੍ਹਾਂ ਦੀ ਨਾਮ ਦੇ ਭੁੱਲਣ ਤੋਂ ਹੋਈ ਹੈ । ਐਸੇ ਮਨਮੁਖਾਂ ਲੋਭੀਆਂ ਤੋਂ ਦੂਰ ਰਹਿਣਾ ਹੀ ਉੱਚਿਤ ਹੈ ਨਹੀਂ ਤਾਂ ਉਹ ਸੰਗੀਆਂ ਸਾਥੀਆਂ ਦੇ ਮੂੰਹ ਵੀ ਕਾਲੇ ਕਰਵਾਉਣਗੇ ਅੱਗੇ ਜਾ ਕੇ । ਯਥਾ ਗੁਰਵਾਕ: –

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥ ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ॥
ਮਨਮੁਖ ਸੇਤੀ ਸੰਗੁ ਕਰੇ ਮੁਹਿ ਕਾਲਖ ਦਾਗੁ ਲਗਾਇ॥ ਮੁਹ ਕਾਲੇ ਤਿਨ੍ ਲੋਭੀਆਂ ਜਾਸਨਿ ਜਨਮੁ ਗਵਾਇ॥ (੧੪੧੭)

੪੫. ਬੇਤਾਲੇ: – ਅੰਤਰਿ ਵਸਤੁ ਮੂੜਾ ਬਾਹਰੁ ਭਾਲੇ॥ ਮਨਮੁਖ ਅੰਧੇ ਫਿਰਹਿ ਬੇਤਾਲੇ॥ (੧੧੭)

ਨਾਮ ਤੱਤੁ ਵਸਤੂ ਇਸ ਪ੍ਰਾਣੀ ਦੇ ਅੰਦਰੋਂ ਮਿਲਣੀ ਹੈ ਜੋ ਲਭੀ ਕੇਵਲ ਸਤਿਗੁਰੂ ਰਾਹੀਂ ਹੀ ਜਾ ਸਕਦੀ ਹੈ । ਕਮਲੇ, ਅੰਨ੍ਹੇ, ਮਨਮੁਖ ਬੇਤਾਲੇ ਹੋਏ ਇਸ ਵਸਤੂ ਨੂੰ ਬਾਹਰ ਲੱਭਦੇ ਫਿਰਦੇ ਹਨ । ਪਏ ਫਿਰੀ ਜਾਣ ਸਾਰੀ ਉਮਰ ਆਪੇ ਬੈਠ ਜਾਣਗੇ ਹਾਰ ਹੰਭ ਕੇ । ਨਾਮ ਰੂਪੀ ਧਨ ਤਾਂ ਸੇਵਾ ਭਾਵ ਨਾਲ ਸਤਿਗੁਰੂ ਪਾਸੋਂ ਹੀ ਮਿਲ ਸਕਦਾ ਹੈ ਪ੍ਰੰਤੂ ਕਰਮਹੀਣ ਪੁਰਸ਼ ਸਤਿਗੁਰੂ ਨੂੰ ਛੱਡ ਕੇ ਦੇਸ਼ਾਂ ਦਿਸੰਤਰਾਂ ਵਿੱਚ ਇਸ ਪਦਾਰਥ ਲਈ ਭਰਮਦੇ ਭਟਕਦੇ ਫਿਰਦੇ ਹਨ । ਯਥਾ ਗੁਰਵਾਕ: –

ਗੁਰਮੁਖਿ ਸੇਵਕ ਭਾਇ ਹਰਿ ਧਨੁ ਮਿਲੈ ਤਿਥਹੁ ਕਰਮਹੀਣ ਲੈ ਨ ਸਕਹਿ ਹੋਰ ਥੈ
ਦੇਸ ਦਿਸੰਤਰਿ ਹਰਿ ਧਨੁ ਨਾਹਿ॥ (੮੫੩)

੪੬. ਬਹੁ-ਰਾਹੀਏ: – ਕੂੜਿ ਮੁਠੀ ਚਾਲੈ ਬਹੁ ਰਾਹੀ॥ ਮਨਮੁਖੁ ਦਾਝੈ ਪੜਿ ਪੜਿ ਭਾਹੀ॥ (੧੦੨੯)

ਮਨਮੁਖ ਝੂਠੇ ਲਾਲਚਾਂ ਵਿੱਚ ਲੱਗ ਕੇ ਬਹੁਤੀ ਰਾਹੀਂ ਪਏ ਫਿਰਦੇ ਹਨ । ਬਹੁਤੀਆਂ ਪੜ੍ਹਾਈਆਂ ਕਰ ਕਰ ਕੇ ਤ੍ਰਿਸ਼ਨਾ ਰੂਪੀ ਅੱਗ ਤੇ ਸਗੋਂ ਹੋਰ ਤੇਲ ਪਾ ਰਹੇ ਹਨ ।

੪੭. ਉਝੜ ਪੰਥੀਏ: – ਮਨਮੁਖਿ ਵਿਛੁੜੀ ਦੂਰਿ ਮਹਲੁ ਨ ਪਾਏ ਬਲਿ ਗਈ ਬਲਿ ਰਾਮ ਜੀਉ॥
ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ ਕੂੜਿ ਲਈ ਬਲਿ ਰਾਮ ਜੀਉ॥
ਕੂੜੁ ਕਪਟੁ ਕਮਾਵੈ ਮਹਾ ਦੁਖੁ ਪਾਵੈ ਵਿਣੁ ਸਤਿਗੁਰ ਮਗੁ ਨ ਪਾਇਆ॥
ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਧਕੇ ਖਾਇਆ॥ (੭੭੩)

ਰੱਬ ਦੇ ਰਸਤੇ ਨੂੰ ਦਿਖਾਉਣ ਵਾਲਾ ਬਿਨਾਂ ਸਤਿਗੁਰੂ ਤੋਂ ਹੋਰ ਕੋਈ ਨਹੀਂ ਇਹ ਗੁਰਮਤਿ ਦਾ ਅਟੱਲ ਫ਼ੈਸਲਾ ਹੈ । ਮਨਮੁਖ ਸਤਿਗੁਰੂ ਅੱਗੇ ਢਹਿੰਦੇ ਨਹੀਂ । ਉਹ ਤਾਂ ਲੋਭ ਲਾਲਚ ਦੇ ਕਾਰਨ ਝੂਠੇ ਧਨ ਪਿੱਛੇ ਨੱਠ ਕੇ ਹੀ ਸਾਰੀ ਉਮਰ ਬਿਤਾ ਜਾਂਦੇ ਹਨ । ਐਥੇ ਵੀ ਐਸੇ ਦੁੱਖੀਆਂ ਨੂੰ ਖਿਨ ਖਿਨ ਧੱਕੇ ਤੇ ਅੱਗੇ ਵੀ ਜਮਾਂ ਦੇ ਠੇਂਗੇ ਜੋ ਸਹਿਣੇ ਬੜੇ ਔਖੇ ਹਨ । ਯਥਾ ਗੁਰਵਾਕ: –

ਕਬੀਰ ਜਮ ਕਾ ਠੇਂਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ॥
ਏਕੁ ਜੁ ਸਾਧੂ ਮੋਹਿ ਮਿਲਿਓ ਤਿਨ੍ਹਿ ਲੀਆ ਅੰਚਲਿ ਲਾਇ॥ (੧੩੬੯)

੪੮. ਅੰਧ ਅਗਿਆਨੀ: – ਬਜਰ ਕਪਾਟ ਕਾਇਆ ਗੜ੍ ਭੀਤਰਿ ਕੂੜੁ ਕੁਸਤੁ ਅਭਿਮਾਨੀ॥
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ॥
ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ॥
ਗੁਰ ਸਬਦੀ ਖੋਲਾਈਅਨ੍ਹਿ ਹਰਿ ਨਾਮੁ ਜਪਾਨੀ॥ (੫੧੪)

ਮਨਮੁਖ ਅੰਨ੍ਹਿਆਂ ਅਗਿਆਨੀਆਂ ਨੂੰ ਕੀ ਪਤਾ ਹੈ ਕਿ ਉਨ੍ਹਾਂ ਦੇ ਦੇਹੀ ਰੂਪੀ ਕਿਲ੍ਹੇ ਦੇ ਅੰਦਰਵਾਰ ਹੀ ਝੂਠ, ਫਰੇਬ ਤੇ ਹੰਕਾਰ ਰੂਪੀ ਪੱਥਰ ਵਰਗੇ ਕਰੜੇ ਬੂਹੇ ਮੌਜੂਦ ਹਨ । ਉਨ੍ਹਾਂ ਭਰਮਿ ਭੁਲਾਣਿਆਂ ਨੂੰ ਉਹ ਦਿਸ ਵੀ ਨਹੀਂ ਸਕਦੇ, ਖੁੱਲਣੇ ਤਾਂ ਉਨ੍ਹਾਂ ਪਾਸੋਂ ਕੀ ਹਨ । ਭਾਵੇਂ ਅਨੇਕ ਭੇਖ ਧਾਰ ਕੇ ਸਾਰੀ ਉਮਰ ਅਨਿਕ ਪਰਕਾਰੀ ਉਪਾਓ ਪਏ ਕਰਦੇ ਫਿਰਨ । ਉਹ ਬਜਰ ਕਪਾਟ ਤਾਂ ਕੇਵਲ ਪੂਰੇ ਸਤਿਗੁਰੂ ਪਾਸੋਂ ਸ਼ਬਦ ਗੁਰਮੰਤ੍ਰ ਦੀ ਪ੍ਰਾਪਤੀ ਕਰਕੇ ਨਾਮ ਜਪਣ ਨਾਲ ਹੀ ਖੁੱਲ੍ਹਦੇ ਹਨ ਤਾਂ ਕਿਤੇ ਜਾ ਕੇ ਦਸਮ ਦੁਆਰਾ ਪ੍ਰਗਟ ਹੁੰਦਾ ਹੈ ਅਤੇ ਵਾਹਿਗੁਰੂ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ ।

੪੯. ਅੰਧ ਗੁਬਾਰੀਏ: – ਵਿਣੁ ਨਾਵੈ ਸਭਿ ਭਰਮਦੇ ਨਿਤ ਜਗਿ ਤੋਟਾ ਸੈਸਾਰਿ॥
ਮਨਮੁਖਿ ਕਰਮ ਕਮਾਵਣੇ ਹਉਮੈ ਅੰਧੁ ਗੁਬਾਰੁ॥ (੬੪੬)

ਗੁਰਮਤਿ ਨਾਮ ਤੋਂ ਬਿਨਾਂ ਸਾਰਾ ਸੰਸਾਰ ਭਰਮਦਾ ਭਟਕਦਾ ਫਿਰਦਾ ਹੈ । ਮਨਮੁਖਾਂ ਦੇ ਸਮੂਹ ਕਰਮਾਂ ਦੀ ਨੀਂਹ ਹਉਮੈ ਹੰਕਾਰ ਤੇ ਹੀ ਹੁੰਦੀ ਹੈ । ਉਨ੍ਹਾਂ ਦੇ ਕੀਤੇ ਅਨਿਕ ਪ੍ਰਕਾਰੀ ਕਰਮ ਧਰਮ ਸਭ ਨਿਸਫਲ ਹੀ ਜਾਂਦੇ ਹਨ । ਉਨ੍ਹਾਂ ਨੂੰ ਲਾਹਾ ਕਿਵੇਂ ਮਿਲ ਸਕਦਾ ਹੈ? ਉਹ ਤਾਂ ਸਦਾ ਘਾਟੇ ਦੇ ਭਾਗੀ ਹੀ ਬਣਦੇ ਹਨ । ਉਨ੍ਹਾਂ ਦੇ ਸਾਰੇ ਕਰਮ ਧਰਮ ਨਿਗੁਰੇ ਹੋਣ ਕਰਕੇ ਕੱਲਰਾਂ ਵਿੱਚ ਬੀਜ ਪਾਉਣ ਵਾਲੀ ਗੱਲ ਹੁੰਦੀ ਹੈ ਕਿਉਂ ਜੋ ਸਤਿਗੁਰੂ ਬਾਝਹੁ ਸਭ ਅਨ੍ਹੇਰ ਖਾਤਾ ਹੀ ਹੈ । ਜੈਸੇ ਗੁਰ ਫੁਰਮਾਨ ਹੈ: –

ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ॥
ਸਤਿਗੁਰ ਬਾਝਹੁ ਘੋਰ ਅੰਧਾਰਾ ਡੂਬਿ ਮੁਏ ਬਿਨੁ ਪਾਣੀ॥ (੧੨੭੫)

੫੦. ਕਠੋਰ ਚਿਤੇ: – ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ॥
ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ॥ (੭੫੫)

ਮਨਮੁਖਾਂ ਦੇ ਚਿੱਤ ਅਤੀ ਮੈਲੇ, ਕਰੜੇ ਅਤੇ ਅਣਭਿੱਜ ਪੱਥਰ ਦੀ ਨਿਆਈਂ ਹੁੰਦੇ ਹਨ । ਉਨ੍ਹਾਂ ਦਾ ਸੁਭਾਅ ਸੱਪ ਵਰਗਾ ਹੀ ਬਣ ਜਾਂਦਾ ਹੈ ਜੋ ਦੁੱਧ ਪਿਆਉਣ ਵਾਲੇ ਨੂੰ ਵੀ ਡੰਗ ਮਾਰਨੋਂ ਨਹੀਂ ਟਲਦਾ । ਜਿਵੇਂ ਸੱਪ ਦੀ ਅੰਦਰਲੀ ਵਿਸ ਕਦੇ ਦੂਰ ਨਹੀਂ ਹੁੰਦੀ ਇਸੀ ਪ੍ਰਕਾਰ ਮਨਮੁਖ ਵੀ ਆਪਣੀ ਅੰਦਰਲੀ ਵਿਹੁ ਨੂੰ ਦੂਰ ਨਹੀਂ ਕਰ ਸਕਦੇ । ਹਾਂ ਵਿਹੁ ਅੰਦਰਿ ਡੁੱਬ ਕੇ ਮਰ ਰਹੇ ਮਨਮੁਖਾਂ ਨੂੰ ਬਾਹੋਂ ਫੜ ਕੇ ਕੇਵਲ ਸਤਿਗੁਰੂ ਹੀ ਕੱਢ ਸਕਦਾ ਹੈ । ਜੈਸੇ ਗੁਰ ਫੁਰਮਾਨ ਹੈ: –

ਗੁਰ ਸਤਿਗੁਰਿ ਨਾਮੁ ਦ੍ਰਿੜਾਇਓ ਹਰਿ ਹਰਿ ਹਮ ਮੁਏ ਜੀਵੇ ਹਰਿ ਜਪਿਭਾ॥
ਧਨੁ ਧੰਨੁ ਗੁਰੂ ਗੁਰੁ ਸਤਿਗੁਰੁ ਪੂਰਾ ਬਿਖੁ ਡੁਬਦੇ ਬਾਹ ਦੇਇ ਕਢਿਭਾ॥ (੧੩੩੭)

੫੧. ਕੁਰਹਿਤੀਏ: – ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥ ਨਾਵਹੁ ਭੂਲੇ ਥਾਉ ਨ ਕੋਈ॥ (੯੩੧)

ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਬੰਦਾ ਨਿਰੀਆਂ ਗਿਆਨ ਦੀਆਂ ਗੱਲਾਂ ਹੀ ਕਰਦਾ ਹੈ, ਪਰ ਉਸ ਦੀ ਰਹਿਣੀ ਪਵਿੱਤ੍ਰ ਨਹੀਂ ਹੁੰਦੀ । ਪ੍ਰਮਾਤਮਾ ਦੇ ਨਾਮ ਤੋਂ ਖੁੰਝੇ ਹੋਏ ਨੂੰ ਮਾਇਆ ਦੀ ਭਟਕਣ ਤੋਂ ਬਚਣ ਲਈ ਕੋਈ ਆਸਰਾ ਨਹੀਂ ਮਿਲਦਾ ।

੫੨. ਫੋਕਟ ਕਰਮੀਏ: – ਧਰਣੀਧਰੁ ਤਿਆਗਿ ਨੀਚ ਕੁਲ ਸੇਵਹਿ ਹਉ ਹਉ ਕਰਤ ਬਿਹਾਵਥ॥
ਫੋਕਟ ਕਰਮ ਕਰਹਿ ਅਗਿਆਨੀ ਮਨਮੁਖਿ ਅੰਧ ਕਹਾਵਥ॥ (੧੦੦੧)

ਹੰਕਾਰੀ ਅੰਨ੍ਹੇ ਮਨਮੁਖਾਂ ਦੇ ਮੈਂ-ਮੈਂ ਕਰਦਿਆਂ ਦੇ ਕੀਤੇ ਸਾਰੇ ਕਰਮ ਧਰਮ ਨਿਸਫ਼ਲ ਜਾਂਦੇ ਹਨ । ਜਾਣ ਵੀ ਕਿਉਂ ਨਾ ਉਹ ਧਰਤੀ ਨੂੰ ਆਸਰਾ ਦੇਣ ਵਾਲੇ ਸੱਚੇ ਵਾਹਿਗੁਰੂ ਦੀ ਨਿਰਗੁਣੀ ਪੂਜਾ ਨੂੰ ਛੱਡ ਕੇ ਨਾਮਹੀਣੇ ਨੀਚ ਕੁਲ ਦੇ ਦੇਵੀ ਦੇਵਤਿਆਂ ਦੀ ਪੂਜਾ ਮਗਰ ਲੱਗ ਤੁਰੇ ਹਨ ।

੫੩. ਫਿਕ ਮਤੀਏ: – ਲਾਲੇ ਗੋਲੇ ਮਤਿ ਖਰੀ ਗੁਰ ਕੀ ਮਤਿ ਨੀਕੀ॥
ਸਾਚੀ ਸੁਰਤਿ ਸੁਹਾਵਣੀ ਮਨਮੁਖ ਮਤਿ ਫੀਕੀ॥ (੧੦੧੧)

ਗੁਰੂ ਦੀ ਮਤਿ ਸਦਾ ਚੰਗੇਰੀ ਅਤੇ ਨਿਰਮਲ ਹੋਣ ਕਰਕੇ ਉਸ ਦੇ ਸੇਵਕਾਂ ਦੀ ਮਤਿ ਵੀ ਖਰੀ ਵਧੀਆ ਹੋ ਜਾਣੀ ਹੋਈ ਕਿਉਂ ਜੋ ਉਨ੍ਹਾਂ ਦੀ ਸੁਰਤੀ ਬਿਰਤੀ ਸਦਾ ਨਾਮ ਵਿੱਚ ਹੀ ਲਗੀ ਰਹਿਣੀ ਹੋਈ । ਇਸ ਤੋਂ ਉਲਟ ਮਨਮੁਖਾਂ ਸਾਕਤਾਂ ਦੀ ਮਤਿ ਫਿਕੇ ਬੋਲ ਬੋਲਣ ਕਰਕੇ ਸਦਾ ਫਿਕੀ ਹੀ ਰਹਿਣੀ ਹੋਈ । ਐਸੇ ਦੁਰਮੱਤੀਏ ਭਾਗਹੀਣ ਮਨਮੁਖਾਂ ਨੂੰ ਨਾਮ ਭਾਉਂਦਾ ਹੀ ਨਹੀਂ ਉਹ ਤਾਂ ਕਾਵਾਂ ਦੀ ਨਿਆਈਂ ਚੁਗਲੀ ਨਿੰਦਿਆ ਰੂਪ ਵਿਸ਼ਟਾ ਖਾ ਕੇ ਹੀ ਪ੍ਰਸੰਨ ਰਹਿੰਦੇ ਹਨ । ਯਥਾ ਗੁਰਵਾਕ: –

ਦੁਰਮਤਿ ਭਾਗਹੀਨ ਮਤਿ ਫੀਕੇ ਨਾਮੁ ਸੁਨਤ ਆਵੈ ਮਨਿ ਰੋਹੈ॥
ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ॥ (੪੯੩)

੫੪. ਕੱਚ ਬੁੱਧੀਏ: – ਮਨਮੁਖ ਬੁਧਿ ਕਾਚੀ ਮਨੂਆ ਡੋਲੈ ਅਕਥੁ ਨ ਕਥੈ ਕਹਾਨੀ॥
ਗੁਰਮਤਿ ਨਿਹਚਲੁ ਹਰਿ ਮਨਿ ਵਸਿਆ ਅੰਮ੍ਰਿਤ ਸਾਚੀ ਬਾਨੀ॥ (੧੨੩੩)

ਪਾਣੀ ਦੀ ਨਿਆਈਂ ਡੋਲਦੇ ਮਨ ਵਾਲਾ ਕੱਚੀ ਤੇ ਫਿੱਕੀ ਕੁਮੱਤੜੀ ਵਾਲਾ ਅਗਿਆਨੀ ਮਨਮੁਖ ਗੁਰੂ ਦੀ ਅਕੱਥ ਕਹਾਣੀ ਵਾਲੀ ਸੱਚੀ ਸੁੱਚੀ ਬੁਝਾਰਤ ਨੂੰ ਕੈਸੇ ਬੁਝ ਸਕਦਾ ਹੈ? ਇਸ ਬੁਝਾਰਤ ਨੂੰ ਤਾਂ ਗੁਰੂ ਦੀ ਅੰਮ੍ਰਿਤਮਈ ਬਾਣੀ ਨੂੰ ਅਸਲ ਅਰਥਾਂ ਵਿੱਚ ਗੁਰੂ ਰੂਪ ਮੰਨਣ ਵਾਲੇ ਗੁਰਮੱਤੀਏ ਗੁਰਮੁਖਿ ਪਿਆਰੇ ਗੁਰੂ ਦੇ ਲਾਲ ਹੀ ਸਾਸਿ ਗਿਰਾਸਿ ਨਾਮ ਅਭਿਆਸ ਕਮਾਈ ਦੁਆਰਾ ਹੀ ਬੁੱਝਣ ਦੇ ਸਮਰੱਥ ਹਨ ਜਿਨ੍ਹਾਂ ਨੇ ਗੁਰੂ ਦੀ ਨਿਹਚਲ ਮਤਿ ਧਾਰਨ ਕਰਕੇ ਗੁਰ ਸ਼ਬਦ ਦੁਆਰਾ ਹਰੀ ਨੂੰ ਆਪਣੇ ਮਨ ਵਿੱਚ ਹੀ ਵਸਾ ਲਿਆ, ਇਹ ਅਣੋਖੀ ਗੱਲ ਹੁਣ ਸਮਝ ਆਈ । ਗੁਰਵਾਕ: –

ਦੇਖਹੁ ਅਚਰਜੁ ਭਇਆ॥ ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ॥ (੬੧੨)

੫੫. ਹੋਛ ਮੱਤੀਏ: – ਮਨਮੁਖ ਹੀਨ ਹੋਛੀ ਮਤਿ ਝੂਠੀ ਮਨਿ ਤਨਿ ਪੀਰ ਸਰੀਰੇ॥
ਜਬ ਕੀ ਰਾਮ ਰੰਗੀਲੈ ਰਾਤੀ ਰਾਮ ਜਪਤ ਮਨ ਧੀਰੇ॥ (੧੧੯੭)

ਹੋਛ ਮੱਤੀਏ ਮਨਮੁਖਾਂ ਨੂੰ ਗੁਰੂ ਦੀ ਸੱਚੀ ਸੁੱਚੀ ਨਿਰਮਲ ਮਤਿ ਨਾ ਧਾਰਨ ਦੇ ਕਾਰਨ ਆਪਣੀ ਝੂਠੀ ਮਤਿ ਦੇ ਮਗਰ ਲੱਗਿਆਂ ਸਦਾ ਮਨ ਤੇ ਤਨ ਦੀ ਪੀੜ ਨੂੰ ਸਹਿਣਾ ਪਿਆ । ਇਸ ਤੋਂ ਉਲਟ ਗੁਰਮੁਖਾਂ ਨੇ ਗੁਰੂ ਦੀ ਨਿਹਚਲ ਮਤਿ ਨੂੰ ਧਾਰਨ ਕਰਕੇ ਗੁਰੂ ਪਾਸੋਂ ਗੁਰਮੰਤ੍ਰ ਗੁਰ ਸ਼ਬਦ ਦੀ ਪ੍ਰਾਪਤੀ ਕਰਕੇ ਸਾਸਿ ਗਿਰਾਸਿ ਨਾਮ ਅਭਿਆਸ ਕਮਾਈ ਦੁਆਰਾ ਆਪਣੇ ਮਨਾਂ ਨੂੰ ਨਾਮ ਦੇ ਚਲੂਲੇ ਰੰਗ ਚਾੜ੍ਹ ਕੇ ਧੀਰਜ ਹੀ ਪ੍ਰਾਪਤ ਕਰ ਲਿਆ ।

੫੬. ਚੰਚਲ ਮੱਤੀਏ: – ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ॥
ਕੀਤਾ ਕਰਤਿਆ ਬਿਰਥਾ ਗਇਆ ਇਕੁ ਤਿਲੁ ਥਾਇ ਨ ਪਾਈ॥ (੧੪੧੪)

ਮਨਮੁਖ ਆਪਣੇ ਭਾਣੇ ਬੜੇ ਸਿਆਣੇ ਤੇ ਚਤੁਰ ਹਨ ਕਿਉਂ ਜੋ ਆਪਣੀਆਂ ਚਤੁਰਾਈਆਂ ਸਿਆਣਪਾਂ ਨਾਲ ਬਹੁ ਪ੍ਰਕਾਰੀ ਠੱਗੀਆਂ ਰਚ ਕੇ ਜਹਾਨ ਨੂੰ ਲੁੱਟ ਪੁੱਟ ਲੈਂਦੇ ਹਨ । ਦਰਅਸਲ ਲੁੱਟੇ ਪੁੱਟੇ ਉਹ ਆਪ ਜਾਂਦੇ ਹਨ ਕਿਉਂ ਜੋ ਅਖੀਰ ਨੂੰ ਉਨ੍ਹਾਂ ਦੀਆਂ ਚਤੁਰਾਈਆਂ ਸਿਆਣਪਾਂ ਸਭ ਬਿਰਥਾ ਜਾਣੀਆਂ ਹਨ । ਇੱਕ ਤਿਲ ਵੀ ਥਾਂਇ ਨਹੀਂ ਪੈਣੀਆਂ । ਯਥਾ ਗੁਰਵਾਕ: –

ਨਿਤ ਨਿਹਫਲ ਕਰਮ ਕਮਾਇ ਬਫਾਵੈ ਦੁਰਮਤੀਆ॥ ਜਬ ਆਣੈ ਵਲਵੰਚ ਕਰਿ ਝੂਠੁ ਤਬ ਜਾਣੈ ਜਗੁ ਜਿਤੀਆ॥
ਐਸਾ ਬਾਜੀ ਸੈਸਾਰੁ ਨ ਚੇਤੈ ਹਰਿ ਨਾਮਾ॥ ਖਿਨ ਮਹਿ ਬਿਨਸੈ ਸਭੁ ਝੂਠੁ ਮੇਰੇ ਮਨ ਧਿਆਇ ਰਾਮਾ॥ (੭੨੩)

੫੭. ਮੰਦਭਾਗੇ: – ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ॥
ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ॥ (੭੧੧)

ਜਿਨ੍ਹਾਂ ਮੰਦਭਾਗੀ ਪੁਰਖਾਂ ਨੇ ਲੋਭ ਲਾਲਚ ਅਤੇ ਵਿਸ਼ੇ ਵਿਕਾਰਾਂ ਦੇ ਵੱਸ ਹੋ ਕੇ ਅਤਿ ਚੰਗੇਰੇ ਅਕਾਲ ਪੁਰਖ ਅੰਤਰਯਾਮੀ ਨੂੰ ਵਿਸਾਰ ਛੱਡਿਆ ਹੈ, ਉਹ ਅਗਿਆਨੀ ਅਤੇ ਮਨਮੁਖ ਕਹੇ ਜਾਂਦੇ ਹਨ ।

੫੮. ਭਾਗ ਵਿਹੂਣੇ: – ਵਡਭਾਗੀ ਗੁਰੁ ਸੇਵਿਆ ਹਰਿ ਪਾਇਆ ਸੁਘੜ ਸੁਜਾਣੀ॥
ਮਨਮੁਖ ਭਾਗ ਵਿਹੂਣਿਆ ਤਿਨ ਦੁਖੀ ਰੈਣਿ ਵਿਹਾਣੀ॥ (੯੯੭)

ਉਹ ਵਡਭਾਗੇ ਪੁਰਸ਼ ਹਨ ਜਿਨ੍ਹਾਂ ਨੇ ਗੁਰੂ ਦੇ ਲੜ ਲੱਗ ਕੇ ਸੁਘੜ ਸੁਜਾਨ ਵਾਹਿਗੁਰੂ ਦੀ ਪ੍ਰਾਪਤੀ ਕਰਕੇ ਮਨੁੱਖਾ ਜਨਮ ਨੂੰ ਸਫ਼ਲ ਕਰ ਲਿਆ ਹੈ । ਪ੍ਰੰਤੂ ਮਨਮੁਖਾਂ ਅਭਾਗਿਆਂ ਦੀ ਸਾਰੀ ਉਮਰ ਇਸ ਗੱਲੋਂ ਘੁੱਥਿਆਂ ਦੀ ਦੁੱਖਾਂ ਕਲੇਸ਼ਾਂ ਵਿੱਚ ਐਵੇਂ ਅਜਾਈਂ ਹੀ ਜਾਂਦੀ ਹੈ ।

੫੯. ਨਾਮ ਵਿਹੂਣੇ: – ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ ਭੁਲੁ॥
ਇਸ ਕਾ ਰੰਗੁ ਦਿਨ ਥੋੜਿਆ ਛੋਛਾ ਇਸ ਦਾ ਮੁਲੁ॥ (੮੫)

ਨਾਮ ਤੋਂ ਸੱਖਣੇ ਮਨਮੁਖ ਨੂੰ ਉਪਦੇਸ਼ ਦਿੱਤਾ ਹੈ ਕਿ ਦੁਨੀਆਂ ਦੇ ਪਦਾਰਥ ਕਸੁੰਭੇ ਰੰਗ ਦੀ ਨਿਆਈਂ ਹਨ । ਇਨ੍ਹਾਂ ਨੂੰ ਦੇਖ ਕੇ ਭੁੱਲਣਾ ਨਹੀਂ ਚਾਹੀਦਾ । ਕਸੁੰਭ ਰੰਗ ਕੱਚਾ ਹੁੰਦਾ ਹੈ । ਇਹ ਛੇਤੀ ਹੀ ਲਹਿ ਜਾਂਦਾ ਹੈ ਇਸ ਦਾ ਮੁੱਲ ਵੀ ਘੱਟ ਹੁੰਦਾ ਹੈ । ਨਾਮ ਦਾ ਰੰਗ ਚਾੜ੍ਹ ਜੋ ਮਜੀਠ ਦੀ ਨਿਆਈਂ ਹੈ ।

੬੦. ਭਗਤਿ ਵਿਹੂਣੇ: – ਮਨਮੁਖਿ ਅੰਤਰਿ ਭਗਤ ਨ ਹੋਈ॥ ਗੁਰਮੁਖਿ ਭਗਤਿ ਸਾਂਤਿ ਸੁਖੁ ਹੋਈ॥ (੧੦੪੯)

ਮਨਮੁਖ ਸਦਾ ਦੁੱਖੀ ਰਹਿੰਦੇ ਹਨ ਕਿਉਂ ਜੋ ਉਹ ਭਗਤੀ ਤੋਂ ਖਾਲੀ ਹੁੰਦੇ ਹਨ । ਇਸ ਦੇ ਟਾਕਰੇ ਤੇ ਗੁਰਮੁਖਿ ਸਦਾ ਸੁੱਖੀ ਰਹਿੰਦੇ ਹਨ ਕਿਉਂ ਜੋ ਉਹ ਪ੍ਰੇਮਾ ਭਗਤੀ ਵਿੱਚ ਮਗਨ ਰਹਿੰਦੇ ਹਨ ।

੬੧. ਗਿਆਨ ਵਿਹੂਣੇ: – ਗੁਰਮੁਖਿ ਨਦਰਿ ਨਿਹਾਲਿ ਮਨ ਮੇਰੇ ਅੰਤਰਿ ਹਰਿ ਨਾਮੁ ਸਖਾਈ॥
ਮਨਮੁਖ ਅੰਧੁਲੇ ਗਿਆਨ ਵਿਹੂਣੇ ਦੂਜੈ ਭਾਇ ਖੁਆਈ॥ (੫੬੯)

ਮਨਮੁਖ ਆਪ ਹੁਦਰੇ ਅਸਲ ਗਿਆਨ ਤੋਂ ਖਾਲੀ ਹਨ ਕਿਉਂ ਜੋ ਉਹ ਦੂਜੇ ਭਾਅ ਵਿੱਚ ਲੱਗ ਕੇ ਖੁਆਰ ਹੋ ਜਾਂਦੇ ਹਨ । ਗੁਰਮੁਖਿ ਸਦਾ ਮਨ ਅੰਦਰਿ ਨਾਮ ਦਾ ਆਸਰਾ ਲੈਂਦੇ ਹਨ ਉਨ੍ਹਾਂ ਤੇ ਗੁਰੂ ਦੀ ਨਦਰਿ ਮੇਹਰ ਜੋ ਹੋਈ ।

੬੨. ਧੰਧ ਪਿੱਟਊਏ: – ਸਭੁ ਮੋਹੁ ਮਾਇਆ ਸਰੀਰੁ ਹਰਿ ਕੀਆ ਵਿਚਿ ਦੇਹੀ ਮਾਨੁਖ ਭਗਤਿ ਕਰਾਈ॥
ਇਕਨਾ ਸਤਿਗੁਰੁ ਮੇਲਿ ਸੁਖੁ ਦੇਵਹਿ ਇਕਿ ਮਨਮੁਖਿ ਧੰਧੁ ਪਿਟਾਈ॥ (੭੩੫)

ਇਹ ਮੋਹ ਮਾਇਆ ਸਰੀਰ ਆਦਿ ਵਾਹਿਗੁਰੂ ਨੇ ਬਣਾਏ ਹਨ । ਇਨ੍ਹਾਂ ਨੂੰ ਭਗਤੀ ਮਾਰਗ ਵਿੱਚ ਲਾ ਕੇ ਮੁਕਤੀ ਬਖ਼ਸ਼ਸ਼ ਦਿੰਦਾ ਹੈ ਤੇ ਇਕਨਾਂ ਨੂੰ ਮਨਮੁਖ ਬਣਾ ਕੇ ਸਾਰੀ ਉਮਰ ਧੰਧੇ ਪਿੱਟਣ ਵਿੱਚ ਹੀ ਲਾ ਛੱਡਦਾ ਹੈ । ਜੋ ਮਨੁੱਖਾ ਜਨਮ ਪਾ ਕੇ ਸਤਿਗੁਰੂ ਦੀ ਸ਼ਰਨੀ ਆ ਪੈਂਦੇ ਹਨ, ਉਹ ਨਾਮ ਜਪ ਕੇ ਸੁੱਖੀ ਹੋ ਜਾਂਦੇ ਹਨ ਜੋ ਕੇਵਲ ਧੰਧਿਆਂ ਵਿੱਚ ਲੱਗ ਕੇ ਹੀ ਆਪਣੀ ਉਮਰ ਬਿਤਾਉਂਦੇ ਹਨ ਉਹ ਸਦਾ ਦੁੱਖ ਭੋਗਦੇ ਹਨ ।

੬੩. ਬਿਖੁ ਖੱਟਊਏ: – ਮਨਮੁਖਿ ਅੰਧਾ ਅੰਧੁ ਕਮਾਵੈ ਬਿਖੁ ਖਟੇ ਸੰਸਾਰੇ॥
ਮਾਇਆ ਮੋਹਿ ਸਦਾ ਦੁਖੁ ਪਾਏ ਬਿਨੁ ਗੁਰ ਅਤਿ ਪਿਆਰੇ॥ (੭੫੩)

ਮਨਮੁਖ ਨਿਗੁਰਾ ਰਹਿਣ ਕਰਕੇ ਮੋਹ ਮਾਇਆ ਦੇ ਜਾਲ ਵਿੱਚ ਫਸਿਆ ਪੈਰ-ਪੈਰ ਤੇ ਦੁੱਖ ਉਠਾਉਂਦਾ ਹੈ । ਉਸ ਦੇ ਸਾਰੇ ਕੰਮ ਅੰਧੇਰ ਖਾਤੇ ਵਾਲੇ ਹੁੰਦੇ ਹਨ । ਉਹ ਨਾਮ ਰੂਪੀ ਰਤਨਾਂ ਨੂੰ ਛੱਡ ਕੇ ਕੋਲਿਆਂ ਦੇ ਵਾਪਾਰ ਵਿੱਚ ਲੱਗ ਬੈਠਦਾ ਹੈ । ਗੁਰਵਾਕ ਹੈ: –

ਖਸਮੁ ਬਿਸਾਰਿ ਆਨ ਕੰਮਿ ਲਾਗਹਿ॥ ਕਉਡੀ ਬਦਲੇ ਰਤਨੁ ਤਿਆਗਹਿ॥ (੧੯੫)

੬੪. ਨਾਮਹੀਣ: – ਮਨਮੁਖੁ ਪ੍ਰਾਣੀ ਮੁਗਧੁ ਹੈ ਨਾਮਹੀਣ ਭਰਮਾਇ॥
ਬਿਨ ਗੁਰ ਮਨੂਆ ਨਾ ਟਿਕੈ ਫਿਰਿ ਫਿਰਿ ਜੂਨੀ ਪਾਇ॥ (੩੧੩)

ਮਨਮੁਖ ਮੂਰਖ ਨਿਗੁਰੇ ਹੋਣ ਦੇ ਕਾਰਨ ਨਾਮ ਤੋਂ ਖਾਲੀ ਹੁੰਦੇ ਹਨ । ਇਸੇ ਲਈ ਉਹ ਆਪ ਹੁਦਰੇ ਕੰਮ ਕਰਦੇ ਹੋਏ ਭਰਮਦੇ ਭਟਕਦੇ ਫਿਰਦੇ ਰਹਿੰਦੇ ਹਨ । ਉਨ੍ਹਾਂ ਦੇ ਮਨ ਰੂਪੀ ਮਸਤ ਹਾਥੀ ਨੂੰ ਗੁਰ ਉਪਦੇਸ਼ ਰੂਪੀ ਕੁੰਡੀ ਤੋਂ ਬਿਨ੍ਹਾਂ ਕੌਣ ਰੋਕ ਸਕਦਾ ਹੈ? ਇਹੀ ਵਜ੍ਹਾ ਹੈ ਕਿ ਮਨਮੁਖ ਚਉਰਾਸੀ ਦੇ ਗੇੜ ਵਿੱਚੋਂ ਨਹੀਂ ਨਿਕਲ ਸਕਦੇ । ਮਨਮੁਖਾਂ ਦੇ ਮਨ ਤਾਂ ਕੀ ਟਿਕਣੇ ਸੀ ਬੜੇ-ਬੜੇ ਭਾਰੀ ਪੰਡਿਤਾਂ ਵਿਦਵਾਨਾਂ ਜੋ ਬੜੀਆਂ-ਬੜੀਆਂ ਪੜ੍ਹਾਈਆਂ ਕਰ-ਕਰ ਕੇ ਥੱਕ ਚੁੱਕੇ ਹਨ ਅਤੇ ਸਿੱਧ ਸਾਧਿਕ ਸਮਾਧੀਆਂ ਲਾ ਹਾਰ ਹੰਭ ਚੁੱਕੇ ਹਨ ਉਨ੍ਹਾਂ ਦੇ ਮਨ ਵੀ ਵੱਸ ਨਹੀਂ ਆ ਸਕੇ । ਮਨ ਵੱਸ ਕਰਨ ਦੀਆਂ ਤੋਫ਼ੀਕਾਂ ਤਾਂ ਕੇਵਲ ਸਤਿਗੁਰੂ ਨੂੰ ਹੀ ਧੁਰ ਦਰਗਾਹੋਂ ਪ੍ਰਾਪਤਿ ਹੋਈਆਂ ਹਨ ਜੋ ਆਪਣੇ ਪਾਸੋਂ ਸ਼ਬਦ ਗੁਰਮੰਤ੍ਰ ਦੇ ਕੇ ਇੱਕ ਚੁੱਟਕੀ ਵਿੱਚ ਮਨ ਨੂੰ ਵੱਸ ਕਰਾਉਂਦਾ ਹੋਇਆ ਸੱਚੇ ਸੁੱਖ ਵਿੱਚ ਸਮਾਈ ਕਰਵਾਉਣ ਦੇ ਸਮਰੱਥ ਹੈ । ਯਥਾ ਗੁਰਵਾਕ: –

ਮਨਮੁਖ ਮੰਨੁ ਅਜਿਤੁ ਹੈ ਦੂਜੈ ਲਗੈ ਜਾਇ॥ ਤਿਸ ਨੋ ਸੁਖੁ ਸੁਪਨੈ ਨਹੀ ਦੁਖੇ ਦੁਖਿ ਵਿਹਾਇ॥
ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ॥
ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ॥ ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ॥
ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ॥
ਗੁਰ ਪਰਸਾਦੀ ਭਉ ਪਇਆ ਵਡਭਾਗਿ ਵਸਿਆ ਮਨਿ ਆਇ॥
ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ॥ ਸਚਿ ਰਤੇ ਸੇ ਨਿਰਮਲੇ ਜੋਤੀ ਜੋਤਿ ਮਿਲਾਇ॥
ਸਤਿਗੁਰਿ ਮਿਲਿਐ ਨਾਉ ਪਾਇਆ ਨਾਨਕ ਸੁਖਿ ਸਮਾਇ॥ (੬੪੪)

੬੫. ਭਾਗਹੀਣ: – ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ॥ (੪੧)

ਜਿਸ ਨੂੰ ਗੁਰੂ ਪਾਸੋਂ ਨਾਮ ਦੀ ਕਣੀ ਪ੍ਰਾਪਤ ਹੋ ਗਈ ਉਸ ਨੂੰ ਅੰਦਰੋਂ ਤੇ ਬਾਹਰੋਂ ਨਾਮ ਰਸ ਦੀਆਂ ਬੇਅੰਤ ਦਾਤਾਂ ਭੁੰਚਣ ਲਈ ਮਿਲ ਗਈਆਂ, ਭਾਗਹੀਣ ਮਨਮੁਖਾਂ ਨੂੰ ਇਹ ਸਾਰ ਕਿੱਥੋਂ ਆਵੇ ਕਿ ਨਾਮ ਰੂਪੀ ਅੰਮ੍ਰਿਤ ਰਸ ਸਦਾ ਵਰਸ ਰਿਹਾ ਹੈ । ਇਸ ਭੇਦ ਨੂੰ ਖੋਲ੍ਹਣ ਦੀ ਕੁੰਜੀ ਤਾਂ ਪੂਰੇ ਗੁਰੂ ਸਤਿਗੁਰੂ ਪਾਸ ਹੈ । ਯਥਾ ਗੁਰਵਾਕ: –

ਅੰਮ੍ਰਿਤੁ ਸਦਾ ਵਰਸਦਾ ਬੂਝਨਿ ਬੂਝਣਹਾਰ॥ ਗੁਰਮੁਖਿ ਜਿਨ੍ਹੀ ਬੁਝਿਆ ਹਰਿ ਅੰਮ੍ਰਿਤੁ ਰਖਿਆ ਉਰਿ ਧਾਰਿ॥
ਹਰਿ ਅੰਮ੍ਰਿਤੁ ਪੀਵਹਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰਿ॥
ਅੰਮ੍ਰਿਤੁ ਹਰਿ ਕਾ ਨਾਮੁ ਹੈ ਵਰਸੈ ਕਿਰਪਾ ਧਾਰਿ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਆਤਮ ਰਾਮੁ ਮੁਰਾਰਿ॥ (੧੨੮੧)

੬੬. ਧਨਹੀਣ: – ਸਿਫਤਿ ਖਜਾਨਾ ਬਖਸ ਹੈ ਜਿਸੁ ਬਖਸੈ ਸੋ ਖਰਚੈ ਖਾਇ॥
ਸਤਿਗੁਰ ਬਿਨੁ ਹਥਿ ਨ ਆਵਈ ਸਭ ਥਕੇ ਕਰਮ ਕਮਾਇ॥
ਨਾਨਕ ਮਨਮੁਖੁ ਜਗਤੁ ਧਨਹੀਣੁ ਹੈ ਅਗੈ ਭੁਖਾ ਕਿ ਖਾਇ॥ (੫੪੮)

ਸਿਫ਼ਤ ਸਲਾਹ ਦਾ ਨਾਮਧਨ ਰੂਪੀ ਸੱਚਾ ਖਜ਼ਾਨਾ ਧੁਰ ਦਰਗਾਹੋਂ ਗੁਰੂ ਸਤਿਗੁਰੂ ਨੂੰ ਸੰਭਾਲਿਆ ਗਿਆ ਹੈ । ਜਿਸ ਨੂੰ ਗੁਰੂ ਦੇਵੇ ਉਸੇ ਵਡਭਾਗੇ ਪੁਰਸ਼ ਦੇ ਇਹ ਵਡਮੁੱਲੀ ਵਸਤੂ ਹੱਥ ਆ ਸਕਦੀ ਹੈ । ਬਿਨਾਂ ਸਤਿਗੁਰੂ ਤੋਂ ਪਿੱਛੇ ਸਾਰੀ ਲੁਕਾਈ ਧੰਧ ਪਿਟਦੀ ਚਲਦੀ ਬਣੀ । ਕਿਸੇ ਨੂੰ ਇਹ ਅਮੋਲਕ ਖਜ਼ਾਨਾ ਹੱਥ ਨਾ ਲੱਗਾ ਤੇ ਨਾ ਅੱਗੋਂ ਨੂੰ ਲੱਗ ਸਕਦਾ ਹੈ । ਨਾਮ ਰੂਪੀ ਸੱਚੇ ਧਨ ਤੋਂ ਬਿਨਾਂ ਸਾਰਾ ਜਹਾਨ ਧਨਹੀਣ ਗਿਣਿਆ ਗਿਆ ਹੈ ਕਿਉਂ ਜੋ ਮਨਮੁਖਾਂ ਦਾ ਵਿਹੁ ਰੂਪੀ ਪਾਪਾਂ ਕਰਕੇ ਇਕੱਠਾ ਕੀਤਾ ਧਨ ਅੱਗੇ ਨਾਲ ਨਹੀਂ ਜਾ ਸਕਦਾ । ਜੈਸੇ ਗੁਰੂ ਫੁਰਮਾਨ ਹੈ: –

ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ ਤਿਨਾ ਇਕ ਵਿਖ ਨਾਲਿ ਨ ਜਾਈ॥
ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ ਅਗੈ ਪਲਤਿ ਸਾਕਤੁ ਹਰਿ ਦਰਗਹ
ਢੋਈ ਨ ਪਾਈ॥ (੭੩੪)

ਪ੍ਰੰਤੂ ਯਾਦ ਰਹੇ ਅਕਾਲ ਪੁਰਖ ਅੰਤਰਯਾਮੀ ਨੇ ਆਪਣੀ ਮਰਜ਼ੀ ਅਨੁਸਾਰ ਨਾਮ ਰੂਪੀ ਧਨ ਵਾਲੇ ਕਮਰੇ ਨੂੰ ਜ਼ਿੰਦਰਾ ਮਾਰ ਕੇ ਉਸ ਦੀ ਕੁੰਜੀ ਆਪਣੇ ਪਾਸ ਨਹੀਂ ਰੱਖੀ ਬਲਕਿ ਗੁਰੂ ਸਤਿਗੁਰੂ ਨੂੰ ਸੰਭਾਲ ਦਿੱਤੀ ਹੈ ਜਿਸ ਤੋਂ ਬਿਨਾਂ ਕਿਸੇ ਨੂੰ ਵੀ ਇਹ ਖਜ਼ਾਨਾ ਬਿਲਕੁਲ ਹੱਥ ਨਹੀਂ ਲੱਗ ਸਕਦਾ । ਜੈਸੇ ਗੁਰਵਾਕ: –

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥

ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥ (੨੦੫)

੬੭. ਕਰਮਹੀਣ: – ਗਰਬਿ ਗਹੇਲੀ ਮਹਲੁ ਨ ਪਾਵੈ॥ ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ॥
ਕਰਮਹੀਣਿ ਮਨਮੁਖਿ ਦੁਖੁ ਪਾਵੈ॥ (੭੩੭)

ਮਨਮੁਖ ਖੋਟੇ ਭਾਗਾਂ ਵਾਲੀ ਇਸਤਰੀ ਸਦਾ ਦੁੱਖ ਪਾਉਂਦੀ ਹੈ । ਹੰਕਾਰ ਦੀ ਪੁਤਲੀ ਹੋਣ ਕਰਕੇ ਪਤੀ ਪਰਮੇਸ਼ਰ ਦੇ ਮਹਲ ਨੂੰ ਨਹੀਂ ਪਾ ਸਕਦੀ । ਉਸ ਦੀ ਉਮਰ ਰੂਪੀ ਸਾਰੀ ਰੈਣਿ ਵਿਛੜੀ ਹੋਈ ਦੀ ਦੁੱਖਾਂ ਕਲੇਸ਼ਾਂ ਵਿੱਚ ਹੀ ਬੀਤ ਜਾਂਦੀ ਹੈ। ਪਿੱਛੋਂ ਬਥੇਰਾ ਪਛਤਾਉਂਦੀ ਹੈ ਪਰ ਬਣਦਾ ਕੁਝ ਨਹੀਂ । ਅਜੇ ਸਮਾਂ ਹੈ ਸਤਿਗੁਰੂ ਦੀ ਸਰਨੀ ਢਹਿ ਪੈਣ ਦਾ । ਜੇ ਉਹ

ਆਪਣੇ ਵਿਛੋੜੇ ਨੂੰ ਅਨੁਭਵ ਕਰਕੇ ਦਇਆ ਦੇ ਭੰਡਾਰ ਪ੍ਰਭੂ ਅੱਗੇ ਅਰਦਾਸ ਕਰਨ ਤਾਂ ਉਹ ਸਤਿਗੁਰੂ ਦਾ ਮੇਲ ਕਰਵਾ ਦੇਵੇ, ਇਸ ਨੂੰ ਇਸੇ ਜਨਮ ਵਿੱਚ ਹੀ ਪਤੀ ਪ੍ਰਮਾਤਮਾ ਦਾ ਮਹਲੁ ਪ੍ਰਾਪਤ ਹੋ ਸਕਦਾ ਹੈ । ਯਥਾ ਗੁਰਵਾਕ: –

ਮਨਮੁਖਿ ਵਿਛੁੜੀ ਦੂਰਿ ਮਹਲੁ ਨ ਪਾਏ ਬਲਿ ਗਈ ਬਲਿ ਰਾਮ ਜੀਉ॥
ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ ਕੂੜਿ ਲਈ ਬਲਿ ਰਾਮ ਜੀਉ॥
ਕੂੜੁ ਕਪਟੁ ਕਮਾਵੈ ਮਹਾ ਦੁਖੁ ਪਾਵੈ ਵਿਣੁ ਸਤਿਗੁਰ ਮਗੁ ਨ ਪਾਇਆ॥
ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਧਕੇ ਖਾਇਆ॥
ਆਪੇ ਦਇਆ ਕਰੇ ਪ੍ਰਭੁ ਦਾਤਾ ਸਤਿਗੁਰੁ ਪੁਰਖੁ ਮਿਲਾਏ॥
ਜਨਮ ਜਨਮ ਕੇ ਵਿਛੁੜੇ ਜਨ ਮੇਲੇ ਨਾਨਕ ਸਹਜਿ ਸੁਭਾਏ॥ (੭੭੩)

੬੮. ਭੁਲੜ: – ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ॥
ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ॥ (੬੦)

ਮਨਮੁਖ ਸਦਾ ਭੁੱਲਦੇ ਹਨ ਕਿਉਂ ਜੋ ਧੁਰਿ ਦਰਗਾਹੋਂ ਭੁੱਲਣ ਵਿੱਚ ਕੀਤੇ ਗਏ, ਉਨ੍ਹਾਂ ਭੁੱਲਿਆਂ ਨੂੰ ਕੋਈ ਠਿਕਾਣਾ ਨਹੀਂ ਮਿਲ ਸਕਣਾ, ਅੰਨ੍ਹੇ ਮਨਮੁਖ ਸਦਾ ਜੰਮਦੇ ਮਰਦੇ ਰਹਿਣਗੇ । ਅਜੇ ਸਮਾਂ ਹੈ ਉਨ੍ਹਾਂ ਲਈ ਸਤਿਗੁਰੂ ਪਿੱਛੇ ਭੱਜ ਪੈਣ ਦਾ। ਸਤਿਗੁਰੂ ਉਨ੍ਹਾਂ ਭੁੱਲਿਆਂ ਭਟਕਦਿਆਂ ਖੋਟਿਆਂ ਮਨਮੁਖਾਂ ਨੂੰ ਸ਼ਬਦ ਰਾਹੀਂ ਖਰੇ ਕਰਨ ਦੀ ਸਮਰੱਥਾ ਰੱਖਦਾ ਹੈ । ਉਨ੍ਹਾਂ ਦੇ ਸਾਰੇ ਅਉਗਣ ਕਰਤਾਰ ਪਾਸੋਂ ਬਖਸ਼ਵਾ ਸਕਦਾ ਹੈ । ਕਰਤਾਰਿ ਬਖਸ਼ਿਆਂ ਦਾ ਕੋਈ ਵੀ ਲੇਖਾ ਪੱਤਾ ਨਹੀਂ ਪੁੱਛ ਸਕਦਾ, ਸਗੋਂ ਉਹ ਸੱਚੀ ਦਰਗਾਹੇ ਮੰਨੇ ਪ੍ਰਮੰਨੇ ਜਾਂਦੇ ਹਨ । ਗੁਰਵਾਕ ਹੈ: –

ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ॥ ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ॥
ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ॥
ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ॥ (੧੪੩)

੬੯. ਕਸਾਈ: – ਮਨਮੁਖਿ ਅੰਧੇ ਸੁਧਿ ਨ ਕਾਈ॥ ਆਤਮ ਘਾਤੀ ਹੈ ਜਗਤ ਕਸਾਈ॥ (੧੧੮)

ਮਨਮੁਖਾਂ ਨੂੰ ਆਤਮਘਾਤੀ ਤੇ ਜਗਤ ਕਸਾਈ ਹੋਣ ਦਾ ਖਿਤਾਬ ਮਿਲਿਆ ਹੈ ਗੁਰੂ ਬਾਣੀ ਵੱਲੋਂ । ਇਹ ਸੋਲਾਂ ਆਨੇ ਸੱਚੀ ਗੱਲ ਹੈ । ਗੁਰੂ ਰਾਮਦਾਸ ਜੀ ਮਹਾਰਾਜ ਸਚੀ ਸ਼ਾਹਦੀ ਭਰਦੇ ਹਨ ਕਿ: –

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥ (੩੦੮)

ਸੋ ਮਨਮੁਖ ਰਹਿਣਾ ਸੰਸਾਰ ਦੇ ਸਾਰੇ ਪਾਪ ਸਿਰ ਲੈਣ ਵਾਲੀ ਗੱਲ ਹੈ । ਮਨਮੁਖਾਂ ਬੇਸੁੱਧਿਆਂ ਨੂੰ ਇਹ ਗੱਲ ਸਮਝ ਨਹੀਂ ਆ ਸਕਦੀ । ਜੇ ਉਹ ਸਗੁਰੇ ਹੋ ਕੇ ਨਾਮ ਜਪਣ ਲੱਗ ਜਾਣ ਤਾਂ ਝਟਪੱਟ ਹੀ ਇਸ ਅੜਾਉਣੀ ਦਾ ਹੱਲ ਉਨ੍ਹਾਂ ਨੂੰ ਮਿਲ ਜਾਵੇ, ਨਹੀਂ ਤਾਂ ਯਾਦ ਰੱਖਣ ਕਿ ਅੱਗੇ ਜਾ ਕੇ ਉਨ੍ਹਾਂ ਨੂੰ ਸਾਰੇ ਨਰਕਾਂ ਦੀ ਅਵੱਸ਼ ਸੈਰ ਕਰਨੀ ਪਵੇਗੀ । ਯਥਾ ਗੁਰਵਾਕ: –

ਮਨਮੁਖਿ ਆਵੈ ਮਨਮੁਖਿ ਜਾਵੈ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥
ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ॥ (੧੦੭੩)

੭੦. ਨਿੰਦਕ: – ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥ (੭੫੫)

ਮਨਮੁਖਾਂ ਨੂੰ ਇਹ ਸੋਝੀ ਆਪੋ ਨਹੀਂ ਹੋ ਸਕਦੀ ਕਿ ਨਿੰਦਿਆ ਜੈਸਾ ਖੋਟਾ ਕਰਮ ਹੋਰ ਕੋਈ ਨਹੀਂ । ਉਨ੍ਹਾਂ ਦਾ ਸਗੋਂ ਆਹਾਰ ਹੀ ਨਿੰਦਾ ਹੁੰਦਾ ਹੈ । ਜਿਉਂ-ਜਿਉਂ ਉਹ ਨਿੰਦਾ ਕਰਦੇ ਹਨ ਤਿਉਂ-ਤਿਉਂ ਘੋਰ ਨਰਕਾਂ ਦੇ ਅਧਿਕਾਰੀ ਬਣਦੇ ਜਾਂਦੇ ਹਨ । ਨਿੰਦਕਾਂ ਲਈ ਸਿਵਾਏ ਗੁਰੂ ਸ਼ਰਨ ਤੋਂ ਹੋਰ ਕੋਈ ਦਾਰੂ ਵੀ ਨਹੀਂ ਜੈਸੇ ਗੁਰ ਫੁਰਮਾਨ ਹੈ: -

ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ॥ ਆਪਿ ਭੁਲਾਏ ਨਾਨਕਾ ਪਚਿ ਪਚਿ ਜੋਨੀ ਪਾਹਿ॥ (੩੧੫)

ਜਿਸ ਕਿਸੇ ਦੀ ਉਹ ਮਨਮੁਖ ਨਿੰਦਾ ਕਰਦੇ ਹਨ ਉਸ ਦੀ ਸਗੋਂ ਮੈਲ ਧੋਤੀ ਜਾਂਦੀ ਹੈ । ਧੋਤੀ ਹੀ ਨਹੀਂ ਜਾਂਦੀ ਸਗੋਂ ਉਹ ਸਾਰੀ ਮੈਲ ਨਿੰਦਕਾਂ ਨੂੰ ਆ ਚਿੰਬੜਦੀ ਹੈ ਤੇ ਉਹ ਨਰਕਾਂ ਵਿੱਚ ਜਾ ਡੁੱਬਦੇ ਹਨ । ਯਥਾ ਗੁਰਵਾਕ: -

ਨਿੰਦਾ ਕਰੈ ਸੁ ਹਮਰਾ ਮੀਤੁ॥ ਨਿੰਦਕ ਮਾਹਿ ਹਮਾਰਾ ਚੀਤੁ॥
ਨਿੰਦਕੁ ਸੋ ਜੋ ਨਿੰਦਾ ਹੋਰੈ॥ ਹਮਰਾ ਜੀਵਨੁ ਨਿੰਦਕੁ ਲੋਰੈ॥
ਨਿੰਦਾ ਹਮਰੀ ਪ੍ਰੇਮ ਪਿਆਰੁ॥ ਨਿੰਦਾ ਹਮਰਾ ਕਰੈ ਉਧਾਰੁ॥
ਜਨ ਕਬੀਰ ਕਉ ਨਿੰਦਾ ਸਾਰੁ॥ ਨਿੰਦਕੁ ਡੂਬਾ ਹਮ ਉਤਰੇ ਪਾਰਿ॥ (੩੩੯)

- ਨਿੰਦਕ ਕਉ ਫਿਟਕੇ ਸੰਸਾਰੁ॥ ਨਿੰਦਕ ਕਾ ਝੂਠਾ ਬਿਉਹਾਰੁ॥
ਨਿੰਦਕ ਕਾ ਮੈਲਾ ਆਚਾਰੁ॥ ਦਾਸ ਅਪੁਨੇ ਕਉ ਰਾਖਨਹਾਰੁ॥
ਨਿੰਦਕੁ ਮੁਆ ਨਿੰਦਕ ਕੈ ਨਾਲਿ॥ ਪਾਰਬ੍ਰਹਮ ਪਰਮੇਸਰਿ ਜਨ ਰਾਖੇ ਨਿੰਦਕ ਕੈ ਸਿਰਿ ਕੜਕਿਓ ਕਾਲੁ॥ ਰਹਾਉ॥
ਨਿੰਦਕ ਕਾ ਕਹਿਆ ਕੋਇ ਨ ਮਾਨੈ॥ ਨਿੰਦਕ ਝੂਠੁ ਬੋਲਿ ਪਛੁਤਾਨੇ॥
ਹਾਥ ਪਛੋਰਹਿ ਸਿਰੁ ਧਰਨਿ ਲਗਾਹਿ॥ ਨਿੰਦਕ ਕਉ ਦਈ ਛੋਡੈ ਨਾਹਿ॥
ਹਰਿ ਕਾ ਦਾਸੁ ਕਿਛੁ ਬੁਰਾ ਨ ਮਾਗੈ॥ ਨਿੰਦਕ ਕਉ ਲਾਗੈ ਦੁਖ ਸਾਂਗੈ॥
ਬਗੁਲੇ ਜਿਉ ਰਹਿਆ ਪੰਖ ਪਸਾਰਿ॥ ਮੁਖ ਤੇ ਬੋਲਿਆ ਤਾਂ ਕਢਿਆ ਬੀਚਾਰਿ॥
ਅੰਤਰਜਾਮੀ ਕਰਤਾ ਸੋਇ॥ ਹਰਿ ਜਨੁ ਕਰੈ ਸੁ ਨਿਹਚਲੁ ਹੋਇ॥
ਹਰਿ ਕਾ ਦਾਸੁ ਸਾਚਾ ਦਰਬਾਰਿ॥ ਜਨ ਨਾਨਕ ਕਹਿਆ ਤਤੁ ਬੀਚਾਰਿ॥ (੧੧੫੧)

੭੧. ਰੋਗੀ: - ਮਨਮੁਖੁ ਰੋਗੀ ਹੈ ਸੰਸਾਰਾ॥ ਸੁਖਦਾਤਾ ਵਿਸਰਿਆ ਅਗਮ ਅਪਾਰਾ॥ (੧੧੮)

" ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥ ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥ " (੧੩੫) ਦਾ ਕਾਨੂੰਨ ਜਗਤ ਅੰਦਰ ਹੁਕਮ ਅਨੁਸਾਰ ਵਰਤ ਰਿਹਾ ਹੈ । ਸਰਬ ਸੁਖਾਂ ਦਾ ਦਾਤਾਂ ਅਗਮ ਅਗੋਚਰ ਵਾਹਿਗੁਰੂ ਜਿਨ੍ਹਾਂ ਨੂੰ ਵਿਸਰ ਗਿਆ ਉਹੀ ਮਨਮੁਖ ਹਨ । ਮਨਮੁਖਤਾ ਦਾ ਰੋਗ ਸਾਰੇ ਸੰਸਾਰ ਨੂੰ ਚਿੰਬੜਿਆ ਹੋਇਆ ਹੈ । ਇਸ ਅਸਾਧ ਰੋਗ ਤੋਂ ਜਾਂ ਸਤਿਗੁਰੂ ਬਚਿਆ ਹੈ ਜਾਂ ਉਸ ਦੀ ਸ਼ਰਨ ਪੈ ਚੁੱਕੇ ਗੁਰਮੁਖ ਪਿਆਰੇ ਗੁਰੂ ਦੇ ਸਿੱਖ । ਯਥਾ ਗੁਰਵਾਕ: -

- ਜੋ ਜੋ ਦੀਸੈ ਸੋ ਸੋ ਰੋਗੀ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥ ਰਹਾਉ॥
ਰੋਗੇ ਮਰਤਾ ਰੋਗੇ ਜਨਮੈ॥ ਰੋਗੇ ਫਿਰਿ ਫਿਰਿ ਜੋਨੀ ਭਰਮੈ॥
ਰੋਗ ਬੰਧ ਰਹਨੁ ਰਤੀ ਨ ਪਾਵੈ॥ ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ॥ (੧੧੪੦)

- ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ॥
ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ॥ (੧੧੫੩)

੭੨. ਇਆਣੇ: – ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ॥
ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ॥ (੧੬੩)

ਆਪ ਹੁਦਰੇ ਮਨਮੁਖ ਹੰਕਾਰ ਵਸ ਹੋਣ ਕਰਕੇ ਵਾਹਿਗੁਰੂ ਨੂੰ ਪਾਉਣੋਂ ਬਿਲਕੁਲ ਹੀ ਅਸਮਰੱਥ ਹਨ । ਉਨ੍ਹਾਂ ਅਗਿਆਨੀਆਂ ਨੂੰ ਕੀ ਸਾਰ ਹੈ ਸਤਿਗੁਰੂ ਦੀ ਸੇਵਾ ਦੀ । ਉਹ ਤਾਂ ਅਗਿਆਨ ਵੱਸ ਹੋਣ ਕਰਕੇ ਸਦਾ ਜੰਮਦੇ ਮਰਦੇ ਪਛੋਤਾਪ ਕਰਦੇ ਹੀ ਰਹਿੰਦੇ ਹਨ । ਸਤਿਗੁਰੂ ਦੀ ਸੇਵਾ ਦੀ ਤੱਤਸਾਰ ਤਾਂ ਸਗੁਰੇ ਗੁਰਸਿੱਖਾਂ ਨੂੰ ਹੀ ਹੋ ਸਕਦੀ ਹੈ ਜੋ ਸਤਿਗੁਰੂ ਪਾਸੋਂ ਨਾਮ ਦੀ ਦਾਤਿ ਪ੍ਰਾਪਤ ਕਰਕੇ ਸਰਬ ਇੱਛਾ ਪੂਰੀਆਂ ਕਰਨ ਵਾਲੇ ਤੇ ਸਰਬ ਫਲ਼ਾਂ ਦੀ ਪ੍ਰਾਪਤੀ ਕਰਨ ਵਾਲੇ ਸੱਚੇ ਜਤੀ ਸਤੀ ਤਪੀ ਬਣ ਬੈਠੇ ਹਨ । ਯਥਾ ਗੁਰਵਾਕ: –

ਸਤਗੁਰ ਕੀ ਸੇਵਾ ਅਤਿ ਸੁਖਾਲੀ ਜੋ ਇਛੇ ਸੋ ਫਲੁ ਪਾਏ॥
ਜਤੁ ਸਤੁ ਤਪੁ ਪਵਿਤੁ ਸਰੀਰਾ ਹਰਿ ਹਰਿ ਮੰਨਿ ਵਸਾਏ॥ (੩੧)

੭੩. ਅਭਾਗੇ: – ਮਨਮੁਖ ਧਾਤੁ ਦੂਜੈ ਹੈ ਲਾਗਾ॥ ਜਨਮਤ ਕੀ ਨ ਮੂਓ ਆਭਾਗਾ॥ (੧੦੪੫)

ਮਨਮੁਖ ਖੋਟੇ ਭਾਗਾਂ ਵਾਲਾ ਹਰਿ ਸਿਮਰਨ ਛੱਡ ਕੇ ਦੂਜੇ ਭਾਵ ਵਿੱਚ ਲੱਗਾ ਰਹਿੰਦਾ ਹੈ । ਇਸ ਨਾਲੋਂ ਤਾਂ ਜੇ ਉਹ ਜੰਮਦਾ ਹੀ ਮਰ ਜਾਂਦਾ ਤਾਂ ਚੰਗਾ ਰਹਿੰਦਾ, ਕਿਉਂ ਜੋ ਜਿਤਨੀ ਪੂੰਜੀ ਉਹ ਲੈ ਕੇ ਜੰਮਿਆ ਸੀ, ਉਹ ਤਾਂ ਉਸ ਦੀ ਬਚੀ ਰਹਿੰਦੀ। ਜੋ ਮਨੁੱਖਾ ਜਨਮ ਨੂੰ ਪਾ ਕੇ ਹਰੀ ਨਾਮ ਨੂੰ ਵਿਸਾਰ ਬੈਠਦੇ ਹਨ, ਉਨ੍ਹਾਂ ਦੀਆਂ ਸਮਝੋ ਕੁਲਾਂ ਹੀ ਗਲਣ ਲੱਗ ਜਾਂਦੀਆਂ ਹਨ । ਚੰਗਾ ਹੋਵੇ ਜੋ ਐਸੇ ਪੁਰਸ਼ਾਂ ਦੀਆਂ ਮਾਵਾਂ ਵਿਧਵਾ ਹੋ ਜਾਣ ਤਾਂ ਜੋ ਉਨ੍ਹਾਂ ਦੀ ਕੁਲ ਵਿੱਚ ਕੋਈ ਬੱਚਾ ਨਾ ਜੰਮ ਸਕੇ । ਯਥਾ ਗੁਰਵਾਕ: –

– ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ ਤਿਸ ਕੈ ਕੁਲਿ ਲਾਗੀ ਗਾਰੀ॥
ਹਰਿ ਤਿਸ ਕੈ ਕੁਲਿ ਪਰਸੂਤਿ ਨ ਕਰੀਅਹੁ ਤਿਸੁ ਬਿਧਵਾ ਕਰਿ ਮਹਿਤਾਰੀ॥ (੧੨੬੩)

– ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥ ਬਿਧਵਾ ਕਸ ਨ ਭਈ ਮਹਤਾਰੀ॥
ਜਿਹ ਨਰ ਰਾਮ ਭਗਤਿ ਨਹਿ ਸਾਧੀ॥ ਜਨਮਤ ਕਸ ਨ ਮੁਓ ਅਪਰਾਧੀ॥ ਰਹਾਉ॥
ਮੁਚੁ ਮੁਚੁ ਗਰਭ ਗਏ ਕੀਨ ਬਚਿਆ॥ ਬੁਡਭੁਜ ਰੂਪ ਜੀਵੇ ਜਗ ਮਝਿਆ॥ (੩੨੮)

੭੪. ਸੁਆਰਥੀ: – ਮਨਮੁਖ ਆਪ ਸੁਆਰਥੀ ਕਾਰਜੁ ਨ ਸਕਹਿ ਸਵਾਰਿ॥
ਨਾਨਕ ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰੁ॥ (੬੪੩)

ਮਨਮੁਖ ਨਿਰਾ ਖੁਦਗਰਜ਼ ਹੁੰਦਾ ਹੈ । ਉਸ ਨੇ ਪਰਉਪਕਾਰ ਵਾਲਾ ਕੋਈ ਕੰਮ ਕੀ ਕਰ ਸਕਣਾ ਹੈ? ਉਹ ਤਾਂ ਆਪਣੀ ਵੀ ਕੁਲ ਨਹੀਂ ਸੰਵਾਰ ਸਕਦਾ । ਉਸ ਦੀ ਪੂਰਬਲੀ ਲਿਖਤ ਹੀ ਐਸੀ ਹੁੰਦੀ ਹੈ ਜਿਸ ਅਨੁਸਾਰ ਉਹ ਪਿਆ ਦੁੱਖ ਭੋਗਦਾ ਹੈ । ਉਸ ਦੀ ਐਸੀ ਲਿਖਤ ਨੂੰ ਸਿਵਾਏ ਗੁਰੂ ਤੋਂ ਕੋਈ ਮੇਟ ਨਹੀਂ ਸਕਦਾ । ਜੈਸੇ ਗੁਰ ਫੁਰਮਾਨ ਹੈ: –

ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ॥
ਕਹੁ ਕਬੀਰ ਜਿਸੁ ਸਤਿਗੁਰੁ ਭੇਟੈ ਪੁਨਰਪਿ ਜਨਮਿ ਨ ਆਵੈ॥ (੪੭੬)

੭੫. ਡੁੰਮਣੀ: – ਮਨਮੁਖਿ ਮੈਲੀ ਡੁੰਮਣੀ ਭਾਈ ਦਰਗਹ ਨਾਹੀ ਥਾਉ॥
ਗੁਰਮੁਖਿ ਹੋਵੈ ਤ ਗੁਣ ਰਵੈ ਭਾਈ ਮਿਲਿ ਪ੍ਰੀਤਮ ਸਾਚਿ ਸਮਾਉ॥ (੬੩੯)

ਮਨਮੁਖ ਮੈਲੀ ਕੁਚੈਲੀ ਦੁਚਿੱਤੀ ਇਸਤਰੀ ਨੂੰ ਅੱਗੇ ਅਗਲੀ ਦਰਗਾਹ ਵਿੱਚ ਕਦੇ ਢੋਈ ਨਹੀਂ ਮਿਲ ਸਕਦੀ । ਹਾਂ ਜੇ ਉਹ ਅਜੇ ਵੀ ਗੁਰੂ ਦੀ ਸਰਨਿ ਪੈ ਕੇ ਗੁਰਮੰਤ੍ਰ ਗੁਰ ਸ਼ਬਦ ਪ੍ਰਾਪਤ ਕਰਕੇ ਗੁਰਬਾਣੀ ਦੁਆਰਾ ਵਾਹਿਗੁਰੂ ਦੇ ਗੁਣ ਗਾਉਣ ਲਗ ਪਵੇ ਤਾਂ ਉਹ ਵੀ ਸੱਚੇ ਵਾਹਿਗੁਰੂ ਵਿੱਚ ਸਮਾ ਸਕਦੀ ਹੈ । ਯਥਾ ਗੁਰਵਾਕ: –

ਕੋਈ ਐਸਾ ਸਜਣੁ ਲੋੜਿ ਲਹੁ ਮੈ ਪ੍ਰੀਤਮੁ ਦੇਇ ਮਿਲਾਇ॥
ਸਤਿਗੁਰਿ ਮਿਲਿਐ ਹਰਿ ਪਾਇਆ ਮਿਲਿਆ ਸਹਜਿ ਸੁਭਾਇ॥ (੭੫੮)

੭੬. ਵਿਡਾਣੇ: – ਮਨਮੁਖ ਭਰਮਿ ਭੁਲਾਣਾ ਨਾ ਤਿਸੁ ਰੰਗੁ ਹੈ॥ ਮਰਸੀ ਹੋਇ ਵਿਡਾਣਾ ਮਨਿ ਤਨਿ ਭੰਗੁ ਹੈ॥ (੭੫੨)

ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਦਾ ਮਨ ਭਟਕਣਾ ਵਿੱਚ ਪੈ ਕੇ ਕੁਰਾਹੇ ਪਿਆ ਰਹਿੰਦਾ ਹੈ, ਉਸ ਨੂੰ ਪ੍ਰਮਾਤਮਾ ਦੇ ਨਾਮ ਦੀ ਲਾਲੀ ਨਹੀਂ ਚੜ੍ਹਦੀ । ਉਹ ਨਖਸਮਾ ਹੋ ਕੇ ਆਤਮਿਕ ਮੌਤ ਸਹੇੜਦਾ ਹੈ, ਉਸ ਦੇ ਮਨ ਵਿੱਚ ਉਸ ਦੇ ਸਰੀਰ ਵਿੱਚ ਪ੍ਰਮਾਤਮਾ ਨਾਲੋਂ ਵਿਛੋੜਾ ਬਣਿਆ ਰਹਿੰਦਾ ਹੈ ।

੭੭. ਆਤਮਘਾਤੀ: – ਮਨਮੁਖਿ ਅੰਧੇ ਸੁਧਿ ਨ ਕਾਈ॥ ਆਤਮ ਘਾਤੀ ਹੈ ਜਗਤ ਕਸਾਈ॥ (੧੧੮)

ਮਨਮੁਖ ਅੰਧੇ ਨੂੰ ਕੋਈ ਸੁੱਧ ਬੁੱਧ ਨਹੀਂ ਹੁੰਦੀ । ਉਹ ਤਾਂ ਜਗਤ ਕਸਾਈ ਆਤਮਘਾਤੀ ਕਹਾਉਂਦਾ ਹੈ । ਜੋ ਨਾਮ ਨਹੀਂ ਜਪਦੇ ਉਹ ਸਮਝੋ ਆਪਣੀ ਆਤਮਾ ਦਾ ਘਾਤ ਕਰ ਰਹੇ ਹਨ । ਉਨ੍ਹਾਂ ਨੂੰ ਆਤਮਘਾਤੀ ਹੋਣ ਦੀ ਸਜ਼ਾ ਜ਼ਰੂਰ ਅੱਗੇ ਮਿਲੇਗੀ । ਸਬੂਤ ਲਈ ਦੇਖੋ ਗੁਰਵਾਕ: –

– ਬਿਨੁ ਸਿਮਰਨ ਹੈ ਆਤਮ ਘਾਤੀ॥ ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ॥ (੨੩੯)

– ਦੁਲਭ ਦੇਹ ਪਾਈ ਵਡਭਾਗੀ॥ ਨਾਮੁ ਨ ਜਪਹਿ ਤੇ ਆਤਮ ਘਾਤੀ॥ (੧੮੮)

੭੮. ਲੂਣ ਹਰਾਮੀ: – ਮਨਮੁਖ ਲੂਣ ਹਾਰਾਮ ਕਿਆ ਨ ਜਾਣਿਆ॥ ਬਧੇ ਕਰਨਿ ਸਲਾਮ ਖਸਮ ਨ ਭਾਣਿਆ॥ (੧੪੩)

ਮਨਮੁਖ ਅਸਲੀ ਲੂਣ ਹਰਾਮੀ ਹਨ ਜੋ ਵਾਹਿਗੁਰੂ ਪਾਸੋਂ ਅਮੋਲਕ ਮਨੁੱਖਾ ਦੇਹੀ ਨੂੰ ਪਾ ਕਰਕੇ ਉਸ ਨੂੰ ਵਿਸਾਰ ਬੈਠੇ ਹਨ । ਆਪਣੀ ਖੁਦਗਰਜ਼ੀ ਲਈ ਤਾਂ ਕਈ ਵਾਰੀ ਖਸਮ ਨੂੰ ਬੜਾ ਚੇਤੇ ਕਰਦੇ ਹਨ ਪ੍ਰੰਤੂ ਇਹ ਉਨ੍ਹਾਂ ਦੇ ਬੱਧਾ ਚੱਟੀ ਭਰਨ ਵਾਲੀ ਗੱਲ ਹੈ । ਉਹ ਕਦੇ ਪ੍ਰਮੇਸ਼ਰ ਨੂੰ ਚੰਗੇ ਨਹੀਂ ਲੱਗ ਸਕਦੇ । ਮਜ਼ਬੂਰੀ ਨਾਲ ਕੰਮ ਕਰੀਏ ਉਸ ਦਾ ਕੋਈ ਲਾਭ ਨਾ ਆਪਣੇ ਆਪ ਨੂੰ ਹੁੰਦਾ ਹੈ ਤੇ ਨਾ ਕਿਸੇ ਹੋਰ ਨੂੰ । ਖੁਸ਼ੀ ਨਾਲ, ਪ੍ਰੇਮ ਨਾਲ ਕੰਮ ਕਰੀਏ ਤਾਂ ਕੰਮ ਚੰਗਾ ਹੁੰਦਾ ਹੈ । ਯਥਾ ਗੁਰਵਾਕ: –

ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ॥ ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ॥ (੭੮੭)

੭੯. ਬਿਖੁ ਬਿਹਾਝੂ: – ਮਨਮੁਖ ਵਾਪਾਰੈ ਸਾਰ ਨ ਜਾਣਨੀ ਬਿਖੁ ਵਿਹਾਝਹਿ ਬਿਖੁ ਸੰਗ੍ਰਹਹਿ ਬਿਖ ਸਿਉ ਧਰਹਿ ਪਿਆਰੁ॥ ਬਾਹਰਹੁ ਪੰਡਿਤ ਸਦਾਇਦੇ ਮਨਹੁ ਮੂਰਖ ਗਾਵਾਰ॥ (੧੦੯੧)

ਆਪ ਹੁਦਰੇ ਮਨਮੁਖ ਨਾਮ ਰੂਪੀ ਅਸਲ ਵਾਪਾਰ ਨੂੰ ਛੱਡ ਕੇ ਵਿਹੁ ਖਰੀਦਦੇ ਤੇ ਵਿਹੁ ਹੀ ਇਕੱਠੀ ਕਰਦੇ ਤੇ ਵਿਹੁ ਨਾਲ ਹੀ ਪਿਆਰ ਰੱਖਦੇ ਹਨ । ਉਹ ਉੱਪਰੋਂ ਪਏ ਪੰਡਿਤ ਕਹਾਉਂਦੇ ਫਿਰਨ ਪ੍ਰੰਤੂ ਗੁਰਮਤਿ ਦੀ ਕਸਵੱਟੀ ਤੇ ਪਰਖਿਆਂ ਤਾਂ ਉਹ ਮੂਰਖ ਹੀ ਸਿੱਧ ਹੋਣਗੇ । ਯਥਾ ਗੁਰਵਾਕ ਹੈ: –

ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ॥ (੧੦੧੫)

ਅਸਲ ਵਿੱਚ ਕਲਯੁਗ ਅੰਦਰ ਸਾਰੇ ਕੰਮਾਂ ਦਾ ਪੁੱਠਾ ਗੇੜ ਹੀ ਚੱਲ ਰਿਹਾ ਹੈ । ਮੰਗਤਿਆਂ ਨੂੰ ਪਾਤਸ਼ਾਹ, ਮੂਰਖਾਂ ਨੂੰ ਪੰਡਿਤ, ਅੰਨ੍ਹਿਆਂ ਨੂੰ ਪਾਰਖੂ, ਸ਼ਰਾਰਤੀਆਂ ਨੂੰ ਚੌਧਰੀ ਤੇ ਝੂਠਿਆਂ ਨੂੰ ਮੋਹਰੀ ਪ੍ਰਧਾਨ ਕਰਕੇ ਮੰਨਿਆ ਜਾਂਦਾ ਹੈ । ਯਥਾ ਗੁਰਵਾਕ: –

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥ ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥ (੧੨੯੮)

੮੦. ਬਿਖੁ ਖਾਣੇ: – ਬਿਖੁ ਖਾਧੀ ਮਨਮੁਖੁ ਮੁਆ ਮਾਇਆ ਮੋਹਿ ਵਿਣਾਸੁ॥
ਇਕਸੁ ਹਰਿ ਕੇ ਨਾਮ ਵਿਣੁ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ॥ (੯੪੯)

ਵਿਸ਼ੇ ਰੂਪ ਜ਼ਹਿਰ ਖਾਣ ਕਰਕੇ ਆਪ ਹੁਦਰਾ ਮੋਹੁ ਮਾਇਆ ਦਾ ਫਾਥਾ ਮਨਮੁਖ ਮਰ ਗਿਆ । ਉਸ ਦੇ ਨਾਮ ਤੋਂ ਸੱਖਣੇ ਜੀਵਨ ਅਤੇ ਵਸੇਬੇ ਉੱਤੇ ਫਿੱਟ ਲਾਹਨਤ ਹੈ । ਜੈਸੇ ਗੁਰ ਫੁਰਮਾਨ ਹੈ: –

– ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ॥
ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ ਜਿਤੁ ਹੁਣਿ ਖਸਮੁ ਨ ਪਾਇਆ॥ (੭੯੬)

– ਧ੍ਰਿਗੁ ਬਹੁ ਜੀਵਣੁ ਜਿਤੁ ਹਰਿ ਨਾਮਿ ਨ ਲਗੈ ਪਿਆਰੁ॥ ਧ੍ਰਿਗੁ ਸੇਜ ਸੁਖਾਲੀ ਕਾਮਣਿ ਮੋਹ ਗੁਬਾਰੁ॥ (੨੩੩)

– ਧ੍ਰਿਗੁ ਇਵੇਹਾ ਜੀਵਿਆ ਕਿਆ ਜੁਗ ਮਹਿ ਪਾਇਆ ਆਇ॥
ਮਾਇਆ ਖੋਟੀ ਰਾਸਿ ਹੈ ਏਕ ਚਸੇ ਮਹਿ ਪਾਜੁ ਲਹਿ ਜਾਇ॥ (੫੧੦)

– ਦੁਖ ਵਿਚਿ ਜੰਮੈ ਦੁਖਿ ਮਰੈ ਦੁਖ ਵਿਚਿ ਕਾਰ ਕਮਾਇ॥ ਗਰਭ ਜੋਨੀ ਵਿਚਿ ਕਦੇ ਨ ਨਿਕਲੈ ਬਿਸਟਾ ਮਾਹਿ ਸਮਾਇ॥
ਧ੍ਰਿਗੁ ਧ੍ਰਿਗੁ ਮਨਮੁਖਿ ਜਨਮੁ ਗਵਾਇਆ॥ ਪੂਰੇ ਗੁਰ ਕੀ ਸੇਵ ਨ ਕੀਨੀ ਹਰਿ ਕਾ ਨਾਮੁ ਨ ਭਾਇਆ॥ (੧੧੩੦)

– ਧ੍ਰਿਗੁ ਤਿਨ੍ਹਾ ਦਾ ਜੀਵਿਆ ਜੋ ਹਰਿ ਸੁਖੁ ਪਰਹਰਿ ਤਿਆਗਦੇ ਦੁਖੁ ਹਉਮੈ ਪਾਪ ਕਮਾਇ॥
ਮਨਮੁਖ ਅਗਿਆਨੀ ਮਾਇਆ ਮੋਹਿ ਵਿਆਪੇ ਤਿਨ੍ ਬੂਝ ਨ ਕਾਈ ਪਾਇ॥ (੫੧੧)

੮੧. ਬਿਖੁ ਬੀਜਣੇ: – ਮਨਮੁਖੁ ਸਦ ਹੀ ਕੂੜੋ ਬੋਲੈ ਬਿਖੁ ਬੀਜੈ ਬਿਖੁ ਖਾਏ॥
ਜਮਕਾਲਿ ਬਾਧਾ ਤ੍ਰਿਸਨਾ ਦਾਧਾ ਬਿਨੁ ਗੁਰ ਕਵਣੁ ਛਡਾਏ॥ (੭੫੩)

ਮਨਮੁਖ ਨੂੰ ਸੱਚ ਝੂਠ ਦੀ ਤਾਮੀਜ਼ ਨਹੀਂ ਹੋ ਸਕਦੀ । "ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ" ਗੁਰਵਾਕ ਅਨੁਸਾਰ ਮਨਮੁਖ ਦਾ ਸਭੋ ਕੁਝ ਝੂਠ ਵਿੱਚ ਹੀ ਗਿਣਿਆ ਜਾਂਦਾ ਹੈ । ਉਹ ਝੂਠ ਬੋਲ ਕੇ ਵਿਹੁ ਹੀ ਨਹੀਂ ਖਾ ਰਿਹਾ ਸਗੋਂ ਵਿਹੁ ਅੱਗੇ ਨੂੰ ਬੀਜ ਰਿਹਾ ਹੈ । ਐਸੇ ਮਾਇਆ ਰੂਪੀ ਅੱਗ ਦੇ ਸਾੜੇ ਹੋਏ ਤ੍ਰਿਸ਼ਨਾਲੂ ਨੂੰ ਕਾਲ ਰੂਪੀ ਜਮਾਂ ਦੇ ਬੰਨ੍ਹੇ ਹੋਏ ਨੂੰ ਬਿਨਾਂ ਗੁਰੂ ਤੋਂ ਕੋਈ ਨਹੀਂ ਛੁਡਾ ਸਕਦਾ । ਜੈਸੇ ਧੁਰ ਦਾ ਹੁਕਮ ਹੈ: –

– ਪੁਤ੍ਰ ਕਲਤ੍ਰ ਜਗਿ ਹੇਤੁ ਪਿਆਰਾ॥ ਮਾਇਆ ਮੋਹੁ ਪਸਰਿਆ ਪਾਸਾਰਾ॥
ਜਮ ਕੇ ਫਾਹੇ ਸਤਿਗੁਰਿ ਤੋੜੇ ਗੁਰਮੁਖਿ ਤਤੁ ਬੀਚਾਰਾ ਹੇ॥ (੧੦੨੯)

– ਜਿਨ੍ਹਾ ਸਤਿਗੁਰ ਸਿਉ ਚਿਤੁ ਲਾਇਆ ਸੁ ਖਾਲੀ ਕੋਈ ਨਾਹਿ॥
ਤਿਨ ਜਮ ਕੀ ਤਲਬ ਨ ਹੋਵਈ ਨਾ ਓਇ ਦੁਖ ਸਹਾਹਿ॥ (੫੧੬)

੮੨. ਭਰਮ ਭੁਲਾਣੇ: – ਮਨਮੁਖ ਭਰਮਿ ਭੁਲਾਣਾ ਨਾ ਤਿਸੁ ਰੰਗੁ ਹੈ॥
ਮਰਸੀ ਹੋਇ ਵਿਡਾਣਾ ਮਨਿ ਤਨਿ ਭੰਗੁ ਹੈ॥ (੭੫੨)

ਵਹਿਮਾਂ ਭਰਮਾਂ ਵਿੱਚ ਫਸੇ ਹੋਏ ਮਨਮੁਖਾਂ ਨੂੰ ਆਪੋਂ ਨਾਮ ਦਾ ਰੰਗ ਕਦੇ ਨਹੀਂ ਲਗ ਸਕਦਾ । ਉਹ ਬੇਗਾਨੇ ਸਦਾ ਦੁੱਖਾਂ ਬਿਘਨਾਂ ਵਿੱਚ ਹੀ ਫਸੇ ਹੋਏ ਅੱਗੇ ਚੱਲਦੇ ਬਣਦੇ ਹਨ । ਜੇ ਉਨ੍ਹਾਂ ਨੇ ਭਰਮਾਂ ਵਹਿਮਾਂ ਵਿੱਚੋਂ ਨਿਕਲ ਕੇ ਦੁੱਖਾਂ ਕਲੇਸ਼ਾਂ ਤੋਂ ਬੰਦ ਖਲਾਸੀ ਕਰਵਾ ਕੇ ਜੰਮਣ ਮਰਨ ਤੋਂ ਰਹਿਤ ਹੋਣਾ ਹੈ ਤਾਂ ਉਹ ਫੌਰਨ ਸਤਿਗੁਰੂ ਨੂੰ ਆ ਮਿਲਣ । ਜੈਸੇ ਗੁਰ ਫੁਰਮਾਨ ਹੈ: –

ਗੁਰਿ ਅੰਮ੍ਰਿਤੁ ਹਰਿ ਮੁਖਿ ਚੋਇਆ ਮੇਰੀ ਜਿੰਦੁੜੀਏ ਫਿਰਿ ਮਰਦਾ ਬਹੁੜਿ ਜੀਵਾਇਆ ਰਾਮ॥
ਜਨ ਨਾਨਕ ਸਤਿਗੁਰ ਜੋ ਮਿਲੇ ਮੇਰੀ ਜਿੰਦੁੜੀਏ ਤਿਨ ਕੇ ਸਭ ਦੁਖ ਗਵਾਇਆ ਰਾਮ॥ (੫੩੯)

੮੩. ਕਾਲੇ ਮੂੰਹ ਵਾਲੇ: – ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥ (੭੫੫)

ਕਿਸੇ ਦੀ ਨਿੰਦਾ ਕਰਨੀ ਚੰਗਾ ਕੰਮ ਨਹੀਂ ਹੈ । ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮੂਰਖ ਹੀ ਨਿੰਦਾ ਕਰਿਆ ਕਰਦੇ ਹਨ । ਉਹ ਲੋਕ ਪ੍ਰਲੋਕ ਵਿੱਚ ਬਦਨਾਮੀ ਖੱਟਦੇ ਹਨ ਅਤੇ ਭਿਆਨਕ ਨਰਕ ਵਿੱਚ ਪੈਂਦੇ ਹਨ ।

੮੪. ਜਲ ਜਾਣੇ: – ਤਤੁ ਨ ਚੀਨੈ ਮਨਮੁਖੁ ਜਲਿ ਜਾਇ॥ ਦੁਰਮਤਿ ਵਿਛੁੜਿ ਚੋਟਾ ਖਾਇ॥ (੯੪੪)

ਮਨਮੁਖ ਆਪਣੀ ਖੋਟੀ ਮਤਿ ਦੇ ਵੱਸ ਹੋਏ ਵਾਹਿਗੁਰੂ ਨੂੰ ਭੁਲਾ ਕੇ ਉਸ ਤੋਂ ਵਿਛੁੜ ਕੇ ਪਏ ਚੋਟਾਂ ਖਾਂਦੇ ਜੰਮਦੇ ਮਰਦੇ ਰਹਿੰਦੇ ਹਨ, ਉਨ੍ਹਾਂ ਨੂੰ ਕੀ ਪਤਾ ਹੈ ਕਿ ਸਿੱਖ ਮਤਿ ਜਾਂ ਖੋਟੀ ਮਤਿ ਕਿਸ ਨੂੰ ਆਖਦੇ ਹਨ? ਤੱਤ ਚੀਨਣ ਦੀ ਤਾਂ ਕਿੱਥੋਂ ਸੋਝੀ ਹੋਣੀ ਸੀ? ਸਿੱਖ ਮਤਿ ਤਾਂ ਵਾਹਿਗੁਰੂ ਦੀ ਆਪਣੀ ਨਿੱਜ ਦੀ ਬੁਧਿ ਹੈ ਤੇ ਇਸ ਤੋਂ ਬਿਨਾਂ ਹੋਰ ਨਿਰੀ ਦੁਰਮਤਿ ਹੈ ਜੋ ਪ੍ਰਾਣੀ ਨੂੰ ਚੁਰਾਸੀ ਦੇ ਗੇੜ ਵਿੱਚੋਂ ਕਦੇ ਨਿਕਲਣ ਨਹੀਂ ਦਿੰਦੀ । ਯਥਾ ਗੁਰਵਾਕ: –

– ਸਿਖ ਮਤਿ ਸਭ ਬੁਧਿ ਤੁਮ੍ਹਾਰੀ ਮੰਦਿਰ ਛਾਵਾ ਤੇਰੇ॥
ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ॥ ੭੯੫)

– ਦੂਜੀ ਦੁਰਮਤਿ ਆਖੈ ਦੋਇ॥ ਆਵੈ ਜਾਇ ਮਰਿ ਦੂਜਾ ਹੋਇ॥ (੨੨੩)

੮੫. ਚੋਟਾਂ ਖਾਣੇ: – ਤਤੁ ਨ ਚੀਨੈ ਮਨਮੁਖੁ ਜਲਿ ਜਾਇ॥ ਦੁਰਮਤਿ ਵਿਛੁੜਿ ਚੋਟਾ ਖਾਇ॥ (੯੪੪)

ਜੋ ਮਨੁੱਖ ਮਨ ਦੇ ਪਿੱਛੇ ਤੁਰਦਾ ਹੈ ਉਹ ਅਸਲੀਅਤ ਨਹੀਂ ਪਛਾਣਦਾ, ਵਿਕਾਰਾਂ ਵਿੱਚ ਸੜਦਾ ਰਹਿੰਦਾ ਹੈ ਅਤੇ ਦੁਰਮਤਿ ਦੇ ਕਾਰਨ ਪ੍ਰਭੂ ਤੋਂ ਵਿਛੁੜ ਕੇ ਦੁੱਖੀ ਹੁੰਦਾ ਹੈ ।

੮੬. ਉਝੜ ਜਾਣੇ: – ਗੁਰਮਤਿ ਛੋਡਹਿ ਉਝੜਿ ਜਾਇ॥ ਮਨਮੁਖਿ ਰਾਮੁ ਨ ਜਪੈ ਅਵਾਈ॥ (੧੦੨੫)

ਬੇਮੁਹਾਰਾ ਅਵੈੜਾ ਮਨਮੁਖ ਨਾਮ ਜਪਣ ਦੀ ਮਤਿ ਨੂੰ ਛੱਡ ਕੇ ਨਾਮ ਤੋਂ ਬੇਮੁਖ ਹੋ ਕੇ ਖੋਟੀ ਮਤਿ ਨੂੰ ਧਾਰਨ ਕਰਦਾ ਹੋਇਆ ਕੁਰਾਹੇ ਪੈਂਦਾ ਹੈ । ਇਹੀ ਮੂਲ ਕਾਰਨ ਹੈ ਮਨਮੁਖ ਦੇ ਸਾਰੇ ਦੁੱਖਾਂ ਦਾ । ਯਥਾ ਗੁਰਵਾਕ: –

ਜਉ ਲਉ ਮੇਰੋ ਮੇਰੋ ਕਰਤੋ ਤਉ ਲਉ ਬਿਖੁ ਘੇਰੇ॥

ਮਨੁ ਤਨੁ ਬੁਧਿ ਅਰਪੀ ਠਾਕੁਰ ਕਉ ਤਬ ਹਮ ਸਹਜਿ ਸੋਏ॥ (੨੧੪)

੮੭. ਮੋ ਪੈਣੇ: – ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ॥
ਜਿਨ੍ਹੀ ਗੁਰੂ ਨ ਸੇਵਿਓ ਮਨਮੁਖਾ ਪਇਆ ਮੋਆ॥ (੯੬੮)

ਚੜ੍ਹਦੇ ਤੋਂ ਲਹਿੰਦੇ ਤੱਕ (ਸਾਰੇ ਜਗਤ ਵਿੱਚ) ਗੁਰੂ ਨੇ ਆਪਣੀ ਧੁਰ ਕੀ ਬਾਣੀ ਰਾਹੀਂ ਪ੍ਰਕਾਸ਼ (ਚਾਨਣਾ) ਕੀਤਾ ਹੋਇਆ ਹੈ । ਪ੍ਰੰਤੂ ਡੁੱਬ ਜਾਣੇ, ਮਰ ਜਾਣੇ ਮਨਮੁਖਾਂ ਨੇ ਐਸੇ ਪ੍ਰਤੱਖ ਗੁਰੂ ਤੋਂ ਵਿਛੁੜ ਕੇ ਆਪਣੇ ਹਲਤ ਪਲਤ ਦੋਨੋਂ ਗਵਾ ਲਏ । ਐਸੇ ਮਨਮੁਖਾਂ ਦਾ ਜੋ ਹਾਲ ਐਥੇ ਉੱਥੇ ਹੁੰਦਾ ਹੈ ਉਸ ਤੋਂ ਭਲੀ ਭਾਂਤ ਜਾਣੂ ਹੋਣ ਲਈ ਪੜ੍ਹੋ ਹੇਠ ਲਿਖੀਆਂ ਪੰਗਤੀਆਂ: –

ਹੋਦੈ ਪਰਤਖਿ ਗੁਰੂ ਜੋ ਵਿਛੁੜੇ ਤਿਨ ਕਉ ਦਰਿ ਢੋਹੀ ਨਾਹੀ॥
ਕੋਈ ਜਾਇ ਮਿਲੈ ਤਿਨ ਨਿੰਦਕਾ ਮੁਹ ਫਿਕੇ ਥੁਕ ਥੁਕ ਮੁਹਿ ਪਾਹੀ॥
ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲ ਭੂਸੇ ਖਾਹੀ॥
ਜਿਨ ਗੁਰੁ ਗੋਪਿਆ ਆਪਣਾ ਸੇ ਲੈਦੇ ਢਹਾ ਫਿਰਾਹੀ॥
ਤਿਨ ਕੀ ਭੁਖ ਕਦੇ ਨ ਉਤਰੈ ਨਿਤ ਭੁਖਾ ਭੁਖ ਕੂਕਾਹੀ॥
ਓਨਾ ਦਾ ਆਖਿਆ ਕੋ ਨ ਸੁਣੈ ਨਿਤ ਹਉਲੇ ਹਉਲਿ ਮਰਾਹੀ॥
ਸਤਿਗੁਰ ਕੀ ਵਡਿਆਈ ਵੇਖਿ ਨ ਸਕਨੀ ਓਨਾ ਅਗੈ ਪਿਛੈ ਥਾਉ ਨਾਹੀ॥
ਜੋ ਸਤਿਗੁਰਿ ਮਾਰੇ ਤਿਨ ਜਾਇ ਮਿਲਹਿ ਰਹਦੀ ਖੁਹਦੀ ਸਭ ਪਤਿ ਗਵਾਹੀ॥
ਓਇ ਅਗੈ ਕੁਸਟੀ ਗੁਰ ਕੇ ਫਿਟਕੇ ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ॥
ਹਰਿ ਤਿਨ ਕਾ ਦਰਸਨੁ ਨਾ ਕਰਹੁ ਜੋ ਦੂਜੈ ਭਾਇ ਚਿਤੁ ਲਾਹੀ॥ (੩੦੮)

੮੮. ਜਮ ਕਾਲਿ ਬਾਧੇ, ਤ੍ਰਿਸਨਾ ਦਾਧੇ: – ਮਨਮੁਖੁ ਸਦ ਹੀ ਕੂੜੋ ਬੋਲੈ ਬਿਖੁ ਬੀਜੈ ਬਿਖੁ ਖਾਏ॥
ਜਮਕਾਲਿ ਬਾਧਾ ਤ੍ਰਿਸਨਾ ਦਾਧਾ ਬਿਨੁ ਗੁਰ ਕਵਣੁ ਛਡਾਏ॥ (੭੫੩)

ਮਨਮੁਖ ਸਦਾ ਹੀ ਝੂਠ ਬੋਲਦਾ ਹੈ ਅਤੇ ਆਤਮਿਕ ਜੀਵਨ ਨੂੰ ਮਾਰ ਮੁਕਾਣ ਵਾਲਾ ਮਾਇਆ ਦੇ ਮੋਹ ਦਾ ਜ਼ਹਿਰ ਬੀਜਦਾ ਹੈ । ਉਹੀ ਜ਼ਹਿਰ ਖਾਂਦਾ ਹੈ ਅਤੇ ਉਸੇ ਜ਼ਹਿਰ ਨੂੰ ਆਪਣੇ ਜੀਵਨ ਦਾ ਸਹਾਰਾ ਬਣਾਈ ਰੱਖਦਾ ਹੈ । ਮਨਮੁਖ ਆਤਮਿਕ ਮੌਤ ਦੀਆਂ ਫਾਹੀਆਂ ਵਿੱਚ ਬੱਝਾ ਰਹਿੰਦਾ ਹੈ ਅਤੇ ਤ੍ਰਿਸ਼ਨਾ ਦੀ ਅੱਗ ਵਿੱਚ ਸੜਦਾ ਰਹਿੰਦਾ ਹੈ । ਇਸ ਬਿਪਤਾ ਵਿੱਚੋਂ ਗੁਰੂ ਤੋਂ ਬਿਨਾਂ ਹੋਰ ਕੋਈ ਛੁਡਾ ਨਹੀਂ ਸਕਦਾ ।

੮੯. ਗੰਧ ਬੋਲਣੇ: – ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ॥
ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ॥
ਜਿਚਰੁ ਪੈਨਨਿ ਖਾਵਨ੍ਹੇ ਤਿਚਰੁ ਰਖਨਿ ਗੰਢੁ॥
ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ॥ (੯੫੯)

ਮਨ ਦੇ ਮੁਰੀਦ ਬੰਦਿਆਂ ਨਾਲ ਮਿਤ੍ਰਤਾ ਨਿਰੀ ਮਾਇਆ ਦੀ ਖਾਤਰ ਹੀ ਗਾਂਢਾ-ਤੋਪਾ ਹੁੰਦਾ ਹੈ । ਉਹ ਕਦੇ ਮਿਤ੍ਰਤਾ ਦੀ ਪੱਕੀ ਗੰਢ ਨਹੀਂ ਪਾਂਦੇ, ਛੇਤੀ ਹੀ ਸਾਥ ਛੱਡ ਜਾਂਦੇ ਹਨ । ਮਨਮੁਖਾਂ ਨੂੰ ਜਿਤਨਾ ਚਿਰ ਪਹਿਨਣ ਤੇ ਖਾਣ ਨੂੰ ਮਿਲਦਾ ਰਹੇ ਉਤਨਾ ਚਿਰ ਜੋੜ ਰੱਖਦੇ ਹਨ । ਜਿਸ ਦਿਨ ਉਨ੍ਹਾਂ ਦੇ ਖਾਣ-ਹੰਢਾਉਣ ਦੀ ਕੋਈ ਗੱਲ ਪੁੱਜ ਨਾ ਆਵੇ, ਉਸ ਦਿਨ ਉਹ ਫਿੱਕਾ ਬੋਲ ਬੋਲਣ ਲੱਗ ਪੈਂਦੇ ਹਨ ।

੯੦. ਹਲਕੇ ਹੋਏ: – ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ॥
ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ॥
ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ॥
ਰਾਮ ਨਾਮੁ ਸੁਪਨੈ ਨਹੀ ਚੇਤਿਆ ਹਰਿ ਸਿਉ ਕਦੇ ਨ ਲਾਗੈ ਪਿਆਰੁ॥ (੧੧੩੨)

ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਹਉਮੈ ਦੇ ਕਾਰਨ ਮਾਇਆ ਦੇ ਮੋਹ ਦੇ ਕਾਰਨ ਜੀਵਨ ਰਾਹ ਤੋਂ ਖੁੰਝਿਆ ਰਹਿੰਦਾ ਹੈ । ਉਹ ਉਹੀ ਕੁਝ ਕਰਦਾ ਰਹਿੰਦਾ ਹੈ ਜਿਸ ਤੋਂ ਉਹ ਦੁੱਖ ਹੀ ਸਹੇੜਦਾ ਹੈ, ਦੁੱਖ ਹੀ ਸਹਾਰਦਾ ਹੈ । ਉਸ ਦੇ ਅੰਦਰ ਲੋਭ ਟਿਕਿਆ ਰਹਿੰਦਾ ਹੈ ਜਿਵੇਂ ਕੁੱਤੇ ਨੂੰ ਹਲਕ ਹੋ ਜਾਂਦਾ ਹੈ, ਕੁੱਤਾ ਆਪ ਵੀ ਦੁਖੀ ਹੁੰਦਾ ਹੈ ਅਤੇ ਲੋਕਾਂ ਨੂੰ ਵੀ ਦੁਖੀ ਕਰਦਾ ਹੈ । ਇਸੇ ਤਰ੍ਹਾਂ ਲੋਭੀ ਨੂੰ ਬਹੁਤ ਦੁਖ ਬਣਿਆ ਰਹਿੰਦਾ ਹੈ । ਚੰਗੇ ਮੰਦੇ ਕੰਮ ਦੀ ਪਰਖ ਨਾ ਕਰ ਸਕਣ ਕਰਕੇ ਉਹ ਭਟਕਦਾ ਫਿਰਦਾ ਹੈ । ਮਨਮੁਖ ਦਾ ਜੀਵਨ ਢੰਗ ਇਹੋ ਜਿਹਾ ਹੀ ਰਹਿੰਦਾ ਹੈ ਕਿ ਉਸ ਨੂੰ ਫਿਟਕਾਰਾਂ ਪੈਂਦੀਆਂ ਰਹਿੰਦੀਆਂ ਹਨ । ਉਹ ਪ੍ਰਮਾਤਮਾ ਦਾ ਨਾਮ ਕਦੇ ਵੀ ਯਾਦ ਨਹੀਂ ਕਰਦਾ, ਪ੍ਰਮਾਤਮਾ ਨਾਲ ਉਸ ਦਾ ਕਦੇ ਵੀ ਪਿਆਰ ਨਹੀਂ ਬਣਦਾ ।

੯੧. ਭੇਖਧਾਰੀ: – ਮਾਇਆ ਮੋਹਿ ਹਰਿ ਸਿਉ ਚਿਤੁ ਨ ਲਾਗੈ॥ ਦੂਜੈ ਭਾਇ ਘਣਾ ਦੁਖੁ ਆਗੈ॥
ਮਨਮੁਖ ਭਰਮਿ ਭੁਲੇ ਭੇਖਧਾਰੀ ਅੰਤ ਕਾਲਿ ਪਛੁਤਾਤਾ ਹੇ॥ (੧੦੫੨)

ਮਨਮੁਖਾਂ ਦੇ ਜੀਵਨ-ਸਫ਼ਰ ਵਿੱਚ ਬਹੁਤ ਦੁਖ ਆਉਂਦੇ ਹਨ ਅਤੇ ਪ੍ਰਮਾਤਮਾ ਨਾਲ ਜੁੜ ਨਹੀਂ ਸਕਦੇ । ਮਨ ਦੇ ਮੁਰੀਦ ਮਨਮੁਖ ਧਾਰਮਿਕ ਪਹਿਰਾਵਾ ਪਾ ਕੇ ਵੀ ਭਟਕਣਾ ਦੇ ਕਾਰਨ ਕੁਰਾਹੇ ਹੀ ਪਏ ਰਹਿੰਦੇ ਹਨ ਅਤੇ ਆਖ਼ਰ ਵੇਲੇ ਪਛਤਾਉਣਾ ਪੈਂਦਾ ਹੈ ।

੯੨. ਨਿਥਾਵੇਂ: – ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥ ਨਾਵਹੁ ਭੂਲੇ ਥਾਉ ਨ ਕੋਈ॥ (੯੩੧)

ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨਮੁਖ ਨਿਰੀਆਂ ਗਿਆਨ ਦੀਆਂ ਗੱਲਾਂ ਹੀ ਕਰਦਾ ਹੈ ਪਰ ਉਸ ਦੀ ਰਹਿਣੀ ਪਵਿੱਤਰ ਨਹੀਂ ਹੁੰਦੀ । ਮਾਇਆ ਦੀ ਭਟਕਣ ਤੋਂ ਬਚਣ ਲਈ ਕੋਈ ਆਸਰਾ ਨਹੀਂ ਮਿਲਦਾ ।

੯੩. ਪਸ਼ੂ: – ਮਨਮੁਖ ਤਤੁ ਨ ਜਾਣਨੀ ਪਸੂ ਮਾਹਿ ਸਮਾਨਾ॥ (੧੦੦੯)

ਆਪਣੇ ਮਨ ਦੇ ਪਿੱਛੇ ਹਾਰਨ ਵਾਲੇ ਮਨੁੱਖ ਇਸ ਭੇਤ ਨੂੰ ਨਹੀਂ ਸਮਝਦੇ, ਉਹ ਪਸ਼ੂ-ਬ੍ਰਿਤੀ ਵਿੱਚ ਟਿਕੇ ਰਹਿੰਦੇ ਹਨ ।

ਮਨਮੁਖਿ ਅੰਧੁਲੇ ਗੁਰਮਤਿ ਨ ਭਾਈ॥ ਪਸੂ ਭਏ ਅਭਿਮਾਨੁ ਨ ਜਾਈ॥ (੧੧੯੦)

ਅੰਨ੍ਹਿਆਂ ਮਨਮੁਖਾਂ ਨੂੰ ਗੁਰਮਤਿ ਚੰਗੀ ਨਹੀਂ ਲੱਗੀ । ਉਨ੍ਹਾਂ ਨੇ ਗੁਰੂ ਪਾਸੋਂ ਗੁਰਮੰਤ੍ਰ ਲੈਣਾ ਮੁਨਾਸਿਬ ਹੀ ਨਹੀਂ ਸਮਝਿਆ । ਉਨ੍ਹਾਂ ਨਿਗੁਰਿਆਂ ਦਾ ਹੰਕਾਰ ਕਦੇ ਜਾ ਨਹੀਂ ਸਕਦਾ । ਉਹ ਤਾਂ ਪਸ਼ੂਆਂ ਤੋਂ ਵੀ ਭੈੜੇ ਹਨ ।ਯਥਾ ਗੁਰਵਾਕ:-

– ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥ (੧੩੫੬)

– ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥ (੪੮੯)

੯੪. ਦੁਰਜਨ: – ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ॥
ਨਾਨਕ ਰੋਗੁ ਵਞਾਇ ਮਿਲਿ ਸਤਿਗੁਰ ਸਾਧੂ ਸਜਨਾ॥ (੧੩੧੭)

ਮਨਮੁਖ ਖੋਟੇ ਜਨ ਸਦਾ ਭਰਮ ਅੰਦਰ ਹੀ ਭੁੱਲੇ ਰਹਿੰਦੇ ਹਨ । ਉਨ੍ਹਾਂ ਦੇ ਮਨਾਂ ਅੰਦਰ ਹਉਮੈ ਰੋਗ ਚਿੰਬੜਿਆ ਰਹਿੰਦਾ ਹੈ । ਇਸ ਹਉਮੈ ਰੋਗ ਤੋਂ ਸਿਵਾਏ ਪੂਰੇ ਸਾਧੂ ਰੂਪ ਸਤਿਗੁਰੂ ਤੋਂ ਕੋਈ ਵੀ ਛੁਡਾਉਣ ਦੇ ਸਮਰੱਥ ਨਹੀਂ ਹੈ । ਯਥਾ ਗੁਰਵਾਕ: –

ਰਵਨੀ ਰਵੈ ਬੰਧਨ ਨਹੀ ਤੂਟਹਿ ਵਿਚਿ ਹਉਮੈ ਭਰਮੁ ਨ ਜਾਈ॥
ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ ਪਾਈ॥ (੩੫੩)

੯੫. ਅਣਭਿੱਜ ਪੱਥਰ: – ਮਨਮੁਖੁ ਅਭਿੰਨੁ ਨ ਭਿਜਈ ਪਥਰੁ ਨਾਵਾਇਆ॥
ਬਿਖੁ ਮਹਿ ਅੰਮ੍ਰਿਤੁ ਸਿੰਚੀਐ ਬਿਖੁ ਕਾ ਫਲੁ ਪਾਇਆ॥ (੧੨੪੪)

ਪੱਥਰ ਨੂੰ ਭਾਵੇਂ ਚਾਰੇ ਜੁੱਗ ਜਲ ਵਿੱਚ ਹੀ ਕਿਉਂ ਨਾ ਰੱਖ ਛੱਡੀਏ ਉਹ ਅੰਦਰੋਂ ਸੁੱਕੇ ਦਾ ਸੁੱਕਾ ਹੀ ਰਹਿੰਦਾ ਹੈ । ਵਿਹੁ ਵਿੱਚ ਅੰਮ੍ਰਿਤ ਮਿਲਾਇਆਂ ਵਿਹੁ ਦਾ ਰੂਪ ਹੀ ਬਣ ਜਾਂਦਾ ਹੈ । ਇਹੀ ਹਾਲ ਮਨਮੁਖਾਂ ਦਾ ਹੈ । ਜੈਸੇ ਗੁਰਵਾਕ: –

ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ॥ ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ॥ (੭੫੫)

੯੬. ਬਿਸਟਾ ਕੇ ਕੀੜੇ: – ਮਨਮੁਖ ਅੰਧੇ ਠਉਰ ਨ ਪਾਈ॥ ਬਿਸਟਾ ਕਾ ਕੀੜਾ ਬਿਸਟਾ ਮਾਹਿ ਸਮਾਈ॥ (੧੧੭੫)

ਕੈਸੀ ਭੈੜੀ ਦਸ਼ਾ ਹੈ ਮਨਮੁਖਾਂ ਦੀ । ਮਨਮੁਖ ਅੰਨ੍ਹਿਆਂ ਨੂੰ ਕੋਈ ਥਾਂ ਠਿਕਾਣਾ ਨਹੀਂ ਮਿਲ ਸਕਦਾ । ਮੈਲੇ ਦੇ ਕੀੜੇ ਬਣ ਕੇ ਮੈਲੇ ਵਿੱਚ ਹੀ ਸਮਾਏ ਰਹਿੰਦੇ ਹਨ । ਗੰਦੀ ਵਾਸ਼ਨਾ ਦੇ ਕਾਰਨ ਸਦਾ ਗੰਦ ਮੰਦ ਵਿੱਚ ਹੀ ਪ੍ਰਸੰਨ ਰਹਿੰਦੇ ਹਨ । ਐਸੇ ਗੰਦੇ ਨਰਕ ਘੋਰ ਵਿੱਚੋਂ ਉਨ੍ਹਾਂ ਨੂੰ ਸਿਵਾਏ ਪੂਰੇ ਸਤਿਗੁਰੂ ਤੋਂ ਕੌਣ ਕੱਢੇ? ਯਥਾ ਗੁਰਵਾਕ: –

ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ॥ ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ॥ (੩੯)

੯੭. ਭੁੱਖੜ: – ਮਨਮੁਖੁ ਜਗਤੁ ਨਿਰਧਨੁ ਹੈ ਮਾਇਆ ਨੋ ਬਿਲਲਾਇ॥
ਅਨਦਿਨੁ ਫਿਰਦਾ ਸਦਾ ਰਹੈ ਭੁਖ ਨ ਕਦੇ ਜਾਇ॥ (੧੦੯੨)

ਆਪ ਹੁਦਰਾ ਸੰਸਾਰ ਮਾਇਆ ਲਈ ਭੌਂਦਾ ਫਿਰਦਾ ਹੈ ਪ੍ਰੰਤੂ ਰਜਦਾ ਨਹੀਂ, ਸਦਾ ਨਿਰਧਨ ਕੰਗਾਲ ਹੀ ਰਹਿੰਦਾ ਹੈ । ਦਿਨ ਰਾਤ ਮਾਇਆ ਦੇ ਕਾਰਨ ਖਪਦੇ ਦੇ ਬੀਤਦੇ ਹਨ । ਭੁੱਖ ਫੇਰ ਵੀ ਨਹੀਂ ਮਿਟਦੀ । ਯਥਾ ਗੁਰਵਾਕ: –

ਬਿਨੁ ਹਰਿ ਭਜਨ ਦੇਖਉ ਬਿਲਲਾਤੇ॥ ਧ੍ਰਿਗੁ ਤਨੁ ਧ੍ਰਿਗੁ ਧਨੁ ਮਾਇਆ ਸੰਗਿ ਰਾਤੇ॥ (੧੭੯)

੯੮. ਤੱਤੇ: – ਮਨਮੁਖ ਅੰਦਰੁ ਨ ਭਾਲਨੀ ਮੁਠੇ ਅਹੰਮਤੇ॥ ਚਾਰੇ ਕੁੰਡਾਂ ਭਵਿ ਥਕੇ ਅੰਦਰਿ ਤਿਖ ਤਤੇ॥ (੧੦੯੩)

ਮਨਮੁਖ ਹੰਕਾਰ ਵਿੱਚ ਮੱਤੇ ਹੋਏ ਭਾਵੇਂ ਚਾਰੇ ਪਾਸੀਂ ਫਿਰਿ ਥੱਕਣ ਉਨ੍ਹਾਂ ਦੀ ਤ੍ਰਿਸ਼ਨਾ ਰੂਪੀ ਅੱਗ ਠੰਡੀ ਨਹੀਂ ਪੈ ਸਕਦੀ । ਉਹ ਆਪਣੇ ਅੰਦਰੋਂ ਪਤੀ ਪ੍ਰਮਾਤਮਾ ਦੀ ਭਾਲ ਉੱਕਾ ਹੀ ਨਹੀਂ ਕਰ ਸਕਦੇ ।

੯੯. ਉਜਾੜ ਫਾਥੇ: – ਮਨਮੁਖ ਕਉ ਆਲਸੁ ਘਣੋ ਫਾਥੇ ਓਜਾੜੀ॥
ਫਾਥਾ ਚੁਗੈ ਨਿਤ ਚੋਗੜੀ ਲਗਿ ਬੰਧੁ ਵਿਗਾੜੀ॥ (੧੦੧੧)

ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਬੰਦੇ ਨੂੰ ਬਹੁਤ ਆਲਸ ਰਹਿੰਦਾ ਹੈ, ਉਹ ਆਪਣੇ ਮਨ ਦੀ ਸੁੰਞ ਵਿੱਚ ਹੀ ਫਸਿਆ ਰਹਿੰਦਾ ਹੈ । ਮਨਮੁਖ ਨਿਤ ਮਾਇਆ-ਮੋਹ ਦੀ ਚੋਗ ਚੁਗਦਾ ਹੈ ਅਤੇ ਮਨ ਦੇ ਪਿੱਛੇ ਲੱਗ ਕੇ ਪ੍ਰਮਾਤਮਾ ਨਾਲੋਂ ਆਪਣਾ ਸੰਬੰਧ ਖਰਾਬ ਕਰ ਲੈਂਦਾ ਹੈ ।

੧੦੦. ਕੁਲੱਖਣੇ: – ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ॥
ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ॥ (੮੯)

ਮਨਮੁਖ ਬਹੁਤ ਖੋਟੀ ਇਸਤਰੀ ਹੈ । ਇਸ ਦੇ ਸਾਰੇ ਲੱਛਣ ਵੀ ਬੁਰੇ ਹਨ । ਆਪਣਾ ਚੰਗਾ ਭਲਾ ਪਤੀ ਘਰ ਛੱਡ ਕੇ ਪਰਾਏ ਪੁਰਖਾਂ ਨਾਲ ਪਿਆਰ ਪਾਉਂਦੀ ਹੈ । ਵਾਹਿਗੁਰੂ ਇਸ ਦੇ ਹਿਰਦੇ ਨਾਲ ਵੱਸ ਰਹਿਆ ਹੈ ਇਹ ਉਸ ਨੂੰ ਛੱਡ ਕੇ ਪਈ ਮੜ੍ਹੀਆਂ ਮਸਾਣੀਆਂ ਨੂੰ ਪੂਜ ਕੇ ਖੱਜਲ ਖੁਆਰ ਹੁੰਦੀ ਫਿਰਦੀ ਹੈ ਦੂਜੇ ਭਾਵ ਵਿੱਚ ਲੱਗ ਕੇ ।

੧੦੧. ਬਗੁਲ ਧਿਆਨੀਏ: – ਮਨਮੁਖ ਕਰਮ ਕਰੇ ਬਹੁਤੁ ਅਭਿਮਾਨਾ॥

ਬਗ ਜਿਉ ਲਾਇ ਬਹੈ ਨਿਤ ਧਿਆਨਾ॥ (੨੩੦)

ਮਨਮੁਖਾਂ ਦੀ ਭਗਤੀ ਵੀ ਬਗੁਲੇ ਦੀ ਭਗਤੀ ਦੀ ਨਿਆਈਂ ਹੈ । ਉਨ੍ਹਾਂ ਦੇ ਸਾਰੇ ਕਰਮਾਂ ਦੀ ਨੀਂਹ ਹਉਮੈ ਹੰਕਾਰ ਤੇ ਹੁੰਦੀ ਹੈ । ਉਹ ਭਗਤੀ ਦਾ ਪ੍ਰਪੰਚ ਵੀ ਕੋਈ ਨਾ ਕੋਈ ਠੱਗੀ ਮਾਰਨ ਹਿੱਤ ਰਚਦੇ ਹਨ । ਸੱਚੀ ਭਗਤੀ ਸਤਿਗੁਰੂ ਤੋਂ ਬਿਨਾਂ ਕਿਧਰੋਂ ਮਿਲ ਹੀ ਨਹੀਂ ਸਕਦੀ । ਯਥਾ ਗੁਰਵਾਕ: –

– ਇਸੁ ਭਗਤੀ ਨੋ ਸੁਰਿ ਨਰ ਮੁਨਿ ਜਨ ਲੋਚਦੇ ਵਿਣੁ ਸਤਿਗੁਰ ਪਾਈ ਨ ਜਾਇ॥
ਪੰਡਿਤ ਪੜਦੇ ਜੋਤਿਕੀ ਤਿਨ ਬੂਝ ਨ ਪਾਇ॥ (੪੨੫)

– ਬਿਨੁ ਗੁਰ ਸਾਚੇ ਭਗਤਿ ਨ ਹੋਵੀ ਹੋਰ ਭੂਲੀ ਫਿਰੈ ਇਆਣੀ॥
ਮਨਮੁਖਿ ਫਿਰਹਿ ਸਦਾ ਦੁਖੁ ਪਾਵਹਿ ਡੂਬਿ ਮੁਏ ਵਿਣੁ ਪਾਣੀ॥ (੬੦੨)

੧੦੨. ਨਰਕ ਭੋਗਣੇ: – ਮਨਮੁਖਿ ਆਵੈ ਮਨਮੁਖਿ ਜਾਵੈ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥

ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ॥ (੧੦੭੩)

ਮਨਮੁਖਾਂ ਦਾ ਜੰਮਣਾ ਮਰਨਾ ਬਣਿਆ ਹੀ ਰਹਿੰਦਾ ਹੈ । ਉਨ੍ਹਾਂ ਨੂੰ ਮੁੜ-ਮੁੜ ਚੋਟਾਂ ਖਾਣੀਆਂ ਪੈਂਦੀਆਂ ਹਨ । ਜਿਤਨੇ ਵੀ ਨਰਕ ਵਾਹਿਗੁਰੂ ਨੇ ਬਣਾਏ ਹਨ ਉਹ ਸਾਰੇ ਦੇ ਸਾਰੇ ਮਨਮੁਖਾਂ ਨੂੰ ਭੋਗਣੇ ਪੈਂਦੇ ਹਨ । ਇਸ ਤੋਂ ਉਲਟ ਜੋ ਗੁਰੂ ਦੀ ਮਤਿ ਦੇ ਧਾਰਨੀ ਹੋ ਕੇ ਗੁਰਮੁਖਿ ਬਣ ਜਾਂਦੇ ਹਨ, ਉਨ੍ਹਾਂ ਨੂੰ ਨਰਕਾਂ ਦਾ ਲੇਸ ਮਾਤਰ ਵੀ ਨਹੀਂ ਲਗ ਸਕਦਾ ।

੧੦੩. ਅਉਗਣਵੰਤੇ: – ਅਉਗੁਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ॥
ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ॥ (੩੭)

"ਬਿਨੁ ਗੁਰ ਗੁਣ ਨ ਜਾਪਨੀ" ਦੇ ਵਾਕ ਅਨੁਸਾਰ ਕਿਸੇ ਨੂੰ ਸੋਝੀ ਨਹੀਂ ਹੋ ਸਕਦੀ ਕਿ ਅਸਲ ਗੁਣ ਨਾਮ ਤੋਂ ਪ੍ਰਾਪਤ ਹੁੰਦੇ ਹਨ । ਮਨਮੁਖਾਂ ਨੂੰ ਗੁਰਮੰਤ੍ਰ ਗੁਰਸ਼ਬਦ ਨਾਮ ਦੀ ਸਾਰ ਆਪੋਂ ਕਿਵੇਂ ਆ ਸਕਦੀ ਹੈ? ਇਸ ਲਈ ਮਨਮੁਖ ਅਉਗਣਾਂ ਦੇ ਹੀ ਗੁਥਲੇ ਹੁੰਦੇ ਹਨ । ਉਨ੍ਹਾਂ ਨੂੰ ਪਤੀ ਪ੍ਰਮੇਸਰ ਦੇ ਨੇੜੇ ਨਹੀਂ ਜਾਣ ਦਿੱਤਾ ਜਾਂਦਾ । ਉਨ੍ਹਾਂ ਦੇ ਆਪਣੇ ਮਨਮੰਨੇ ਗੁਣ ਸਭ ਪਹਿਲਾਂ ਹੀ ਖੋਹ ਲਏ ਜਾਂਦੇ ਹਨ । ਯਥਾ ਗੁਰਵਾਕ: –

– ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥ (੧੩੩)

– ਹਰਿ ਬਿਨੁ ਅਵਰ ਕ੍ਰਿਆ ਬਿਰਥੇ॥ ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ॥ (੨੧੬)

੧੦੪. ਮਰਿ ਮਰਿ ਜੰਮਣੇ, ਜੰਮਿ ਜੰਮਿ ਮਰਣੇ: – ਮਨਮੁਖ ਮੁਏ ਨਾਹੀ ਹਰਿ ਮਨ ਮਾਹਿ॥
ਮਰਿ ਮਰਿ ਜੰਮਹਿ ਭੀ ਮਰਿ ਜਾਹਿ॥ (੧੧੭੨)

ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਆਤਮਿਕ ਮੌਤ ਸਹੇੜੀ ਰੱਖਦੇ ਹਨ ਕਿਉਂਕਿ ਉਨ੍ਹਾਂ ਦੇ ਮਨ ਵਿੱਚ ਪ੍ਰਮਾਤਮਾ ਦੀ ਯਾਦ ਨਹੀਂ ਹੈ । ਜਨਮਾਂ-ਜਨਮਾਂ ਦੇ ਗੇੜ ਵਿੱਚ ਪਏ ਰਹਿੰਦੇ ਹਨ ਅਤੇ ਮੁੜ-ਮੁੜ ਆਤਮਿਕ ਮੌਤ ਸਹੇੜਦੇ ਰਹਿੰਦੇ ਹਨ ।

੧੦੫. ਹਉਮੈ ਦਾਧੇ: – ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ॥
ਜੰਮਣੁ ਮਰਣੁ ਨ ਚੁਕਈ ਫਿਰਿ ਫਿਰਿ ਆਵੈ ਜਾਇ॥ (੬੮)

ਅਜਿਹੇ ਮਨਮੁਖਤਾ ਵਾਲੇ ਕਰਮ ਕੀਤਿਆਂ ਮਨੁੱਖ ਹਉਮੈ ਵਿੱਚ ਹੀ ਸੜਦਾ ਹੈ । ਉਸ ਦਾ ਜਨਮ ਮਰਨ ਦਾ ਗੇੜ ਕਦੇ ਮੁੱਕਦਾ ਨਹੀਂ, ਉਹ ਮੁੜ-ਮੁੜ ਜੰਮਦਾ ਰਹਿੰਦਾ ਹੈ ।

੧੦੬. ਦੋਹਾਗਣਾਂ: – ਮਨਮੁਖ ਕਰਮ ਕਮਾਵਣੇ ਜਿਉ ਦੋਹਾਗਣਿ ਤਨਿ ਸੀਗਾਰੁ॥
ਸੇਜੈ ਕੰਤੁ ਨ ਆਵਈ ਨਿਤ ਨਿਤ ਹੋਇ ਖੁਆਰੁ॥ (੩੧)

ਮਨਮੁਖਾਂ ਦੇ ਸਾਰੇ ਦੇ ਸਾਰੇ ਕਰਮ ਛੁੱਟੜ ਇਸਤਰੀਆਂ ਦੇ ਬਿਰਥੇ ਸ਼ਿੰਗਾਰ ਲਾਉਣ ਵਤ ਹਨ । ਪਤੀ ਉਨ੍ਹਾਂ ਦੀ ਸੇਜ ਨੂੰ ਉੱਕਾ ਹੀ ਨਹੀਂ ਮਾਣ ਸਕਦਾ । ਫੋਕੇ ਹਾਰ ਸ਼ਿੰਗਾਰ ਲਾ ਕੇ ਉਹ ਪਈਆਂ ਖੱਜਲ ਖੁਆਰ ਹੁੰਦੀਆਂ ਫਿਰਨ । ਐਨ ਇਹੀ ਹਾਲਤ ਮਨਮੁਖਾਂ ਦੀ ਹੈ ।

੧੦੭. ਕੁਨਾਰ: – ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ॥
ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ॥ (੮੯)

ਆਪਣੇ ਮਨ ਦਾ ਮੁਰੀਦ ਮਨਮੁਖ ਉਸ ਖੋਟੀ ਚੰਦਰੇ ਲੱਛਣਾਂ ਵਾਲੀ ਤੇ ਮੈਲੀ ਇਸਤਰੀ ਵਾਂਗ ਹੈ ਜਿਸ ਨੇ ਵਸਦਾ ਘਰ ਵਿੱਚ ਖਸਮ ਛੱਡ ਦਿੱਤਾ ਅਤੇ ਪਰਾਏ ਆਦਮੀ ਨਾਲ ਪਿਆਰ ਪਾ ਲਿਆ ਹੈ ।

੧੦੮. ਬੇ ਸੰਤੋਖੇ: – ਮਨਮੁਖ ਮੂਲਹੁ ਭੁਲਾਇਅਨੁ ਵਿਚਿ ਲਬੁ ਲੋਭੁ ਅਹੰਕਾਰੁ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰੈ ਵੀਚਾਰੁ॥
ਸੁਧਿ ਮਤਿ ਕਰਤੈ ਹਿਰਿ ਲਈ ਬੋਲਨਿ ਸਭੁ ਵਿਕਾਰੁ॥
ਦਿਤੈ ਕਿਤੈ ਨ ਸੰਤੋਖੀਅਨਿ ਅੰਤਰਿ ਤ੍ਰਿਸਨਾ ਬਹੁਤੁ ਅਗ੍ਯਾਨੁ ਅੰਧਾਰੁ॥ (੫੪੯)

੧੦੯. ਬੇ ਧਰਮੇ: – ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ॥
ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ॥ (੩੧)

ਨਾਮ ਰੂਪੀ ਅੰਮ੍ਰਿਤ ਤੋਂ ਛੁੱਟ ਬਾਕੀ ਸਭ ਕੁੱਝ ਵਿਹੁ ਰੂਪ ਹੈ । ਮਨਮੁਖ ਸਾਕਤ **"ਅੰਮ੍ਰਿਤ ਕਉਰਾ ਬਿਖਿਆ ਮੀਠੀ"** ਗੁਰਵਾਕ ਅਨੁਸਾਰ ਨਾਮ ਅੰਮ੍ਰਿਤ ਨੂੰ ਛੱਡ ਕੇ ਵਿਹੁ ਨੂੰ ਮਿੱਠੀ ਸਮਝ ਕੇ ਗਟਾ ਗੱਟ ਪੀਵੀ ਜਾਂਦੇ ਹਨ । ਸਾਰੀ ਉਮਰ ਹੀ ਵਿਡਾਨੀ ਚਾਕਰੀ ਵਿੱਚ ਵਿਹਾ ਜਾਂਦੇ ਹਨ । ਉਨ੍ਹਾਂ ਨੂੰ ਅਸਲ ਧਰਮ ਦੀ ਪਛਾਣ ਹੀ ਨਹੀਂ ਹੁੰਦੀ । ਇਸ ਲਈ ਸਾਰੀ ਉਮਰ ਵਿਚਾਰਿਆਂ ਦੀ ਦੁੱਖਾਂ ਵਿੱਚ ਹੀ ਬੀਤਦੀ ਹੈ । ਅਸਲ ਨਾਮ ਧਰਮ ਦੀ ਸੋਝੀ ਗੁਰੂ ਦੀ ਸਰਨਿ ਆਇਆਂ ਹੀ ਮਿਲ ਸਕਦੀ ਹੈ। ਯਥਾ ਗੁਰਵਾਕ ਹੈ: –

ਬਲਿਓ ਚਰਾਗੁ ਅੰਧ੍ਹਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ॥ (੧੩੮੭)

੧੧੦. ਡੁੱਬ ਜਾਣੇ: – ਮਨਮੁਖ ਦੁਬਿਧਾ ਦੁਰਮਤਿ ਬਿਆਪੇ ਜਿਨ ਅੰਤਰਿ ਮੋਹ ਗੁਬਾਰੀ॥
ਸੰਤ ਜਨਾ ਕੀ ਕਥਾ ਨ ਭਾਵੈ ਓਇ ਡੂਬੇ ਸਣੁ ਪਰਵਾਰੀ॥ (੫੦੭)

ਆਪ ਹੁਦਰੇ ਮਨਮੁਖ ਦੁਚਿੱਤੇਪਨ ਵਿੱਚ ਖੋਟੀ ਮਤਿ ਦੇ ਕਾਰਨ ਫਸੇ ਹੋਏ ਹਨ । ਉਨ੍ਹਾਂ ਨੂੰ ਪੂਰੇ ਗੁਰੂਆਂ ਸੰਤ ਜਨਾਂ ਦੀ ਕਥੀ ਹੋਈ ਕਥਾ ਭਾਵ ਗੁਰਬਾਣੀ ਚੰਗੀ ਹੀ ਨਹੀਂ ਲੱਗਦੀ । ਹੋਰ ਮਨਮੁਖਾਂ ਆਨਮੱਤੀਆਂ ਕਹੌਤੀ ਸਾਧਾਂ ਸੰਤਾਂ ਦੀਆਂ ਮਨਮੱਤੀ ਕਥੋਲੀਆਂ ਕਹਾਣੀਆਂ ਸੁਣ ਕੇ ਆਪਣੇ ਕੰਨ ਰਸ ਨੂੰ ਪੂਰਾ ਕਰਦੇ ਹਨ । ਪਤਾ ਉਦੋਂ ਲੱਗੂ ਜਦੋਂ ਸਣੇ ਪਰਿਵਾਰ ਦੇ ਨਰਕਾਂ ਵਿੱਚ ਗੋਤੇ ਖਾਣੇ ਪਏ ।

੧੧੧. ਗਲ ਜਾਣੇ: – ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ॥
ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ॥
ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ॥ (੧੬੩)

ਮਨਮੁਖ ਆਪਣੀ ਖੋਟੀ ਮਤਿ ਦੇ ਕਾਰਨ ਵਾਹਿਗੁਰੂ ਨੂੰ ਪ੍ਰਾਪਤ ਨਹੀਂ ਕਰਦੇ । ਇਆਣੇ ਜੋ ਹੋਏ ਅਗਿਆਨ ਕਰਕੇ । ਉਨ੍ਹਾਂ ਨੂੰ ਨਾ ਸਤਿਗੁਰੂ ਦੀ ਅਤੇ ਨਾ ਸਤਿਗੁਰ ਦੀ ਸੇਵਾ ਦੀ ਸੋਝੀ ਹੋ ਸਕਦੀ ਹੈ । ਉਹ ਮੁੜ-ਮੁੜ ਜੋਨੀਆਂ ਵਿੱਚ ਪੈਂਦੇ ਘੜੀ ਮੁੜੀ ਗਲ਼ਦੇ ਸੜਦੇ ਰਹਿੰਦੇ ਹਨ । ਯਥਾ ਗੁਰਵਾਕ: –

ਕਰਮ ਧਰਮ ਕੀ ਸਾਰ ਨ ਜਾਣੈ ਸੁਰਤਿ ਮੁਕਤਿ ਕਿਉ ਪਾਈਐ॥
ਨਾਨਕ ਗੁਰਮੁਖਿ ਸਬਦਿ ਪਛਾਣੈ ਅਹਿਨਿਸਿ ਨਾਮੁ ਧਿਆਈਐ॥ (੪੩੭)

੧੧੨. ਕੁਮਾਰਗੀਏ: – ਮਨਮੁਖ ਅਗਿਆਨਿ ਕੁਮਾਰਗਿ ਪਾਏ॥ ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ॥
ਭਵਜਲਿ ਡੂਬੇ ਦੂਜੈ ਭਾਏ॥ (੨੩੧)

ਜੋ ਲੋਕ ਨਾਮ ਨੂੰ ਭੁਲਾ ਕੇ ਆਪਣੀ ਖੋਟੀ ਮਤਿ ਦੇ ਪਿੱਛੇ ਲੱਗ ਕੇ ਹੋਰ ਸੰਸਾਰੀ ਕਰਮਾਂ ਧਰਮਾਂ ਵਿੱਚ ਲੱਗੇ ਹਨ ਉਹ ਜ਼ਰੂਰ ਹੀ ਪੁੱਠੇ ਰਸਤੇ ਪੈ ਚੁੱਕੇ ਹਨ । ਕਿਉਂ ਜੋ ਉਹ ਦੂਜੇ ਭਾਵ ਵਿੱਚ ਲੱਗ ਕੇ ਡੁਬੋ ਦੇਣ ਵਾਲੇ ਕੰਮਾਂ ਵਿੱਚ ਲੱਗ ਤੁਰੇ ਹਨ । ਜੈਸੇ ਗੁਰਵਾਕ: –

– ਕਲਜੁਗ ਮਹਿ ਬਹੁ ਕਰਮ ਕਮਾਹਿ॥ ਨਾ ਰੁਤਿ ਨ ਕਰਮ ਥਾਇ ਪਾਹਿ॥
ਕਲਜੁਗ ਮਹਿ ਰਾਮ ਨਾਮੁ ਹੈ ਸਾਰੁ॥ ਗੁਰਮੁਖਿ ਸਾਚਾ ਲਗੈ ਪਿਆਰੁ॥ (੧੧੨੯)

– ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ॥
ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ॥ (੧੨੪੭)

੧੧੩. ਜੋਰੂਆਂ ਦੇ ਗ਼ੁਲਾਮ: – ਮਨਮੁਖਾ ਦੈ ਸਿਰਿ ਜੋਰਾ ਅਮਰੁ ਹੈ ਨਿਤ ਦੇਵਹਿ ਭਲਾ॥
ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ॥

ਕਾਮਿ ਵਿਆਪੇ ਕੁਸੁਧ ਨਰ ਸੇ ਜੋਰਾ ਪੁਛਿ ਚਲਾ॥ (੩੦੪)

ਕਾਮੀ ਕੁਸੁੱਧ ਮਨਮੁਖਾਂ ਦੇ ਸਿਰ ਤੇ ਇਸਤਰੀਆਂ ਦਾ ਹੁਕਮ ਹੈ । ਜੋ ਉਹ ਹੁਕਮ ਦੇਂਦੀਆਂ ਹਨ ਮਨਮੁਖ ਭਲਾ ਕਰਕੇ ਮੰਨਦੇ ਹਨ । ਐਸੇ ਪੁਰਖ ਸਚਮੁੱਚ ਹੀ ਗੰਦੇ ਤੇ ਮੂਰਖ ਹਨ । ਉਨ੍ਹਾਂ ਨੂੰ ਤਾਂ ਅਸਲੀ ਜਿੰਨ੍ਹ ਹੀ ਸਮਝਣਾ ਚਾਹੀਦਾ ਹੈ

ਜਿੰਨ੍ਹਾਂ ਦੇ ਸਿਰ ਤੇ ਇਸਤਰੀਆਂ ਦਾ ਹੁਕਮ ਚੱਲ ਰਿਹਾ ਹੈ । ਉਨ੍ਹਾਂ ਦੇ ਪੁੱਤਰਾਂ ਨੂੰ ਛੋਟੇ ਜਿੰਨ੍ਹ ਤੇ ਧੀਆਂ ਨੂੰ ਭੂਤਨੀਆਂ । ਯਥਾ ਗੁਰਵਾਕ: –

ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ॥ ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥ (੫੫੬)

੧੧੪. ਗੰਦਗੀ ਲੇਥੜੇ: – ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ ਗੂਹ ਪੜਿ ਸਗਵੀ ਮਲੁ
ਲਾਇ ਮਨਮੁਖੁ ਆਇਆ॥ (੩੦੬)

੧੧੫. ਖੁਆਰ ਹੋਣੇ: – ਨਾਨਕ ਸੰਧਿਆ ਕਰੈ ਮਨਮੁਖੀ ਜੀਉ ਨ ਟਿਕੈ ਮਰਿ ਜੰਮੈ ਹੋਇ ਖੁਆਰੁ॥ (੫੫੩)

– ਮਨਮੁਖਿ ਸੀਗਾਰੁ ਨ ਜਾਣਨੀ ਜਾਸਨਿ ਜਨਮੁ ਸਭੁ ਹਾਰਿ॥
ਬਿਨੁ ਹਰਿ ਭਗਤੀ ਸੀਗਾਰੁ ਕਰਹਿ ਨਿਤ ਜੰਮਹਿ ਹੋਇ ਖੁਆਰੁ॥ (੯੫੦)

੧੧੬. ਭਰਮਿ ਵਿਗੁਤੇ: – ਦੂਜੈ ਭਾਇ ਭਰਮਿ ਵਿਗੁਤੀ ਮਨਮੁਖਿ ਮੋਹੀ ਜਮਕਾਲਿ॥
ਕਹੈ ਨਾਨਕੁ ਸੁਣਿ ਮਨ ਮੇਰੇ ਤੂ ਸਦਾ ਸਚੁ ਸਮਾਲਿ॥ (੫੬੯)

੧੧੭. ਦੇਵਾਨੇ: – ਮਨਮੁਖ ਤੇ ਅਭ ਭਗਤਿ ਨ ਹੋਵਸਿ ਹਉਮੈ ਪਚਹਿ ਦਿਵਾਨੇ॥
ਇਹੁ ਮਨੂਆ ਖਿਨੁ ਊਭਿ ਪਇਆਲੀ ਜਬ ਲਗਿ ਸਬਦ ਨ ਜਾਨੇ॥ (੧੩੪੫)

ਮਨਮੁਖਾਂ ਤੋਂ ਪ੍ਰੇਮਾ ਭਗਤੀ ਹਰਗਿਜ਼ ਹਰਗਿਜ਼ ਨਹੀਂ ਹੋ ਸਕਦੀ । ਉਹ ਮੂਰਖ ਸਦਾ ਹਉਮੈ ਹੰਕਾਰ ਅੰਦਰਿ ਹੀ ਸੜਦੇ ਬਲਦੇ ਰਹਿੰਦੇ ਹਨ । ਉਨ੍ਹਾਂ ਦੇ ਮਨ ਇੱਕ ਛਿਨ ਵਿੱਚ ਆਕਾਸਾਂ ਵਿੱਚ ਤੇ ਦੂਸਰੇ ਛਿਨ ਵਿੱਚ ਪਾਤਾਲਾਂ ਵਿੱਚ ਭਰਮਦੇ ਭਟਕਦੇ ਫਿਰਦੇ ਰਹਿੰਦੇ ਹਨ । ਭਟਕਣ ਵੀ ਕਿਉਂ ਨਾ? ਉਨ੍ਹਾਂ ਨੇ ਗੁਰੂ ਦੇ ਸ਼ਬਦ ਨੂੰ ਨਹੀਂ ਜਾਣਿਆ ਪਛਾਣਿਆ ।

੧੧੮. ਗਰਭਿ ਅੱਟੇ: – ਮਨਮੁਖਿ ਕੰਤੁ ਨ ਪਛਾਣਈ ਤਿਨ ਕਿਉ ਰੈਣਿ ਵਿਹਾਇ॥
ਗਰਬਿ ਅਟੀਆ ਤ੍ਰਿਸਨਾ ਜਲਹਿ ਦੁਖੁ ਪਾਵਹਿ ਦੂਜੈ ਭਾਇ॥ (੩੮)

ਮਨਮੁਖ ਕਾਮਣੀਆਂ ਨੇ ਆਪਣੇ ਪਤੀ ਪ੍ਰਮੇਸ਼ਰ ਨੂੰ ਨਹੀਂ ਜਾਣਿਆ ਪਛਾਣਿਆ । ਉਨ੍ਹਾਂ ਦੀ ਉਮਰ ਰੂਪੀ ਰਾਤ ਕਿਵੇਂ ਬਿਹਾਵੇ? ਉਹ ਤਾਂ ਹੰਕਾਰ ਨਾਲ ਨੱਕੋ ਨੱਕ ਭਰੀਆਂ ਹੋਈਆਂ ਤ੍ਰਿਸ਼ਨਾ ਰੂਪੀ ਅੱਗ ਨਾਲ ਸੜ ਬਲ ਰਹੀਆਂ ਹਨ । ਇਹ ਦੁੱਖ ਉਨ੍ਹਾਂ ਨੂੰ ਪਤੀ ਪ੍ਰਮੇਸ਼ਰ ਤੋਂ ਭੁੱਲ ਕੇ ਦੂਜੇ ਭਾਵ ਵਿੱਚ ਲੱਗਣ ਕਰਕੇ ਭੋਗਣੇ ਪਏ ।

੧੧੯. ਗਰਬਿ ਗਹੇਲੇ: – ਗਰਬਿ ਗਹੇਲੀ ਮਹਲੁ ਨ ਪਾਵੈ॥ ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ॥ (੭੩੭)

੧੨੦. ਮਤਿ ਭਵੇ: – ਮਨਮੁਖੁ ਜਗਤੁ ਨਿਰਧਨੁ ਹੈ ਮਾਇਆ ਨੋ ਬਿਲਲਾਇ॥
ਅਨਦਿਨੁ ਫਿਰਦਾ ਸਦਾ ਰਹੈ ਭੁਖ ਨ ਕਦੇ ਜਾਇ॥
ਨਾਨਕ ਵਿਣੁ ਸਤਿਗੁਰ ਮਤਿ ਭਵੀ ਸਤਿਗੁਰ ਨੋ ਮਿਲੈ ਤਾ ਸਬਦੁ ਕਮਾਇ॥ (੧੦੯੨)

੧੨੧. ਚਉਰਾਸੀ ਦੇ ਕੀੜੇ: – ਇਕਨਾ ਮਨਮੁਖਿ ਸਬਦੁ ਨ ਭਾਵੈ ਬੰਧਨਿ ਬੰਧਿ ਭਵਾਇਆ॥
ਲਖ ਚਉਰਾਸੀਹ ਫਿਰਿ ਫਿਰਿ ਆਵੈ ਬਿਰਥਾ ਜਨਮੁ ਗਵਾਇਆ॥ (੬੯)

ਮਨਮੁਖ ਦਾ ਅਮੋਲਕ ਜਨਮ ਫਜ਼ੂਲ ਹੀ ਚਲਿਆ ਗਿਆ । ਉਹ ਆਪਣੇ ਕੀਤੇ ਕਰਮਾਂ ਦੇ ਬੰਧਨਾਂ ਵਿੱਚ ਬੰਧਿਆ ਹੋਇਆ ਚੁਰਾਸੀ ਲੱਖ ਜੂਨਾਂ ਵਿੱਚ ਆਉਂਦਾ ਜਾਂਦਾ ਜੰਮਦਾ ਮਰਦਾ ਹੀ ਰਹਿ ਗਿਆ । ਉਸ ਨੂੰ ਗੁਰੂ ਦਾ ਅਗੋਚਰ ਸ਼ਬਦ ਗੁਰਮੰਤ੍ਰ ਜੋ ਚੁਰਾਸੀ ਲੱਖ ਜੂਨਾਂ ਤੋਂ ਛੁਟਕਾਰਾ ਦਿਵਾਉਣ ਨੂੰ ਸਮਰੱਥ ਹੈ, ਚੰਗਾ ਨਾ ਲੱਗਾ, ਯਥਾ ਗੁਰਵਾਕ: –

ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ॥
ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥ (੧੦੭੫)

੧੨੨. ਅਧਵਾਟੇ ਰਹਿ ਜਾਣੇ: – ਮਨਮੁਖ ਭ੍ਰਮਿ ਦੂਜੈ ਭਾਇ ਲਾਗੇ ਅੰਤਰਿ ਅਗਿਆਨ ਗੁਬਾਰੇ॥
ਸਤਿਗੁਰੁ ਦਾਤਾ ਨਦਰਿ ਨ ਆਵੈ ਨਾ ਉਰਵਾਰਿ ਨ ਪਾਰੇ॥ (੧੧੯੯)

ਮਨਮੁਖ ਆਪਣੀ ਬੇਸਮਝੀ ਦੇ ਕਾਰਨ ਨਿਗੁਰੇ ਰਹਿੰਦੇ ਹਨ । ਇਸੇ ਕਾਰਨ ਉਹ ਭਗਤੀ ਮਾਰਗ ਨੂੰ ਛੱਡ ਕੇ ਭਰਮਾਂ ਵਹਿਮਾਂ ਵਿੱਚ ਫਸੇ ਹੋਏ ਸਦਾ ਦੂਜੇ ਭਾਵ ਵਿੱਚ ਹੀ ਲੱਗੇ ਰਹਿੰਦੇ ਹਨ । ਇਸ ਮੰਦੀ ਹਾਲਤ ਵਿੱਚੋਂ ਕੱਢਣ ਲਈ ਗੁਰੂ ਨਾਨਕ ਦਾ ਪ੍ਰਤੱਖ ਪ੍ਰਗਟ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਪੂਰੀ ਤਰ੍ਹਾਂ ਸਮਰੱਥ ਹੈ ਜੋ ਉਨ੍ਹਾਂ ਮੰਦਭਾਗਿਆਂ ਨੂੰ ਦਿਸਦਾ ਨਹੀਂ, ਜੇ ਦਿਸਦਾ ਹੋਵੇ ਤਾਂ ਉਹ ਧੋਬੀ ਦੇ ਕੁੱਤੇ ਦੀ ਨਿਆਈਂ ਨਾ ਘਰ ਦੇ ਨਾ ਘਾਟ ਦੇ ਕਿਉਂ ਬਣੇ ਰਹਿਣ?

੧੨੩. ਕੁ ਸੋਹਣੇ: – ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ॥
ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ ਪਰਹਰਿ ਛੋਡੀ ਭਤਾਰਿ॥ (੮੯)

੧੨੪. ਜਨਮ ਗਵਾਵਣੇ: – ਮਨਮੁਖ ਅੰਧੇ ਕਿਛੂ ਨ ਸੂਝੈ॥ ਮਰਣੁ ਲਿਖਾਇ ਆਏ ਨਹੀ ਬੂਝੈ॥
ਮਨਮੁਖ ਕਰਮ ਕਰੇ ਨਹੀ ਪਾਏ ਬਿਨੁ ਨਾਵੈ ਜਨਮੁ ਗਵਾਵਣਿਆ॥ (੧੧੪)

੧੨੫. ਗਰਭਿ ਗਲਾਡੇ: – ਜਿਨ ਕਉ ਪ੍ਰੀਤਿ ਰਿਦੈ ਹਰਿ ਨਾਹੀ ਤਿਨ ਕੂਰੇ ਗਾਢਨ ਗਾਢੇ॥
ਜਿਉ ਪਾਣੀ ਕਾਗਦੁ ਬਿਨਸਿ ਜਾਤ ਹੈ ਤਿਉ ਮਨਮੁਖ ਗਰਭਿ ਗਲਾਢੇ॥ (੧੭੧)

ਮਨਮੁਖਾਂ ਨੂੰ ਹਿਰਦਿਉਂ ਪ੍ਰੀਤਿ ਹਰੀ ਪ੍ਰਮੇਸ਼ਰ ਨਾਲ ਕਦਾਚਿੱਤ ਵੀ ਨਹੀਂ ਲਗ ਸਕਦੀ ਭਾਵੇਂ ਉਹ ਪ੍ਰੇਮ ਪਿਆਰ ਦੀਆਂ ਕਿਤਨੀਆਂ ਵੀ ਡੀਂਗਾਂ ਪਏ ਮਾਰਨ । ਉਨ੍ਹਾਂ ਦੇ ਗੰਢਣ ਗੰਢਣੇ ਸਭ ਝੂਠੇ ਤੇ ਬਿਰਥੇ ਹਨ । ਉਹ ਤਾਂ ਪਾਣੀ ਵਿੱਚ ਡਿੱਗੇ ਕਾਗ਼ਜ਼ ਦੀ ਨਿਆਈਂ ਜੂਨਾਂ ਵਿੱਚ ਹੀ ਪਏ ਗਲਦੇ ਸੜਦੇ ਹਨ । ਗੁਰਮਤਿ ਦੇ ਸੱਚੇ ਸਿਧਾਂਤ ਅਨੁਸਾਰ ਸੱਚਾ ਪ੍ਰੇਮ ਪਿਆਰ ਪੂਰੇ ਗੁਰੂ ਤੋਂ ਉਪਜਦਾ ਹੈ । ਯਥਾ ਗੁਰਵਾਕ: –

ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ॥ ਕਬਹੂ ਨ ਹੋਵੈ ਭੰਗੁ ਨਾਨਕ ਹਰਿ ਗੁਣ ਗਾਈਐ॥ (੧੪੨੨)

੧੨੬. ਧ੍ਰਿਗ ਜੀਵਣੇ: – ਬਿਖੁ ਖਾਧੀ ਮਨਮੁਖੁ ਮੁਆ ਮਾਇਆ ਮੋਹਿ ਵਿਣਾਸੁ॥
ਇਕਸੁ ਹਰਿ ਕੇ ਨਾਮ ਵਿਣੁ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ॥ (੯੪੯)

ਨਾਮ ਬਿਨਾਂ ਹੋਰ ਸਭ ਕੁਝ ਵਿਹੁ ਦੀ ਨਿਆਈਂ ਹੈ । ਮਨਮੁਖ ਨਾਮ ਨੂੰ ਛੱਡ ਕੇ ਜ਼ਹਿਰ ਖਾਣ ਦੇ ਕਾਰਨ ਸਮਝੋ ਜੀਉਂਦਾ ਹੀ ਮਰ ਗਿਆ ਅਤੇ ਇਉਂ ਮੋਹ ਦੇ ਜਾਲ ਵਿੱਚ ਫਸ ਕੇ ਨਾਸ ਹੋਇਆ । ਨਾਮ ਤੋਂ ਸੱਖਣੇ ਮਨਮੁਖ ਦੇ ਜੀਵਨ ਅਤੇ ਵਸੇਬੇ ਤੇ ਲੱਖ ਲਾਹਨਤ ਹੈ ।

੧੨੭. ਆਲ ਪਤਾਲ ਬੋਲਣੇ: – ਸਚੁ ਸਚਾ ਜਿਨੀ ਨ ਸੇਵਿਆ ਸੇ ਮਨਮੁਖ ਮੂੜ ਬੇਤਾਲੇ॥
ਓਹ ਆਲੁ ਪਤਾਲੁ ਮੁਹਹੁ ਬੋਲਦੇ ਜਿਉ ਪੀਤੈ ਮਦਿ ਮਤਵਾਲੇ॥ (੩੧੧)

ਜੋ ਪ੍ਰਾਣੀ ਅਮੋਲਕ ਮਨੁੱਖਾ ਜਨਮ ਨੂੰ ਪਾ ਕੇ ਸੱਚੇ ਵਾਹਿਗੁਰੂ ਦੀ ਟਹਿਲ ਸੇਵਾ ਵਿੱਚ ਨਹੀਂ ਲਗਦੇ ਭਾਵ ਨਾਮ ਸਿਮਰਨ ਵਿੱਚ ਨਹੀਂ ਜੁੱਟਦੇ ਉਹ ਮਨਮੁਖ ਕਹੇ ਜਾਂਦੇ ਹਨ । ਸਗੋਂ ਉਨ੍ਹਾਂ ਨੂੰ ਅਸਲੀ ਭੂਤਨੇ ਕਹਿਣਾ ਹੀ ਮੁਨਾਸਿਬ ਹੈ । ਉਨ੍ਹਾਂ ਦਾ ਬੋਲਣਾ ਸ਼ਰਾਬ ਨਾਲ ਮਸਤ ਹੋਏ ਸ਼ਰਾਬੀ ਦੀ ਨਿਆਈਂ ਸਭ ਉਲਟ ਪੁਲਟ ਅਤੇ ਫ਼ਜ਼ੂਲ ਹੈ ।

੧੨੮. ਮੋਹੁ ਮਾਇਆ ਫਾਥੇ: – ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ॥
ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ॥ (੬੯੬)

੧੨੯. ਅੰਦਰਹੁ ਕਾਲੇ: – ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ॥
ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ॥ (੧੨੮੪)

੧੩੦. ਜਮ ਵਸਿ ਪੈਣੇ: – ਇਸੁ ਜੁਗ ਮਹਿ ਨਿਰਭਉ ਹਰਿ ਨਾਮੁ ਹੈ ਪਾਈਐ ਗੁਰ ਵੀਚਾਰਿ॥
ਬਿਨੁ ਨਾਵੈ ਜਮ ਕੈ ਵਸਿ ਹੈ ਮਨਮੁਖਿ ਅੰਧ ਗਵਾਰਿ॥ (੩੬੫)

ਨਾਮ ਦਾ ਦਾਤਾ ਪੂਰਾ ਸਤਿਗੁਰੂ ਹੈ ਹੋਰ ਕੋਈ ਨਹੀਂ । ਨਾਮ ਤੋਂ ਬਿਨਾਂ ਸਾਰੇ ਸੰਸਾਰ ਨੂੰ ਮੌਤ ਦਾ ਡਰ ਵੱਢ-ਵੱਢ ਕੇ ਖਾ ਰਿਹਾ ਹੈ । ਮਨਮੁਖ ਨਾਮਹੀਣ ਤਾਂ ਕਿਸ ਦੇ ਵਿਚਾਰੇ ਹਨ । ਉਨ੍ਹਾਂ ਨੇ ਤਾਂ ਜਮਾਂ ਦੇ ਵੱਸ ਪੈਣਾ ਹੀ ਸੀ । ਯਥਾ ਗੁਰਵਾਕ: –

ਡਰਪੈ ਧਰਤਿ ਅਕਾਸੁ ਨਖ੍ਹਤ੍ਰਾ ਸਿਰ ਊਪਰਿ ਅਮਰੁ ਕਰਾਰਾ॥
ਪਉਣੁ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ਰ ਬਿਚਾਰਾ॥
ਏਕਾ ਨਿਰਭਉ ਬਾਤ ਸੁਨੀ॥
ਸੋ ਸੁਖੀਆ ਸੋ ਸਦਾ ਸੁਹੇਲਾ ਜੋ ਗੁਰ ਮਿਲਿ ਗਾਇ ਗੁਨੀ॥ ਰਹਾਉ॥
ਦੇਹਧਾਰ ਅਰੁ ਦੇਵਾ ਡਰਪਹਿ ਸਿਧ ਸਾਧਿਕ ਡਰਿ ਮੁਇਆ॥
ਲਖ ਚਉਰਾਸੀਹ ਮਰਿ ਮਰਿ ਜਨਮੇ ਫਿਰਿ ਫਿਰਿ ਜੋਨੀ ਜੋਇਆ॥
ਰਾਜਸੁ ਸਾਤਕੁ ਤਾਮਸੁ ਡਰਪਹਿ ਕੇਤੇ ਰੂਪ ਉਪਾਇਆ॥
ਛਲ ਬਪੁਰੀ ਇਹ ਕਉਲਾ ਡਰਪੈ ਅਤਿ ਡਰਪੈ ਧਰਮ ਰਾਇਆ॥
ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ॥
ਕਹੁ ਨਾਨਕ ਭਗਤਨ ਕਾ ਸੰਗੀ ਭਗਤ ਸੋਹਹਿ ਦਰਬਾਰਾ॥ (੯੯੮)

੧੩੧. ਜਮ ਡੰਡੇ ਸਹਿਣੇ: – ਮਨਮੁਖ ਅੰਧੇ ਸਦਾ ਬਿਖੁ ਖਾਏ॥ ਜਮ ਡੰਡੁ ਸਹਹਿ ਸਦਾ ਦੁਖੁ ਪਾਏ॥ (੨੩੧)

ਮਨਮੁਖ ਸੱਚੀਂ ਮੁੱਚੀ ਅੰਨ੍ਹੇ ਹਨ । ਉਹ ਹਮੇਸ਼ਾਂ ਨਾਮ ਰੂਪੀ ਅੰਮ੍ਰਿਤ ਨੂੰ ਛੱਡ ਕੇ ਵਿਸ਼ੇ ਵਿਕਾਰ ਰੂਪੀ ਵਿਹੁ ਖਾਣ ਵਿੱਚ ਹੀ ਲੱਗੇ ਰਹਿੰਦੇ ਹਨ । ਇਸੇ ਲਈ ਉਨ੍ਹਾਂ ਨੂੰ ਜਮਾਂ ਦੇ ਡੰਡੇ ਸਹਿ ਕੇ ਸਦਾ ਦੁੱਖ ਪਾਉਣੇ ਪੈਂਦੇ ਹਨ ।

੧੩੨. ਬਾਜ਼ੀ ਹਾਰਨੇ: – ਮਨਮੁਖ ਕਰਮ ਕਰੇ ਅਹੰਕਾਰੀ॥ ਜੂਐ ਜਨਮੁ ਸਭ ਬਾਜੀ ਹਾਰੀ॥ (੧੩੦)

ਮਨਮੁਖਾਂ ਦੇ ਸਾਰੇ ਕੰਮਾਂ ਦੀ ਨੀਂਹ ਹੰਕਾਰ ਤੇ ਹੁੰਦੀ ਹੈ ਉਹ ਹੰਕਾਰ ਨਾਲ ਨਕਾ ਨੱਕ ਭਰੇ ਹੁੰਦੇ ਹਨ । ਤਾਂ ਤੇ ਉਹ ਮਨੁੱਖਾ ਜਨਮ ਨੂੰ ਜੂਏ ਵੱਤ ਬਾਜੀ ਹਾਰ ਕੇ ਚੱਲਦੇ ਬਣਦੇ ਹਨ ।

੧੩੩. ਅੰਧੋ ਅੰਧ ਕਮਾਉਣੇ: – ਮਨਮੁਖੁ ਅੰਧਾ ਅੰਧੁ ਕਮਾਏ॥ ਬਹੁ ਸੰਕਟ ਜੋਨੀ ਭਰਮਾਏ॥ (੧੦੬੮)

ਮਨਮੁਖਾਂ ਅੰਨ੍ਹਿਆਂ ਦੇ ਸਾਰੇ ਕੰਮ ਅੰਨ੍ਹੇਰਖਾਤੇ ਵਾਲੇ ਹੀ ਹੁੰਦੇ ਹਨ । ਇਸੇ ਲਈ ਉਨ੍ਹਾਂ ਨੂੰ ਅਨੇਕ ਜੂਨੀਆਂ ਅੰਦਰ ਭਰਮਦਿਆਂ ਭਟਕਦਿਆਂ ਬਹੁਤ ਕਸ਼ਟ ਝੱਲਣੇ ਪੈਂਦੇ ਹਨ ।

੧੩੪. ਪਤਿ ਗਵਾਉਣੇ: – ਸੋ ਗਿਆਨੀ ਜਿਨਿ ਸਬਦਿ ਲਿਵ ਲਾਈ॥ ਮਨਮੁਖਿ ਹਉਮੈ ਪਤਿ ਗਵਾਈ॥ (੮੩੧)

ਗੁਰਮਤਿ ਦੀ ਸੱਚੀ ਸੁੱਚੀ ਕਸਵੱਟੀ ਅਨੁਸਾਰ ਅਸਲ ਗਿਆਨੀ ਉਹ ਹਨ ਜਿੰਨ੍ਹਾਂ ਨੇ ਪੂਰੇ ਗੁਰੂ ਪਾਸੋਂ ਗੁਰਮੰਤ੍ਰ (ਗੁਰ ਸਬਦ) ਪ੍ਰਾਪਤ ਕਰਕੇ ਨਾਮ ਅਭਿਆਸ ਕਮਾਈਆਂ ਰਾਹੀਂ ਸੱਚੇ ਸ਼ਬਦ ਵਿੱਚ ਲੀਨਤਾ ਪ੍ਰਾਪਤ ਕਰ ਲਈ ਹੈ । ਇਸ ਦੇ ਉਲਟ ਨਾਮੋ ਸੱਖਣੇ ਮਨਮੁਖਾਂ ਨੂੰ ਹਉਮੈ ਹੰਕਾਰ ਦੇ ਕਾਰਨ ਅਸਲੀ ਦਰਗਾਹੇ ਬੇਇੱਜ਼ਤ ਕਰਕੇ ਚੌਰਾਸੀ ਦੇ ਚੱਕਰ ਵਿੱਚ ਹੀ ਰੱਖਿਆ ਜਾਊ ।

੧੩੫. ਦੁੱਖੋ ਦੁੱਖ ਕਮਾਉਣੇ: – ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ ਧਿਆਨੁ ਨ ਲਾਗੈ॥
ਦੁਖ ਵਿਚਿ ਕਾਰ ਕਮਾਵਣੀ ਦੁਖੁ ਵਰਤੈ ਦੁਖੁ ਆਗੈ॥ (੮੫੧)

ਮਨਮੁਖਾਂ ਦੇ ਦੁੱਖਾਂ ਕਲੇਸ਼ਾਂ ਦੀ ਗਿਣਤੀ ਮਿਣਤੀ ਨਹੀਂ ਕੀਤੀ ਜਾ ਸਕਦੀ । ਉਨ੍ਹਾਂ ਦੇ ਸਾਰੇ ਕੰਮ ਹੀ ਦੁੱਖ ਰੂਪ ਹਨ। ਉਹ ਕੋਈ ਸਾਹ ਵੀ ਸੁੱਖ ਦਾ ਨਹੀਂ ਲੈ ਸਕਦੇ । ਉਨ੍ਹਾਂ ਨੂੰ ਤਾਂ ਅਗਲੀ ਦਰਗਾਹੇ ਵੀ ਦੁੱਖ ਸਗਵਾਂ ਭਿਆਨਕ ਰੂਪ ਧਾਰੀ ਉਡੀਕ ਕਰ ਰਹੇ ਹਨ ਕਿਉਂਕਿ ਉਨ੍ਹਾਂ ਦੇ ਅੰਦਰ ਸਦਾ ਕਪਟ ਹੋਣ ਕਰਕੇ ਉਨ੍ਹਾਂ ਦਾ ਧਿਆਨ ਹਰ ਸਮੇਂ ਦ੍ਰਿਸ਼ਟਮਾਨ ਝੂਠੇ ਪਦਾਰਥਾਂ ਵੱਲ ਹੀ ਲੱਗਾ ਰਿਹਾ । ਇੱਕ ਨਿਮਖ ਵੀ ਅਦ੍ਰਿਸ਼ਟ ਅਗੋਚਰੇ ਨਿਰਗੁਣ ਸਰੂਪੇ ਨਾਮ ਨਾਮੀ ਤੇ ਨਾ ਲੱਗ ਸਕਿਆ । ਸਾਰੇ ਜਹਾਨ ਦਾ ਹੀ ਐਸਾ ਹਾਲ ਹੈ, ਪੂਰੇ ਗੁਰੂ ਦੀ ਸ਼ਰਨ ਬਿਨਾਂ। ਜੈਸੇ ਗੁਰਵਾਕ ਹੈ: –

ਮਨਮੁਖ ਕਰਮ ਕਰੇ ਅਹੰਕਾਰੀ ਸਭ ਦੁਖੋ ਦੁਖ ਕਮਾਇ॥ (੮੭)

੧੩੬. ਕੂੜ ਆਹਾਰੀਏ: –

ਮਨਮੁਖ ਵਾਪਾਰੈ ਸਾਰ ਨ ਜਾਣਨੀ ਬਿਖੁ ਵਿਹਾਝਹਿ ਬਿਖੁ ਸੰਗ੍ਰਹਹਿ ਬਿਖ ਸਿਉ ਧਰਹਿ ਪਿਆਰੁ॥
ਵਾਦਾ ਕੀਆ ਕਰਨਿ ਕਹਾਣੀਆ ਕੂੜੁ ਬੋਲਿ ਕਰਹਿ ਆਹਾਰੁ॥ (੧੦੯੧)

ਮਨਮੁਖਾਂ ਨੂੰ ਅਸਲ ਨਾਮ ਰੂਪੀ ਵਾਪਾਰ ਦੀ ਸਾਰ ਉੱਕਾ ਹੀ ਨਹੀਂ ਹੋ ਸਕਦੀ । ਉਹ ਤਾਂ ਸਦਾ ਵਿਹੁ ਹੀ ਖਰੀਦਦੇ, ਵਿਹੁ ਹੀ ਇਕੱਠੀ ਕਰਦੇ ਹਨ । ਉਨ੍ਹਾਂ ਦਾ ਪਿਆਰ ਹੀ ਵਿਹੁ ਨਾਲ ਹੋ ਸਕਦਾ ਹੈ । ਸੰਸਾਰਿਕ ਮਾਇਕ ਰਗੜਿਆਂ ਝਗੜਿਆਂ ਦੀਆਂ ਗੱਲਾਂ ਅੰਦਰ ਹੀ ਸਾਰੀ ਉਮਰ ਉਨ੍ਹਾਂ ਦੀ ਅਜਾਈਂ ਬੀਤਦੀ ਹੈ । ਉਹ ਹਰ ਵੇਲੇ ਕੂੜ ਰੂਪੀ ਆਹਾਰ ਛੱਕ ਕੇ ਕੀ ਪ੍ਰਸੰਨ ਰਹਿੰਦੇ ਹਨ ।

੧੩੭. ਮਰਨ ਵਿਗਾੜਨੇ: – ਮਨਮੁਖ ਮਰਹਿ ਮਰਿ ਮਰਣੁ ਵਿਗਾੜਹਿ॥ ਦੂਜੈ ਭਾਇ ਆਤਮ ਸੰਘਾਰਹਿ॥ (੩੬੨)

ਮਨਮੁਖ ਬੁਰੀ ਮੌਤੇ ਮਰਦੇ ਹਨ । ਉਹ ਆਪਣਾ ਮਰਨਾ ਵੀ ਖ਼ਰਾਬ ਕਰਦੇ ਹਨ । ਆਪਣੀਆਂ ਆਤਮਿਕ ਸ਼ਕਤੀਆਂ ਨੂੰ ਵੀ ਨਾਸ਼ ਕਰ ਲੈਂਦੇ ਹਨ । ਇਸੇ ਲਈ ਉਨ੍ਹਾਂ ਨੂੰ ਆਤਮਘਾਤੀ ਆਖਿਆ ਜਾਂਦਾ ਹੈ । ਐਸੀ ਦੁਰਦਸ਼ਾ ਉਨ੍ਹਾਂ ਦੀ ਨਾਮ ਤੋਂ ਭੁੱਲਣ ਅਤੇ ਦੂਜੇ ਭਾਇ ਵਿੱਚ ਲੱਗਣ ਕਰਕੇ ਹੁੰਦੀ ਹੈ ।

੧੩੮. ਫਿਰਿ ਫਿਰਿ ਪਛੁਤਾਵਣੇ: – ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ॥
ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ॥ (੧੬੩)

੧੩੯. ਵਿਸ਼ਟਾ ਮਾਹਿ ਸਮਾਉਣੇ: – ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ ਜੰਮਹਿ ਵਾਰੋ ਵਾਰਾ॥
ਬਿਸਟਾ ਕੇ ਕੀੜੇ ਬਿਸਟਾ ਮਾਹਿ ਸਮਾਣੇ ਮਨਮੁਖ ਮੁਗਧ ਗੁਬਾਰਾ॥ (੬੦੧)

ਮਨਮੁਖ ਹਰੀ ਰਸ, ਨਾਮ ਰਸ ਪ੍ਰਾਪਤ ਨਹੀਂ ਕਰ ਸਕਦੇ । ਉਨ੍ਹਾਂ ਨੇ ਮਨੁੱਖਾ ਜਨਮ ਨੂੰ ਭੰਗ ਦੇ ਭਾਅ ਹੀ ਲੁੱਟਾ ਦਿੱਤਾ ਹੈ । ਉਹ ਮੁੜ-ਮੁੜ ਜੰਮਦੇ ਮਰਦੇ ਹੀ ਰਹਿਣਗੇ । ਦਰਅਸਲ ਉਹ ਵਿਸ਼ਟਾ ਦੇ ਕੀੜੇ ਹਨ । ਵਿਸ਼ਟਾ ਵਿੱਚ ਹੀ ਉਨ੍ਹਾਂ ਦਾ ਵਾਸਾ ਸਮਝੋ ਅੱਗੇ ਜਾ ਕੇ ਵੀ ਉਨ੍ਹਾਂ ਨੂੰ ਵਿਸ਼ਟਾ ਵਿੱਚ ਹੀ ਵਾਸਾ ਮਿਲੇਗਾ ।

੧੪੦. ਮਮਤਾ ਬਾਧੇ: – ਮਨਮੁਖਿ ਝੂਠੋ ਝੂਠੁ ਕਮਾਵੈ॥ ਖਸਮੈ ਕਾ ਮਹਲੁ ਕਦੇ ਨ ਪਾਵੈ॥
ਦੂਜੈ ਲਗੀ ਭਰਮਿ ਭੁਲਾਵੈ॥ ਮਮਤਾ ਬਾਧਾ ਆਵੈ ਜਾਵੈ॥ (੩੬੩)

੧੪੧. ਕੂੜ ਵਿਹਾਝਣੇ: – ਮਨਮੁਖਿ ਵਿਛੁੜੀ ਦੂਰਿ ਮਹਲੁ ਨ ਪਾਏ ਬਲਿ ਗਈ ਬਲਿ ਰਾਮ ਜੀਉ॥
ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ ਕੂੜਿ ਲਈ ਬਲਿ ਰਾਮ ਜੀਉ॥ (੭੭੩)

੧੪੨. ਫਿਰਿ ਫਿਰਿ ਜੂਨੀ ਪੈਣੇ: – ਮਨਮੁਖੁ ਪ੍ਰਾਣੀ ਮੁਗਧੁ ਹੈ ਨਾਮਹੀਣ ਭਰਮਾਇ॥
ਬਿਨ ਗੁਰ ਮਨੂਆ ਨਾ ਟਿਕੈ ਫਿਰਿ ਫਿਰਿ ਜੂਨੀ ਪਾਇ॥ (੩੧੩)

੧੪੩. ਬਿਰਥਾ ਜਨਮ ਗਵਾਉਣੇ: – ਅਹੰਕਾਰੁ ਤਿਸਨਾ ਰੋਗੁ ਲਗਾ ਬਿਰਥਾ ਜਨਮੁ ਗਵਾਵਹੇ॥
ਮਨਮੁਖ ਮੁਗਧ ਚੇਤਹਿ ਨਾਹੀ ਅਗੈ ਗਇਆ ਪਛੁਤਾਵਹੇ॥ (੪੪੧)

੧੪੪. ਕੋਰੇ: – ਮਨਮੁਖਿ ਮੁਗਧੁ ਨਰੁ ਕੋਰਾ ਹੋਇ॥ ਜੇ ਸਉ ਲੋਚੈ ਰੰਗੁ ਨ ਹੋਵੈ ਕੋਇ॥ (੭੩੨)

੧੪੫. ਝੂਰਿ ਮਰਨੇ: – ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ॥
ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ॥ (੨੭)

੧੪੬. ਆਤਮ ਸੰਘਾਰਨੇ: – ਮਨਮੁਖ ਮਰਹਿ ਮਰਿ ਮਰਣੁ ਵਿਗਾੜਹਿ॥ ਦੂਜੈ ਭਾਇ ਆਤਮ ਸੰਘਾਰਹਿ॥ (੩੬੨)

੧੪੭. ਕੂੜ ਕਮਾਉਣੇ: – ਮਨਮੁਖਿ ਕੂੜੁ ਗੁਬਾਰੁ ਕੂੜੁ ਕਮਾਈਐ॥ ਸਚੇ ਦੈ ਦਰਿ ਜਾਇ ਸਚੁ ਚਵਾਂਈਐ॥ (੧੪੫)

੧੪੮. ਵਿਣੁ ਪਾਣੀਓ ਡੁਬਣੇ: – ਬਿਨੁ ਗੁਰ ਸਾਚੇ ਭਗਤਿ ਨ ਹੋਵੀ ਹੋਰ ਭੂਲੀ ਫਿਰੈ ਇਆਣੀ॥
ਮਨਮੁਖਿ ਫਿਰਹਿ ਸਦਾ ਦੁਖੁ ਪਾਵਹਿ ਡੂਬਿ ਮੁਏ ਵਿਣੁ ਪਾਣੀ॥ (੬੦੨)

੧੪੯. ਦੂਜੇ ਭਾਇ ਲਗਣੇ: – ਰਤਨੁ ਪਦਾਰਥੁ ਪਲਰਿ ਤਿਆਗੈ॥ ਮਨਮੁਖੁ ਅੰਧਾ ਦੂਜੈ ਭਾਇ ਲਾਗੈ॥
ਜੋ ਬੀਜੈ ਸੋਈ ਫਲੁ ਪਾਏ ਸੁਪਨੇ ਸੁਖੁ ਨ ਪਾਵਣਿਆ॥ (੧੧੩)

੧੫੦. ਮੈਲਾ ਖਾਣੇ: – ਮਨੁ ਮੈਲਾ ਹੈ ਦੂਜੈ ਭਾਇ॥ ਮੈਲਾ ਚਉਕਾ ਮੈਲੈ ਥਾਇ॥
ਮੈਲਾ ਖਾਇ ਫਿਰਿ ਮੈਲੁ ਵਧਾਏ ਮਨਮੁਖ ਮੈਲੁ ਦੁਖੁ ਪਾਵਣਿਆ॥ (੧੨੧)

੧੫੧. ਕਾਲ ਬਾਧੇ: – ਜਾਹਿ ਸਵਾਰੈ ਸਾਝ ਬਿਆਲ॥ ਇਤ ਉਤ ਮਨਮੁਖ ਬਾਧੇ ਕਾਲ॥ (੧੫੪)

੧੫੨. ਫਿਕਾ ਅਲਾਉਣੇ: – ਮਨਮੁਖੁ ਊਧਾ ਕਉਲੁ ਹੈ ਨਾ ਤਿਸੁ ਭਗਤਿ ਨ ਨਾਉ॥
ਸਕਤੀ ਅੰਦਰਿ ਵਰਤਦਾ ਕੂੜੁ ਤਿਸ ਕਾ ਹੈ ਉਪਾਉ॥
ਤਿਸ ਕਾ ਅੰਦਰੁ ਚਿਤੁ ਨ ਭਿਜਈ ਮੁਖਿ ਫੀਕਾ ਆਲਾਉ॥ (੫੧੧)

੧੫੩. ਜਮ ਮਗੁ ਪੈਣੇ: – ਮਨਮੁਖ ਜਮ ਮਗਿ ਪਾਈਅਨਿ ਜਿਨ੍ ਦੂਜਾ ਭਾਉ ਪਿਆਰਾ॥
ਜਮ ਪੁਰਿ ਬਧੇ ਮਾਰੀਅਨਿ ਕੋ ਸੁਣੈ ਨ ਪੂਕਾਰਾ॥ (੫੧੩)

ਅੱਗੇ ਜਾ ਕੇ ਗੁਰਮੁਖਾਂ ਤੇ ਮਨਮੁਖਾਂ ਦੇ ਬਿਲਕੁੱਲ ਅੱਡ-ਅੱਡ ਰਸਤੇ ਹਨ । ਗੁਰਮੁਖਿ ਸਿੱਧੇ ਗੁਰਪੁਰੀ ਸੱਚਖੰਡ ਵਿਖੇ ਜਾਂਦੇ ਹਨ ਤੇ ਮਨਮੁਖਾਂ ਨੂੰ ਧਰਮਰਾਇ ਦੇ ਪੇਸ਼ ਕੀਤਾ ਜਾਂਦਾ ਹੈ, ਜਿੱਥੇ ਜਾ ਕੇ ਉਨ੍ਹਾਂ ਨੂੰ ਨੂੜ ਨਰੜ ਕੇ ਮੂੰਗਲਿਆਂ ਨਾਲ ਕੁੱਟਿਆ ਮਾਰਿਆ ਜਾਂਦਾ ਹੈ । ਉੱਥੇ ਉਨ੍ਹਾਂ ਦੀ ਕੂਕ ਪੁਕਾਰ ਸੁਣਕੇ ਛੁਡਾਉਣ ਵਾਲਾ ਕੋਈ ਨਹੀਂ । ਇਸ ਭਾਵ ਨੂੰ ਹੋਰ ਸਪੱਸ਼ਟ ਕਰਨ ਲਈ ਪੜ੍ਹੋ ਗਹੁ ਨਾਲ ਅਗਲਾ ਸ਼ਬਦ: –

ਜਿਹ ਪੈਡੈ ਲੂਟੀ ਪਨਿਹਾਰੀ॥ ਸੋ ਮਾਰਗੁ ਸੰਤਨ ਦੂਰਾਰੀ॥
ਸਤਿਗੁਰ ਪੂਰੈ ਸਾਚੁ ਕਹਿਆ॥ ਨਾਮ ਤੇਰੇ ਕੀ ਮੁਕਤੇ ਬੀਥੀ ਜਮ ਕਾ ਮਾਰਗੁ ਦੂਰਿ ਰਹਿਆ॥ ਰਹਾਉ॥
ਜਹ ਲਾਲਚ ਜਾਗਾਤੀ ਘਾਟ॥ ਦੂਰਿ ਰਹੀ ਉਹ ਜਨ ਤੇ ਬਾਟ॥
ਜਹ ਆਵਟੇ ਬਹੁਤ ਘਨ ਸਾਥ॥ ਪਾਰਬ੍ਰਹਮ ਕੇ ਸੰਗੀ ਸਾਧ॥
ਚਿਤ੍ ਗੁਪਤੁ ਸਭ ਲਿਖਤੇ ਲੇਖਾ॥ ਭਗਤ ਜਨਾ ਕਉ ਦ੍ਰਿਸਟਿ ਨ ਪੇਖਾ॥
ਕਹੁ ਨਾਨਕ ਜਿਸੁ ਸਤਿਗੁਰੁ ਪੂਰਾ॥ ਵਾਜੇ ਤਾ ਕੈ ਅਨਹਦ ਤੂਰਾ॥ (੩੯੩)

ਅਰਥ ਭਾਵ ਇਹ ਕਿ ਜਿਸ ਰਸਤੇ (ਜਮ ਮਾਰਗ) ਅੰਦਰ ਜੀਵ ਰੂਪੀ ਪਨਿਹਾਰੀ (ਮਿਹਨਤ ਕਰਨ ਵਾਲੀ) ਲੁੱਟੀ ਜਾਂਦੀ ਹੈ, ਉਹ ਰਸਤਾ ਗੁਰਮੁਖਾਂ ਸੰਤਾਂ ਤੋਂ ਦੂਰ ਰਹਿ ਜਾਂਦਾ ਹੈ। ਪੂਰੇ ਸਤਿਗੁਰੂ ਨੇ ਇਹ ਗੱਲ ਦੇਖ ਪਰਖ ਕੇ ਸੱਚੀ ਕਹੀ ਹੈ। ਜਿੰਨ੍ਹਾਂ ਨੇ ਪੂਰੇ ਸਤਿਗੁਰੂ ਪਾਸੋਂ ਨਾਮ ਪ੍ਰਾਪਤ ਕਰਕੇ ਨਾਮ ਕਮਾਈਆਂ ਕੀਤੀਆਂ ਹਨ, ਉਨ੍ਹਾਂ ਨੂੰ ਚੱਲਣ ਲਈ ਮੋਕਲੀ ਗਲੀ (ਭਾਵ ਖੁੱਲ੍ਹੀ ਸੜਕ ਜੋ ਧੁਰ ਸਚਖੰਡ ਪਹੁੰਚਦੀ ਹੈ) ਮਿਲਦੀ ਹੈ । ਜਮ ਮਾਰਗ ਉਨ੍ਹਾਂ ਤੋਂ ਬਹੁਤ ਦੂਰ ਹੀ ਰਹਿ ਜਾਂਦਾ ਹੈ । ਜਮ ਮਾਰਗ ਵਿੱਚ ਤਾਂ ਲੋਭ ਦਾ ਮਾਮੂਲੀ ਪੱਤਣ ਵੀ ਹੈ, ਜਿੱਥੇ ਸਭ ਕੁਝ ਲੁੱਟਿਆ ਜਾਂਦਾ ਹੈ ਭਾਵ ਮਨਮੁਖਾਂ ਦੇ ਪਾਖੰਡ ਰੂਪੀ ਕਰਮ ਧਰਮ ਖੋਹ ਲਏ ਜਾਂਦੇ ਹਨ । ਗੁਰਮੁਖਾਂ ਸੰਤਾਂ ਭਗਤਾਂ ਤੋਂ ਉਹ ਰਸਤਾ ਬਹੁਤ ਦੁਰਾਡੇ ਰਹਿ ਜਾਂਦਾ ਹੈ। ਜਮ ਮਾਰਗ ਵਿੱਚ ਤਾਂ ਕਾਫ਼ਲਿਆਂ ਦੇ ਕਾਫ਼ਲੇ ਤਪਾਏ ਜਾਂਦੇ ਤੇ ਦੁੱਖੀ ਕੀਤੇ ਜਾਂਦੇ ਹਨ । ਗੁਰਮੁਖਿ ਜਨਾ ਨੂੰ ਉਸ ਰਸਤੇ ਜਾਣ ਦੀ ਕੋਈ ਲੋੜ ਨਹੀਂ ਪੈਂਦੀ ਉਹ ਸਭ ਦੇ ਸਭ ਪਾਰਬ੍ਰਹਮ ਵਾਹਿਗੁਰੂ ਦੇ ਸਚਖੰਡ ਨੂੰ ਪ੍ਰਾਪਤ ਕਰਕੇ ਉਸ ਦੇ ਪੱਕੇ ਸਾਥੀ ਜਾ ਬਣਦੇ ਹਨ ਤੇ ਕੀਰਤਨੀ ਅਖਾੜਿਆਂ ਵਿੱਚ ਸ਼ਾਮਲ ਹੋ ਕੇ ਸਦਾ ਅਨੰਦ ਮਾਣਦੇ ਹਨ । ਦੂਜੇ ਪਾਸੇ ਤਾਂ ਸਾਰਿਆਂ ਦਾ ਲੇਖਾ ਪੱਤਾ ਰੱਖਣ ਵਾਲੇ ਚਿੱਤ੍ ਗੁਪਤ ਵੀ ਨਾਲ ਹੀ ਰਹਿੰਦੇ ਹਨ ਪ੍ਰੰਤੂ ਭਗਤ ਜਨਾ ਵੱਲ ਤਾਂ ਉਹ ਅੱਖ ਚੁੱਕ ਕੇ ਵੀ ਨਹੀਂ ਵੇਖ ਸਕਦੇ । ਜਿੰਨ੍ਹਾਂ ਨੇ ਸੱਚ ਸਰੂਪਾ, ਗੁਰੂ ਨਾਨਕ ਸਰੂਪਾ, ਸ਼ਬਦਾ ਅਵਤਾਰ, ਨਾਮ ਬਾਣੀ ਦਾ ਬੋਹਿਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਉਨ੍ਹਾਂ ਦੀ ਪ੍ਰਧਾਨਗੀ ਮਾਤੈਹਤ ਪੰਜਾਂ ਪਿਆਰਿਆਂ ਰਾਹੀਂ ਗੁਰਮੰਤ੍ ਪ੍ਰਾਪਤ ਕਰ ਲਿਆ ਹੈ, ਉਨ੍ਹਾਂ ਨੂੰ ਅੱਗੇ ਓਥੇ ਸਦਾ ਅਨੰਦ ਹੀ ਅਨੰਦ ਹੈ ।

੧੫੪. ਕਾਲ ਵਸਿ ਪੈਣੇ: – ਜਿਉ ਪੰਖੀ ਕਪੋਤਿ ਆਪੁ ਬਨ੍ਹਾਇਆ ਮੇਰੀ ਜਿੰਦੁੜੀਏ
ਤਿਉ ਮਨਮੁਖ ਸਭਿ ਵਸਿ ਕਾਲੇ ਰਾਮ॥ (੫੩੯)

੧੫੫. ਤਪਿ ਤਪਿ ਖਪਣੇ: – ਮਨਮੁਖਿ ਅੰਧਾ ਤਪਿ ਤਪਿ ਖਪੈ ਬਿਨੁ ਸਬਦੈ ਸਾਂਤਿ ਨ ਆਈ॥ (੫੭੧)

੧੫੬. ਹਾਇ ਹਾਇ ਕਰਨੇ: – ਦੂਜੈ ਭਾਇ ਦੁਖੁ ਹੋਇ ਮਨਮੁਖ ਜਮਿ ਜੋਹਿਆ ਜੀਉ॥
ਹਾਇ ਹਾਇ ਕਰੇ ਦਿਨੁ ਰਾਤਿ ਮਾਇਆ ਦੁਖਿ ਮੋਹਿਆ ਜੀਉ॥ (੬੯੦)

ਨਾਮ ਨੂੰ ਵਿਸਾਰ ਕੇ ਦੂਜੇ ਪਾਸੇ ਲੱਗਣ ਵਿੱਚ ਸਦਾ ਦੁੱਖ ਹੀ ਦੁੱਖ ਹਨ । ਜਮ ਵੀ ਉਨ੍ਹਾਂ ਨੂੰ ਜੋਂਹਦੇ ਰਹਿੰਦੇ ਹਨ। ਮੋਹ ਮਾਇਆ ਵਿੱਚ ਫਸੇ ਨਾਮ ਤੋਂ ਘੁੱਥੇ ਮਨਮੁਖਾਂ ਦੀ ਸਾਰੀ ਉਮਰ ਹਾਇ ਹਾਇ ਕਰਦਿਆਂ ਹੀ ਦੁੱਖਾਂ ਵਿੱਚ ਹੀ ਬੀਤਦੀ ਹੈ।

ਉਹ ਗਲ੍ਹ ਤਾਈਂ ਦੁੱਖਾਂ ਨਾਲ ਭਰੇ ਰਹਿੰਦੇ ਹਨ । ਕੀਤੇ ਉਪਕਾਰ ਨੂੰ ਵਿਸਾਰਨ ਵਾਲੇ ਦਾਤਾਰ ਵਾਹਿਗੁਰੂ ਪਾਸੋਂ ਬੇਅੰਤ ਅਣਮੁੱਲੀਆਂ ਦਾਤਾਂ ਪ੍ਰਾਪਤ ਕਰਕੇ ਉਸਨੂੰ ਭੁਲਾ ਦੇਣ ਵਾਲੇ ਅਕ੍ਰਿਤਘਣ ਮਨਮੁਖ ਸੱਚਮੁੱਚ ਪ੍ਰਭੂ ਪਾਸੋਂ ਮਾਰਾਂ ਖਾਣ ਦੇ ਹੱਕਦਾਰ ਹਨ । ਅਤੀ ਭਾਰੇ ਦੁੱਖ ਰੂਪ ਨਰਕ ਘੋਰ ਉਨ੍ਹਾਂ ਦਾ ਠਿਕਾਣਾ ਹੈ ਜਿਸ ਵਿੱਚ ਉਹ ਖੁਆਰ ਹੋ ਹੋ ਕੇ ਆਪਣੀ ਕਰਨੀ ਦਾ ਫਲ਼ ਭੋਗਦੇ ਹਨ । ਇਹ ਸੋਲਾਂ ਆਨੇ ਸੱਚੀ ਗੱਲ ਹੈ । ਸਬੂਤ ਲਈ ਪੜ੍ਹੋ ਜ਼ਰਾ ਹੇਠ ਲਿਖੀਆਂ ਗੁਰ ਪੰਗਤੀਆਂ ਗਹੁ ਨਾਲ: –

– ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ॥
ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮੁ॥ (੩੧੫)

– ਜਿਸ ਨੋ ਬਿਸਰੈ ਪੁਰਖੁ ਬਿਧਾਤਾ॥ ਜਲਤਾ ਫਿਰੈ ਰਹੈ ਨਿਤ ਤਾਤਾ॥
ਅਕਿਰਤਘਣੈ ਕਉ ਰਖੈ ਨ ਕੋਈ ਨਰਕ ਘੋਰ ਮਹਿ ਪਾਵਣਾ॥ (੧੦੮੬)

੧੫੭. ਝੂਠੋ ਝੂਠ ਕਮਾਉਣੇ: – ਮਨਮੁਖਿ ਝੂਠੋ ਝੂਠੁ ਕਮਾਵੈ॥ ਖਸਮੈ ਕਾ ਮਹਲੁ ਕਦੇ ਨ ਪਾਵੈ॥ (੩੬੩)

੧੫੮. ਊਂਘ ਕਉਲੀਏ: – ਮਨਮੁਖੁ ਊਧਾ ਕਉਲੁ ਹੈ ਨਾ ਤਿਸੁ ਭਗਤਿ ਨ ਨਾਉ॥
ਸਕਤੀ ਅੰਦਰਿ ਵਰਤਦਾ ਕੂੜੁ ਤਿਸ ਕਾ ਹੈ ਉਪਾਉ॥ (੫੧੧)

੧੫੯. ਝਗੜਾਲੂ: – ਮਨਮੁਖ ਮੂਲਹੁ ਭੁਲਾਇਅਨੁ ਵਿਚਿ ਲਬੁ ਲੋਭੁ ਅਹੰਕਾਰੁ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰੈ ਵੀਚਾਰੁ॥ (੫੪੯)

੧੬੦. ਬਿੱਖ ਲੱਗੂ: – ਮਨਮੁਖ ਭੂਲੇ ਬਿਖੁ ਲਗੇ ਅਹਿਲਾ ਜਨਮੁ ਗਵਾਇਆ॥
ਹਰਿ ਕਾ ਨਾਮੁ ਸਦਾ ਸੁਖ ਸਾਗਰੁ ਸਾਚਾ ਸਬਦੁ ਨ ਭਾਇਆ॥ (੫੬੫)

੧੬੧. ਦੁੱਖ ਖੱਟੂ: – ਮਨਮੁਖ ਸੰਤਾ ਨਾਲਿ ਵੈਰੁ ਕਰਿ ਦੁਖੁ ਖਟੇ ਸੰਸਾਰਾ॥ (੫੭੦)

੧੬੨. ਪੱਤ ਗੁਆਉਣੇ: – ਰੰਗਿ ਨ ਰਾਤਾ ਰਸਿ ਨਹੀ ਬੇਧਿਆ ਮਨਮੁਖਿ ਪਤਿ ਗਵਾਈ॥
ਸਾਧ ਸਭਾ ਮਹਿ ਸਹਜੁ ਨ ਚਾਖਿਆ ਜਿਹਬਾ ਰਸੁ ਨਹੀ ਰਾਈ॥ (੫੯੬)

੧੬੩. ਤੁਹਕੁਟ ਕਰਮੀਏ: – ਤੁਹ ਕੁਟਹਿ ਮਨਮੁਖ ਕਰਮ ਕਰਹਿ ਭਾਈ ਪਲੈ ਕਿਛੂ ਨ ਪਾਇ॥ (੬੦੩)

੧੬੪. ਦਹਿ ਦਿਸ ਡੋਲਣੇ: – ਮਨਮੁਖ ਭੂਖੇ ਦਹ ਦਿਸ ਡੋਲਹਿ ਬਿਨੁ ਨਾਵੈ ਦੁਖੁ ਪਾਈ॥
ਜਨਮਿ ਮਰੈ ਫਿਰਿ ਜੋਨੀ ਆਵੈ ਦਰਗਹ ਮਿਲੈ ਸਜਾਈ॥ (੬੦੭)

੧੬੫. ਭਉਂਕ ਮਰਨੇ: – ਬਿਨੁ ਸਤਿਗੁਰ ਸੇਵੇ ਕਿਨੈ ਨ ਪਾਇਆ ਮਨਮੁਖਿ ਭਉਕਿ ਮੁਏ ਬਿਲਲਾਈ॥
ਆਵਹਿ ਜਾਵਹਿ ਠਉਰ ਨ ਪਾਵਹਿ ਦੁਖ ਮਹਿ ਦੁਖਿ ਸਮਾਈ॥ (੬੩੮)

੧੬੬. ਦਿਨ ਰਾਤ ਜਲਣੇ: – ਮਨਮੁਖ ਮਾਇਆ ਮੋਹਿ ਵਿਆਪੇ ਦੂਜੈ ਭਾਇ ਮਨੂਆ ਥਿਰੁ ਨਾਹਿ॥
ਅਨਦਿਨੁ ਜਲਤ ਰਹਹਿ ਦਿਨੁ ਰਾਤੀ ਹਉਮੈ ਖਪਹਿ ਖਪਾਹਿ॥ (੬੫੨)

੧੬੭. ਬਿਖ ਚਖਣੇ: – ਮਨਮੁਖ ਕੋਠੀ ਅਗਿਆਨੁ ਅੰਧੇਰਾ ਤਿਨ ਘਰਿ ਰਤਨੁ ਨ ਲਾਖਾ॥
ਤੇ ਊਝੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖੁ ਚਾਖਾ॥ (੬੯੬)

੧੬੮. ਧੱਕੇ ਖਾਣੇ: – ਮਨਮੁਖਿ ਵਿਛੁੜੀ ਦੂਰਿ ਮਹਲੁ ਨ ਪਾਏ ਬਲਿ ਗਈ ਬਲਿ ਰਾਮ ਜੀਉ॥
ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ ਕੂੜਿ ਲਈ ਬਲਿ ਰਾਮ ਜੀਉ॥
ਕੂੜੁ ਕਪਟੁ ਕਮਾਵੈ ਮਹਾ ਦੁਖੁ ਪਾਵੈ ਵਿਣੁ ਸਤਿਗੁਰ ਮਗੁ ਨ ਪਾਇਆ॥
ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਧਕੇ ਖਾਇਆ॥ (੭੭੩)

੧੬੯. ਨੀਰ ਵਿਰੋਲਣੇ: – ਮਨਮੁਖਿ ਮੋਹੁ ਗੁਬਾਰੁ ਹੈ ਦੂਜੈ ਭਾਇ ਬੋਲੈ॥
ਦੂਜੈ ਭਾਇ ਸਦਾ ਦੁਖੁ ਹੈ ਨਿਤ ਨੀਰੁ ਵਿਰੋਲੈ॥ (੯੫੫)

੧੭੦. ਮੇਰੀ ਮੇਰੀ ਕਰਨੇ: – ਮੇਰੀ ਮੇਰੀ ਕਰਤ ਵਿਹਾਣੀ॥ ਮਨਮੁਖਿ ਨ ਬੂਝੈ ਫਿਰੈ ਇਆਣੀ॥ (੧੦੪੯)

ਭਾਈ ਗੁਰਦਾਸ ਜੀ

੧੭੧. ਬਾਰਹ ਵਾਟ ਫਿਰਨੇ: – ਗੁਰਮੁਖਿ ਪੰਥੁ ਸੁਹੇਲੜਾ ਮਨਮੁਖ ਬਾਰਹ ਵਾਟ ਫਿਰੰਦੇ । (੫–੧੫)

੧੭੨. ਭਵਜਲ ਡੁੱਬਣੇ: – ਗੁਰਮੁਖਿ ਪਾਰਿ ਲੰਘਾਇਦਾ ਮਨਮੁਖ ਭਵਜਲ ਵਿਚਿ ਡੁਬੰਦੇ ।
ਗੁਰਮੁਖਿ ਜੀਵਨ ਮੁਕਤਿ ਕਰਿ ਮਨਮੁਖ ਫਿਰਿ ਫਿਰਿ ਜਨਮਿ ਮਰੰਦੇ । (੫–੧੫)

੧੭੩. ਹਉਮੈ ਅਗਨ ਜਲਣੇ: – ਗੁਰਮੁਖਿ ਆਪੁ ਗਵਾਇਆ ਮਨਮੁਖਿ ਹਉਮੈ ਅਗਨਿ ਜਲੰਦੇ ।
ਬੰਦੀ ਅੰਦਰਿ ਵਿਰਲੇ ਬੰਦੇ । (੫–੧੫)

੧੭੪. ਆਪਾ ਗਵਾਉਣੇ ਮੂਰਖ: – ਗੁਰਮੁਖਿ ਆਪੁ ਗਵਾਇਆ ਮਨਮੁਖੁ ਮੂਰਖਿ ਆਪੁ ਗਣਾਵੈ । (੫–੧੯)

੧੭੫. ਭੰਬਲਭੂਸੇ ਖਾਣੇ: – ਮਨਮੁਖ ਦੂਜੈ ਭਾਇ ਲਗਿ ਭੰਬਲਭੂਸੇ ਖਾਇ ਭਵੰਦੇ । (੫–੨੦)

੧੭੬. ਬੰਦੇ ਦੇ ਬੰਦੇ: – ਸਤਿਗੁਰੁ ਸਾਹਿਬੁ ਛਡਿ ਕੈ ਮਨਮੁਖੁ ਹੋਇ ਬੰਦੇ ਦਾ ਬੰਦਾ । (੧੫–੪)

੧੭੭. ਬਦਰਾਹੀਏ: – ਗੁਰਮੁਖਿ ਸੁਖ ਫਲੁ ਪਿਰਮਰਸੁ ਮਨਮੁਖ ਬਦਰਾਹੀ ਬਦਰਾਹਾ । (੧੭–੪)

੧੭੮. ਬਗੁਲ ਸਮਾਧੀਏ: – ਮਨਮੁਖ ਬਗੁਲ ਸਮਾਧਿ ਹੈ ਘੁਟਿ ਘੁਟਿ ਜੀਆਂ ਖਾਇ ਅਬੋਲਾ । (੩੦–੪)

੧੭੯. ਪਸੂ ਪਰੇਤਹੁ ਭੈੜੇ: – ਮਨਮੁਖ ਮਾਣਸ ਦੇਹ ਤੇ ਪਸੂ ਪਰੇਤ ਅਚੇਤ ਚੰਗੇਰੇ । (੧੫–੧੯)

੧੮੦. ਉੱਕੜ ਚੇਲੇ: – ਮਨਮੁਖ ਆਪੁ ਗਵਾਵਣਾ ਗੁਰਮਤਿ ਗੁਰ ਤੇ ਉਕੜੁ ਚੇਲਾ । (੩੦–੧)

੧੮੧. ਠੱਗ ਠੱਗ ਵੰਸ ਹਤਿਆਰੇ: – ਗੁਰਮੁਖਿ ਵੰਸੀ ਪਰਮ ਹੰਸ ਮਨਮੁਖਿ ਠਗ ਬਗ ਵੰਸ ਹਤਿਆਰਾ । (੩੦–੩)

੧੮੨. ਕੂੜ ਕੁਲੱਖਣੇ: – ਮਨਮੁਖ ਕੂੜ ਕੁਲਖਣਾ ਸਭ ਕੁਲਖਣ ਕੂੜੁ ਕੁਦਾਵਾ । (੩੦–੫)

੧੮੩. ਕੂੜ ਕੁਰੰਗੇ: – ਮਨਮੁਖ ਕੂੜੁ ਕੁਰੰਗ ਹੈ ਫੁਲ ਕੁਸੁੰਭੈ ਥਿਰ ਨ ਰਹੰਦਾ । (੩੦–੬)

੧੮੪. ਦੁਬਾਜਰੇ: – ਗੁਰਮੁਖਿ ਮਨਮੁਖਿ ਜਾਣੀਅਨਿ ਸਾਧ ਅਸਾਧ ਜਗਤ ਵਰਤਾਰਾ ।
ਦੁਹ ਵਿਚਿ ਦੁਖੀ ਦੁਬਾਜਰੇ ਖਰਬੜ ਹੋਏ ਖੁਦੀ ਖੁਆਰਾ । (੩੩–੧)

੧੮੫. ਲੂਤੀਆਂ ਲੌਣੇ: – ਗੁਰਮੁਖਿ ਮਨਮੁਖਿ ਬਾਹਰਾ ਲਾਤੋ ਲਾਵਾ ਲਾਇ ਬੁਝਾਈ । (੩੩-੮)

੧੮੬. ਸੁਰਤਿ ਵਿਹੂਣੇ: – ਮਨਮੁਖ ਅੰਨ੍ਹੇ ਰਾਤਿ ਦਿਹੁਂ ਸੁਰਤਿ ਵਿਹੂਣੇ ਚਕੀ ਝੋਂਦੇ । (੩੭-੧੯)

੧੮੭. ਵਡੇ ਅਕਿਰਤਘਣ: – ਮਨਮੁਖ ਵਡਾ ਅਕ੍ਰਿਤਘਨ ਦੂਜੈ ਭਾਇ ਸੁਆਇ ਲੁਭਾਈ । (੩੭-੨੩)

੧੮੮. ਅਕਾਰਥਾ ਜਨਮ ਹਰਾਉਣੇ: – ਮਨਮੁਖ ਜਨਮੁ ਅਕਾਰਥਾ ਦੂਜੈ ਭਾਇ ਕੁਦਾਇ ਹਰਾਏ । (੧੫-੧੧)

੧੮੯. ਲਗਨ ਸ਼ਗਨ ਮੰਨਣੇ: –

ਜੈਸੇ ਲਗ ਮਾਤ੍ਰ ਹੀਨ ਪੜਤ ਅਉਰ ਕਉ ਅਉਰ ਪਿਤਾ ਪੂਤ ਪੂਤ ਪਿਤਾ ਸਮਸਰਿ ਜਾਨੀਐ ।
ਸੁਰਤਿ ਬਿਹੂਨ ਜੈਸੇ ਬਾਵਰੋ ਬਖਾਨੀਅਤ ਅਉਰ ਕਹੇ ਅਉਰ ਕਛੁ ਹਿਰਦੈ ਮੈ ਆਨੀਐ ।
ਜੈਸੇ ਗੁੰਗ ਸਭਾ ਮਧਿ ਕਹਿ ਨਾ ਸਕਤ ਬਾਤ ਬੋਲਤ ਹਸਾਇ ਹੋਇ ਬਚਨ ਬਿਧਾਨੀਐ ।
ਗੁਰਮੁਖਿ ਮਾਰਗ ਮੈ ਮਨਮੁਖ ਥਕਤ ਹੋਇ ਲਗਨ ਸਗਨ ਮਾਨੇ ਕੈਸੇ ਮਨ ਮਾਨੀਐ । (੨੬੪)

ਸਉਣ ਸਗੁਨ ਵੀਚਾਰਣੇ ਨਉ ਗ੍ਰਿਹ ਬਾਰਹ ਰਾਸਿ ਵੀਚਾਰਾ । (੫-੮)

ਗੁਰ ਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ । (੪੪੮)

ਮਨਮੁਖਾਂ ਲਈ ਗੁਰਬਾਣੀ ਅੰਦਰ ਵਰਤੇ ਗਏ ਉਕਤ ਸ਼ਬਦ ਸੁਣ ਕੇ ਸਾਡੇ ਹਿਰਦੇ ਕੰਬ ਉੱਠਦੇ ਹਨ । ਕਿਤਨਾ ਉਪਕਾਰ ਕੀਤਾ ਹੈ ਗੁਰੂ ਸਾਹਿਬ ਨੇ ਉਪਰੋਕਤ ਸ਼ਬਦ ਵਰਤ ਕੇ ਮਨਮੁਖਾਂ ਨੂੰ ਚੰਗੀ ਤਰ੍ਹਾਂ ਹਲੂਣ ਕੇ ਜਗਾਉਣ ਦਾ । ਸੱਚ ਮੁੱਚ ਸਾਨੂੰ ਅਹਿਸਾਸ ਹੁੰਦਾ ਹੈ ਕਿ ਅਸੀਂ ਬਹੁਤ ਵੱਡੇ ਅਕ੍ਰਿਤਘਣ ਹਾਂ ।

ਪ੍ਰਸ਼ਨ: – ਮਨਮੁਖਾਂ ਨੂੰ ਅਕ੍ਰਿਤਘਣ ਹੋਣ ਦਾ ਕਿਤਨਾ ਕੁ ਪਾਪ ਲਗਦਾ ਹੋਊ?

ਉੱਤਰ:– ਇਹ ਭੇਦ ਖੋਲ੍ਹਣ ਲਈ ਭਾਈ ਗੁਰਦਾਸ ਜੀ ਨੇ ਆਪਣੀ ਪੈਂਤੀਵੀ ਵਾਰ ਵਿੱਚ ਅੱਠਵੀਂ ਅਤੇ ਨੌਵੀਂ ਦੋ ਪਉੜੀਆਂ ਉਚਾਰਣ ਕੀਤੀਆਂ ਹਨ । ਅੱਠਵੀਂ ਪਉੜੀ ਵਿੱਚ ਭਾਈ ਸਾਹਿਬ ਅਕ੍ਰਿਤਘਣਾਂ ਦੇ ਪਾਪਾਂ ਦੇ ਭਾਰ ਅਤੇ ਮੜੱਪਣ ਨੂੰ ਪ੍ਰਗਟਾਉਣ ਲਈ ਅਤਿ ਅਲੌਕਿਕ ਅਲੰਕਾਰ ਬੰਨ੍ਹ ਕੇ ਦੱਸਦੇ ਹਨ ਕਿ ਧਰਤੀ ਭਾਰ ਦੀ ਦੱਬੀ ਹੋਈ ਰਸਾਤਲ ਨੂੰ ਜਾਣ ਲੱਗੀ ਤਾਂ ਉਹ ਆਪਣੇ ਭਾਰ ਨੂੰ ਕੁਝ ਹਲਕਾ ਕਰਵਾਉਣ ਲਈ ਵਾਹਿਗੁਰੂ ਅੱਗੇ ਅਰਜੋਈ ਕਰਨ ਲਈ ਹਾਜ਼ਰ ਹੋਈ । ਜੋ ਥੋੜ੍ਹੇ ਜਿਹੇ ਪ੍ਰਸ਼ਨ ਉੱਤਰ ਉਨ੍ਹਾਂ ਦੇ ਆਪਸ ਵਿੱਚ ਹੋਏ ਉਹ ਭਾਈ ਸਾਹਿਬ ਆਪਣੀ ਇੱਕੋ ਪਉੜੀ ਵਿੱਚ ਇਸ ਪ੍ਰਕਾਰ ਵਰਨਣ ਕਰਦੇ ਹਨ: –

ਵਾਹਿਗੁਰੂ: – ਤੇਰੇ ਤੇ ਬਹੁਤਾ ਭਾਰ ਤਾਂ ਉੱਚੇ-ਉੱਚੇ ਪਹਾੜਾਂ ਦਾ ਹੀ ਹੈ । ਕੀ ਮੈਂ ਥੋੜ੍ਹੇ ਕਰ ਦਿਆਂ?

ਧਰਤੀ: – ਨਾ ਮਹਾਰਾਜ, ਪਹਾੜਾਂ ਦੇ ਭਾਰ ਨੂੰ ਮੈਂ ਕੁਝ ਨਹੀਂ ਸਮਝਦੀ । ਪਰਬਤਾਂ ਦੇ ਪਰਉਪਕਾਰ ਤਾਂ ਦੁਨੀਆਂ ਦੇ ਹੀ ਨਹੀਂ ਸਕਦੀ ।

ਵਾਹਿਗੁਰੂ: – ਤਾਂ ਫੇਰ ਘਰਾਂ ਬਾਰਾਂ ਕਿਲ੍ਹਿਆਂ ਆਦਿ ਦੇ ਭਾਰ ਨੂੰ ਕੁਝ ਹਲਕਾ ਕਰ ਦਿਆਂ?

ਧਰਤੀ: – ਸੱਚੇ ਪਾਤਸ਼ਾਹ, ਤਾਂ ਫਿਰ ਆਪ ਦੇ ਸਾਜੇ ਹੋਏ ਜੀਅ ਜੰਤ ਰਹਿਣਗੇ ਕਿੱਥੇ? ਮੈਨੂੰ ਇਨ੍ਹਾਂ ਦਾ ਭਾਰ ਤਾਂ ਰੰਚਿਕ ਵੀ ਪ੍ਰਤੀਤ ਨਹੀਂ ਹੋ ਰਿਹਾ ।

ਵਾਹਿਗੁਰੂ: – ਤਾਂ ਨਦੀ ਨਾਲਿਆਂ ਸਮੁੰਦਰਾਂ ਦਾ ਪਾਣੀ ਘਟਾ ਦਿਆਂ ਜੇ ਤੇਰਾ ਭਾਰ ਹਲਕਾ ਹੋ ਜਾਵੇ?

ਧਰਤੀ: – ਨਾ! ਦਇਆ ਦੇ ਭੰਡਾਰ ਦਾਤਾ ਜੀਉ, ਜਲ ਬਿਨਾਂ ਦੁਨੀਆਂ ਦਾ ਗੁਜ਼ਾਰਾ ਨਹੀਂ । ਇਨ੍ਹਾਂ ਦਾ ਤਾਂ ਭਾਰ ਵੀ ਮੈਨੂੰ ਔਖਾ ਨਹੀਂ ਕਰ ਰਿਹਾ ।

ਵਾਹਿਗੁਰੂ: – ਅੱਛਾ! ਤਾਂ ਬਨਾਸਪਤੀ ਜੰਗਲਾਤ ਦਾ ਮਹਿਕਮਾ ਘਟਾ ਦਿੰਦਾ ਹਾਂ । ਦਰੱਖ਼ਤਾਂ ਆਦਿ ਦੇ ਭਾਰ ਤੋਂ ਤੈਨੂੰ ਕਰਾਂ ਹੌਲੀ ਫੁੱਲ?

ਧਰਤੀ: – ਨਾ ਦੀਨ ਦਇਆਲ ਜੀ, ਤਰਵਰਾਂ ਬਿਨਾਂ ਤੇਰੇ ਸਾਜੇ ਨਿਵਾਜੇ ਜੀਆ ਜੰਤਾਂ ਨੂੰ ਅਨੇਕ ਪ੍ਰਕਾਰ ਦੇ ਫਲ ਫੁੱਲ ਕਿੱਥੋਂ ਪ੍ਰਾਪਤ ਹੋਣਗੇ? ਉਹ ਤਾਂ ਸਗੋਂ ਮੈਨੂੰ ਵੀ ਛਾਇਆ ਕਰਕੇ ਸੁੱਖ ਦਿੰਦੇ ਹਨ ।

ਵਾਹਿਗੁਰੂ: – ਦੁਨੀਆਂ ਉੱਤੇ ਜੀਆਂ ਜੰਤਾਂ ਦਾ ਵਾਧਾ ਹੋ ਗਿਆ ਹੈ । ਆਬਾਦੀ ਬਹੁਤ ਵੱਧ ਗਈ ਹੈ, ਭੇਜਾਂ ਕੋਈ ਲਾਗ ਦੀ ਬੀਮਾਰੀ, ਜਾਂ ਪਲੇਗ ਅਥਵਾ ਕੱਤਕ ਦੀ ਤ੍ਰਿਪਾਲੀ ਵਰਗੀ ਕੋਈ ਹੋਰ ਬਲਾ ਜੋ ਮਿੰਟਾਂ ਸਕਿੰਟਾਂ ਵਿੱਚ ਤੇਰਾ ਭਾਰ ਹੌਲਾ ਕਰ ਦੇਵੇ?

ਧਰਤੀ: – ਹੇ ਸੱਚੇ ਪਾਤਸ਼ਾਹ, ਮੈਨੂੰ ਤਾਂ ਆਪ ਨੇ ਪੈਦਾ ਹੀ ਪਰਉਪਕਾਰ ਲਈ ਕੀਤਾ ਹੈ । ਮੈਂ ਜੀਆਂ ਦਾ ਬੁਰਾ ਕਿਵੇਂ ਚਿਤਵ ਸਕਦੀ ਹਾਂ? ਇਹ ਜੀਵ ਜੰਤ ਮੈਨੂੰ ਬੜੇ ਪਿਆਰੇ ਲੱਗਦੇ ਹਨ । ਇਨ੍ਹਾਂ ਦਾ ਕੋਈ ਭਾਰ ਮੈਨੂੰ ਨਹੀਂ ਜਾਪ ਰਿਹਾ ।

ਵਾਹਿਗੁਰੂ: – ਤਾਂ ਤੂੰ ਆਪ ਹੀ ਦੱਸ ਹੋਰ ਕਿਹੜੀ ਚੀਜ਼ ਹੈ ਜਿਸ ਦਾ ਭਾਰ ਹੌਲਾ ਕਰਵਾਉਣ ਲਈ ਤੈਨੂੰ ਮੇਰੇ ਪਾਸ ਹਾਜ਼ਰ ਹੋਣਾ ਪਿਆ?

ਧਰਤੀ: – ਹੇ ਪਤੀ ਪ੍ਰਮਾਤਮਾ, ਜੇ ਸੱਚ ਪੁੱਛੋ ਤਾਂ ਮੈਨੂੰ ਕਿਸੇ ਚੀਜ਼ ਦਾ ਭਾਰ ਔਖਾ ਨਹੀਂ ਕਰ ਰਿਹਾ । ਮੈਨੂੰ ਤਾਂ ਉਹ ਬੰਦੇ ਭਾਰੇ ਲੱਗਦੇ ਹਨ ਜੋ ਤੇਰੇ ਪਾਸੋਂ ਬੇਅੰਤ ਅਣਮੁੱਲੀਆਂ ਦਾਤਾਂ ਪ੍ਰਾਪਤ ਕਰਕੇ ਤੈਨੂੰ ਉੱਕਾ ਹੀ ਭੁੱਲਾ ਬੈਠੇ ਹਨ । ਤੇਰੇ ਕੀਤੇ ਨੂੰ ਉਨ੍ਹਾਂ ਕੱਖ ਨਾ ਜਾਣਿਆ । ਐਸੇ ਮੰਦੇ ਤੋਂ ਮੰਦੇ ਪ੍ਰਾਣੀਆਂ ਨੂੰ ਸਾਡੀ ਬੋਲੀ ਵਿੱਚ ਅਕ੍ਰਿਤਘਣ ਆਖਿਆ ਜਾਂਦਾ ਹੈ । ਪਉੜੀ ਇਸ ਪ੍ਰਕਾਰ ਹੈ: –

ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ । ਨਾ ਤਿਸੁ ਭਾਰੇ ਕੋਟ ਗੜ੍ਹ ਘਰਬਾਰ ਦਿਸੰਦੇ ।
ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ । ਨਾ ਤਿਸੁ ਭਾਰੇ ਤਰਵਰਾਂ ਫਲ ਸੁਫਲ ਫਲੰਦੇ ।
ਨਾ ਤਿਸੁ ਭਾਰੇ ਜੀਅਜੰਤ ਅਣਗਣਤ ਫਿਰੰਦੇ । ਭਾਰੇ ਭੁਈਂ ਅਕ੍ਰਿਤਘਣ ਮੰਦੀ ਹੂੰ ਮੰਦੇ । (੩੫-੮)

ਅਕ੍ਰਿਤਘਣਾਂ ਦੇ ਮੰਦੇਪਣ ਦਾ ਅਨੁਮਾਨ ਸਾਡੇ ਗੋਚਰਾ ਕਰਨ ਲਈ ਭਾਈ ਸਾਹਿਬ ਇਸ ਤੋਂ ਵੀ ਅਸਚਰਜ ਢੰਗ ਨਾਲ ਇਉਂ ਨਿਰਣਾ ਕਰਦੇ ਹਨ: –

ਇੱਕ ਇਸਤਰੀ ਜਾਤ ਦੀ ਚੂਹੜੀ ਕੁੱਤੇ ਦੇ ਮਾਸ ਨੂੰ ਸ਼ਰਾਬ ਵਿੱਚ ਰਿੰਨ੍ਹ ਕੇ (ਜਿਸ ਵਿੱਚੋਂ ਅਤਿ ਮੰਦੀ ਵਾਸ਼ਨਾ ਦਾ ਆਉਣਾ ਜ਼ਰੂਰੀ ਸੀ) ਆਦਮੀ ਦੇ ਸਿਰ ਦੀ ਖੋਪਰੀ ਵਿੱਚ ਪਾ ਕੇ ਉਤੋਂ ਲਹੂ ਭਰੇ ਗੰਦੇ ਕੱਪੜੇ ਨਾਲ ਢੱਕ ਕੇ ਖੋਟੇ ਕਰਮ ਕਰਨ ਲਈ ਜਾਂਦੀ ਨੂੰ ਕਿਸੇ ਨੇ ਪੁੱਛਿਆ ਕਿ ਉਹ ਕੀ ਵਸਤੂ ਢੱਕ ਕੇ ਕਿਸ ਪਾਸੇ ਲੈ ਚਲੀ ਹੈ। ਉਸ ਦਾ ਉੱਤਰ ਸੁਣ ਕੇ ਪੁੱਛਣ ਵਾਲੇ ਨੇ ਫਿਰ ਦੂਜਾ ਸਵਾਲ ਕੀਤਾ ਕਿ ਐਸੀਆਂ ਭੈੜੀਆਂ ਚੀਜ਼ਾਂ ਨੂੰ ਢੱਕਣ ਦੀ ਕੀ ਲੋੜ ਸੀ । ਤਾਂ ਚੂਹੜੀ ਨੇ ਅੱਗੋਂ ਉੱਤਰ ਦਿੱਤਾ, "ਕੀ ਤੈਨੂੰ ਪਤਾ ਨਹੀਂ ਕਿ ਜੇ ਕਿਤੇ ਇਹ ਵਸਤੂਆਂ ਅਕ੍ਰਿਤਘਣ ਦੀ ਨਜ਼ਰੀਂ ਪੈ ਜਾਣ ਤਾਂ ਉਸ ਦੀ ਭੈੜੀ ਨਜ਼ਰ ਨਾਲ ਇਹ ਭ੍ਰਿਸ਼ਟ ਹੋ ਜਾਣਗੀਆਂ? ਪਉੜੀ ਇਸ ਪ੍ਰਕਾਰ ਹੈ: –

ਮਦ ਵਿਚਿ ਰਿਧਾ ਪਾਇਕੈ ਕੁਤੇ ਦਾ ਮਾਸੁ । ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸ ।

ਰਤੁ ਭਰਿਆ ਕਪੜਾ ਕਰਿ ਕਜਣੁ ਤਾਸੁ । ਢਕਿ ਲੈ ਚੱਲੀ ਚੂਹੜੀ ਕਰਿ ਭੋਗ ਬਿਲਾਸੁ ।
ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ । ਨਦਰੀ ਪਵੈ ਅਕ੍ਰਿਤਘਣੁ ਮਤੁ ਹੋਇ ਵਿਣਾਸੁ । (੩੫-੯)

ਪ੍ਰਸ਼ਨ: - ਮਨਮੁਖਾਂ ਦੀ ਦੁਖਾਂ ਸੁਖਾਂ ਕਰਕੇ ਕਿਹੋ ਜਿਹੀ ਮਾਨਸਿਕ ਦਸ਼ਾ ਹੁੰਦੀ ਹੈ?

ਉੱਤਰ: - ਭਰਮੇ ਭੁਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ॥
ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ॥ (੨੧)

ਮਨਮੁਖਾਂ ਦੀ ਸਾਰੀ ਉਮਰ ਦੁਖਾਂ ਅੰਦਰ ਹੀ ਬੀਤਦੀ ਹੈ । ਉਹ ਸੁਖਾਂ ਦੇ ਸੋਮੇ ਸਤਿਗੁਰੂ ਦੀ ਸ਼ਰਨ ਨਹੀਂ ਪੈਂਦੇ ਇਸ ਲਈ ਉਨ੍ਹਾਂ ਨੂੰ ਸਚੇ ਸੁੱਖ ਦੀ ਸੋਝੀ ਹੀ ਨਹੀਂ ਹੋ ਸਕਦੀ । ਇਸ ਸਚਾਈ ਨੂੰ ਹੇਠ ਦਿੱਤੇ ਗੁਰ ਪ੍ਰਮਾਣ ਭਲੀ ਭਾਂਤਿ ਸਪੱਸ਼ਟ ਕਰਦੇ ਹਨ: -

ਮਨਮੁਖੁ ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ॥
ਸਬਦੁ ਨ ਚੀਨੈ ਸਦਾ ਦੁਖੁ ਹਰਿ ਦਰਗਹਿ ਪਤਿ ਖੋਇ॥ (੨੯)

ਮਨਮੁਖ ਮੋਹ ਵਿੱਚ ਫਸਿਆ ਹੁੰਦਾ ਹੈ ਉਸ ਪਾਸੋਂ ਵੈਰਾਗ ਜਾਂ ਉਦਾਸੀ ਨਹੀਂ ਹੋ ਸਕਦੀ । ਉਹ ਸ਼ਬਦ ਗੁਰਮੰਤ੍ਰ ਨੂੰ ਸਮਝ ਹੀ ਨਹੀਂ ਸਕਦਾ, ਇਸ ਲਈ ਹਰ ਸਮੇਂ ਦੁਖ ਉਠਾਉਂਦਾ ਹੈ ਤੇ ਅੱਗੇ ਹਰੀ ਦੀ ਦਰਗਾਹੇ ਉਸ ਦੀ ਬੇਇੱਜ਼ਤੀ ਕੀਤੀ ਜਾਂਦੀ ਹੈ ।

ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ॥
ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ॥ (੩੧)

ਮਨਮੁਖ ਨਾਮ ਰੂਪੀ ਅੰਮ੍ਰਿਤ ਨੂੰ ਛੱਡ ਕੇ ਮੋਹ ਮਾਇਆ ਰੂਪੀ ਵਿਹੁ ਨਾਲ ਮੋਹੇ ਗਏ ਹਨ । ਉਨ੍ਹਾਂ ਨੂੰ ਇਸ ਗੱਲ ਦੀ ਸੂਝ ਬੂਝ ਹੀ ਨਹੀਂ ਕਿ ਜੋ ਪ੍ਰਾਣੀ ਨਾਮ ਨੂੰ ਭੁਲਾ ਬੈਠੇ ਉਹ ਆਪਣਾ ਧਰਮ ਹੀ ਗੁਆ ਬੈਠੇ ਹਨ ਇਸ ਲਈ ਦਿਨ ਰਾਤ ਉਨ੍ਹਾਂ ਦੇ ਦੁੱਖਾਂ ਵਿੱਚ ਹੀ ਬੀਤਦੇ ਹਨ ।

ਮਾਇਆ ਮੋਹੁ ਗੁਬਾਰੁ ਹੈ ਤਿਸ ਦਾ ਨ ਦਿਸੈ ਉਰਵਾਰੁ ਨ ਪਾਰੁ॥
ਮਨਮੁਖ ਅਗਿਆਨੀ ਮਹਾ ਦੁਖੁ ਪਾਇਦੇ ਡੁਬੇ ਹਰਿ ਨਾਮੁ ਵਿਸਾਰਿ॥ (੮੯)

ਮਾਇਆ ਮੋਹ ਤਾਂ ਨਿਰਾ ਅੰਧੇਰਾ ਹੈ ਜਿਸ ਦਾ ਉਰਲਾ ਪਾਸਾ ਤੇ ਪਰਲਾ ਪਾਸਾ ਕੋਈ ਨਹੀਂ । ਮਨਮੁਖ ਕਮਲੇ ਵਾਹਿਗੁਰੂ ਨਾਮ ਨੂੰ ਬੁਲਾ ਕੇ ਅਤੀ ਦੁੱਖ ਪਾਉਂਦੇ ਹੋਏ ਇਸੇ ਵਿੱਚ ਹੀ ਡੁੱਬ ਮਰਦੇ ਹਨ ।

ਰਤਨੁ ਪਦਾਰਥੁ ਪਲਰਿ ਤਿਆਗੈ॥ ਮਨਮੁਖੁ ਅੰਧਾ ਦੂਜੈ ਭਾਇ ਲਾਗੈ॥
ਜੋ ਬੀਜੈ ਸੋਈ ਫਲੁ ਪਾਏ ਸੁਪਨੈ ਸੁਖੁ ਨ ਪਾਵਣਿਆ॥ (੧੧੩)

ਵਾਹਿਗੁਰੂ ਜੋ ਸੁੱਖਾਂ ਦਾ ਸੋਮਾ ਹੈ, ਮਨਮੁਖ ਉਸ ਨੂੰ ਤਿਆਗ ਕੇ ਦੂਜੇ ਪਾਸੇ ਲਗ ਕੇ ਸ਼ਬਦ ਰੂਪੀ ਰਤਨਾਂ ਨੂੰ ਪਰਾਲੀ ਵਾਂਗ ਫਜ਼ੂਲ ਸਮਝ ਕੇ ਛੱਡ ਬੈਠਦਾ ਹੈ ਤੇ ਹੋਰ ਮਾਇਕ ਪਦਾਰਥਾਂ ਵਿੱਚ ਹੀ ਖਚਤ ਹੋ ਜਾਂਦਾ ਹੈ । ਉਸ ਨੂੰ ਦੁੱਖਾਂ ਦੇ ਬੀਜ ਬੀਜ ਕੇ ਦੁੱਖਾਂ ਦੇ ਫਲ ਹੀ ਕੁਦਰਤ ਦੇ ਨਿਯਮ ਅਨੁਸਾਰ ਮਿਲਣੇ ਹੋਏ । ਸੁਪਨੇ ਵਿੱਚ ਵੀ ਉਸ ਨੂੰ ਸੁਖ ਨਹੀਂ ਮਿਲ ਸਕਦਾ। ਉਹ ਕੂੜ ਰੂਪੀ ਖੋਟੀ ਰਾਸਿ (ਪੂੰਜੀ) ਨਾਲ ਖੋਟੇ ਵਪਾਰ ਦਾ ਪਸਾਰਾ ਪਸਾਰ ਬੈਠਦਾ ਹੈ । ਇਸੇ ਕਾਰਨ ਉਸ ਨੂੰ ਭਾਰੀ ਦੁੱਖਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਯਥਾ ਗੁਰਵਾਕ: -

ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ॥ ਕੂੜੁ ਕਮਾਵਨਿ ਦੁਖੁ ਲਾਗੈ ਭਾਰਾ॥ (੧੧੬)

ਸੱਚਾ ਸੁੱਖ ਤੇ ਸੱਚੀ ਸਾਂਤੀ ਸੁੱਖਾਂ ਦੇ ਦਾਤੇ ਅਗਮ ਅਪਾਰ ਵਾਹਿਗੁਰੂ ਦੇ ਨਾਮ ਸਿਮਰਨ ਵਿੱਚ ਹੈ, ਜੋ ਪੂਰੇ ਸਤਿਗੁਰੂ ਪਾਸੋਂ ਮਿਲਦਾ ਹੈ । ਇਸ ਭੇਤ ਤੋਂ ਮਨਮੁਖ ਅਣਜਾਣ ਰਹਿੰਦੇ ਹਨ, ਇਸੇ ਲਈ ਮਨਮੁਖਾਂ ਨੂੰ ਸਾਰੇ ਰੋਗ ਆ ਚਿੰਬੜਦੇ ਹਨ ਤੇ ਦਿਨ ਰਾਤ ਉਨ੍ਹਾਂ ਦੇ ਦੁੱਖਾਂ ਵਿੱਚ ਹੀ ਬਿਲਲ ਬਿਲਾਪ ਕਰਦਿਆਂ ਦੇ ਬੀਤਦੇ ਹਨ । ਨਾਮ ਤੋਂ ਬਿਨਾਂ ਸ਼ਾਂਤੀ ਪ੍ਰਾਪਤ ਹੋਣੀ ਅਸੰਭਵ ਹੈ । ਯਥਾ ਗੁਰਵਾਕ: -

ਮਨਮੁਖੁ ਰੋਗੀ ਹੈ ਸੰਸਾਰਾ॥ ਸੁਖਦਾਤਾ ਵਿਸਰਿਆ ਅਗਮ ਅਪਾਰਾ॥
ਦੁਖੀਏ ਨਿਤਿ ਫਿਰਹਿ ਬਿਲਲਾਦੇ ਬਿਨੁ ਗੁਰ ਸਾਂਤਿ ਨ ਪਾਵਣਿਆ॥ (੧੧੮)

ਮਨੁਖਾ ਜਨਮ ਦਾ ਅਸਲੀ ਮਨੋਰਥ ਸਤਿਗੁਰੂ ਪਾਸੋਂ ਨਾਮ ਪ੍ਰਾਪਤ ਕਰਕੇ ਸਾਸਿ ਗਿਰਾਸਿ ਅਭਿਆਸ ਰਾਹੀਂ ਵਾਹਿਗੁਰੂ ਨੂੰ ਮਿਲਣਾ ਹੈ । ਇਸ ਤੋਂ ਬਿਨਾਂ ਜੀਵਨ ਹੀ ਬਿਰਥਾ ਹੈ । ਮਨਮੁਖਾਂ ਨੂੰ ਨਾਮ ਆਪੋਂ ਚਿੱਤ ਕੈਸੇ ਆਵੇ? ਇਸ ਲਈ ਉਹ ਅਨਿਕ ਪ੍ਰਕਾਰੀ ਦੁੱਖ ਭੋਗਦੇ ਹਨ । ਯਥਾ ਗੁਰਵਾਕ: -

ਸਤਿਗੁਰੁ ਨ ਸੇਵੇ ਸੋ ਕਾਹੇ ਆਇਆ॥ ਧ੍ਰਿਗੁ ਜੀਵਣੁ ਬਿਰਥਾ ਜਨਮੁ ਗਵਾਇਆ॥
ਮਨਮੁਖਿ ਨਾਮੁ ਚਿਤਿ ਨ ਆਵੈ ਬਿਨੁ ਨਾਵੈ ਬਹੁ ਦੁਖੁ ਪਾਵਣਿਆ॥ (੧੨੯)

ਜਿੰਨ੍ਹਾਂ ਨੇ ਨਾਮ ਨੂੰ ਛੱਡ ਕੇ ਮੋਹ ਮਾਇਆ ਵਿੱਚ ਚਿੱਤ ਲਾਇਆ ਹੈ, ਉਨ੍ਹਾਂ ਨੇ ਜਾਣ ਬੁੱਝ ਕੇ ਮਾਨੋਂ ਦੁੱਖਾਂ ਵਿੱਚ ਰਹਿਣਾ ਪ੍ਰਵਾਣ ਕੀਤਾ ਹੈ । ਇਸ ਲਈ ਮਨਮੁਖ ਸਦਾ ਦੁਖਾਂ ਦੀ ਪੁਰੀ ਵਿੱਚ ਹੀ ਨਿਵਾਸ ਰੱਖਦੇ ਹਨ । ਜੈਸੇ ਗੁਰ ਫੁਰਮਾਨ ਹੈ: -

ਬਿਨੁ ਨਾਵੈ ਸਭ ਦੂਖ ਨਿਵਾਸੁ॥ ਮਨਮੁਖ ਮੂੜ ਮਾਇਆ ਚਿਤ ਵਾਸੁ॥ (੨੨੨)

ਗੁਰਮੁਖ ਉਹ ਹਨ ਜੋ ਗੁਰੂ ਤੋਂ ਗੁਰਮੰਤ੍ਰ ਲੈ ਕੇ ਕੋਈ ਸਾਸਿ ਵੀ ਨਾਮ ਤੋਂ ਖਾਲੀ ਨਹੀਂ ਜਾਣ ਦਿੰਦੇ । ਇਸ ਤੋਂ ਉਲਟ ਮਨਮੁਖਾਂ ਨੂੰ ਨਾਮ ਚੰਗਾ ਹੀ ਨਹੀਂ ਲੱਗਦਾ । ਉਹ ਵਿਸੂ ਦੇ ਗਟਾਕ ਪੀ ਕੇ ਸਦਾ ਦੁਖ ਭੋਗਦੇ ਹਨ । ਯਥਾ ਗੁਰਵਾਕ: -

ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ॥
ਓਨਾ ਵਾਹੁ ਵਾਹੁ ਨ ਭਾਵਈ ਦੁਖੇ ਦੁਖਿ ਵਿਹਾਇ॥ (੫੧੫)

ਭਗਤੀ, ਸਚੀ ਭਗਤੀ, ਪ੍ਰੇਮਾ ਭਗਤੀ ਦਾ ਦਾਤਾ ਕੇਵਲ ਸਤਿਗੁਰੂ ਹੈ । ਮਨਮੁਖ ਇਆਣੇ ਹਨ । ਉਹ ਕਮਲਿਆਂ ਦੀ ਨਿਆਈਂ ਇਸ ਭਗਤੀ ਨੂੰ ਛੱਡ ਕੇ ਬਿਨਾਂ ਪਾਣੀਓਂ ਹੀ ਦੁੱਖਾਂ ਵਿੱਚ ਡੁੱਬ ਮਰਦੇ ਹਨ । ਗੁਰਵਾਕ ਹੈ: -

ਬਿਨੁ ਗੁਰ ਸਾਚੇ ਭਗਤਿ ਨ ਹੋਵੀ ਹੋਰ ਭੂਲੀ ਫਿਰੈ ਇਆਣੀ॥
ਮਨਮੁਖਿ ਫਿਰਹਿ ਸਦਾ ਦੁਖੁ ਪਾਵਹਿ ਡੂਬਿ ਮੁਏ ਵਿਣੁ ਪਾਣੀ॥ (੬੦੨)

ਮਨਮੁਖਾਂ ਦੀ ਪਦਾਰਥਾਂ ਦੀ ਭੁੱਖ ਨੂੰ ਕੋਈ ਮਿਟਾ ਨਹੀਂ ਸਕਦਾ । ਉਹ ਇਸ ਭੁੱਖ ਨੂੰ ਦੂਰ ਕਰਨ ਲਈ ਦਸੋ ਦਿਸ਼ਾ ਵਿੱਚ ਪਏ ਡੋਲਦੇ ਫਿਰਦੇ ਹਨ । ਇਸ ਪ੍ਰਕਾਰ ਆਪਣੇ ਦੁਖਾਂ ਵਿੱਚ ਸਗੋਂ ਵਾਧਾ ਕਰਕੇ ਅੱਗੇ ਦਰਗਾਹੇ ਬਹੁ ਪ੍ਰਕਾਰੀ ਸਜ਼ਾਵਾਂ ਭੁਗਤਦੇ ਹੋਏ ਸਦਾ ਜੰਮਣ ਮਰਨ ਦੇ ਦੁਖ ਉਠਾਉਂਦੇ ਹੀ ਰਹਿੰਦੇ ਹਨ । ਯਥਾ ਗੁਰਵਾਕ: -

ਮਨਮੁਖ ਭੂਖੇ ਦਹ ਦਿਸ ਡੋਲਹਿ ਬਿਨੁ ਨਾਵੈ ਦੁਖੁ ਪਾਈ॥
ਜਨਮਿ ਮਰੈ ਫਿਰਿ ਜੋਨੀ ਆਵੈ ਦਰਗਹਿ ਮਿਲੈ ਸਜਾਈ॥ (੬੦੭)

ਮਨਮੁਖਾਂ ਦਾ ਮਨ ਕਾਬੂ ਵਿੱਚ ਨਹੀਂ ਆ ਸਕਦਾ । ਮਨ ਦਾ ਸੁਭਾਅ ਮਾਇਕ ਪਦਾਰਥਾਂ ਵਿੱਚ ਲੱਗਣਾ ਹੈ । ਇਸ ਲਈ ਮਨਮੁਖ ਆਪਣੇ ਮਨ ਮਗਰ ਲੱਗ ਕੇ ਦੁੱਖਾਂ ਦੀਆਂ ਪੰਡਾਂ ਹੀ ਬੰਨ੍ਹਦੇ ਹਨ । ਉਨ੍ਹਾਂ ਨੂੰ ਸੁਪਨੇ ਵਿੱਚ ਵੀ ਸੁੱਖ ਨਹੀਂ ਮਿਲ ਸਕਦਾ । ਸੱਚਾ ਸੁੱਖ ਕੇਵਲ ਨਾਮ ਵਿੱਚ ਹੈ ਤੇ ਨਾਮ ਹੀ ਮਨ ਨੂੰ ਵੱਸ ਕਰਨ ਦੇ ਸਮਰੱਥ ਹੈ । ਯਥਾ ਗੁਰਵਾਕ: –

ਮਨਮੁਖ ਮੰਨੁ ਅਜਿਤੁ ਹੈ ਦੂਜੈ ਲਗੈ ਜਾਇ॥ ਤਿਸ ਨੋ ਸੁਖੁ ਸੁਪਨੈ ਨਹੀ ਦੁਖੇ ਦੁਖਿ ਵਿਹਾਇ॥ (੬੪੪)

ਮਨਮੁਖਾਂ ਅੰਨ੍ਹਿਆਂ ਨੂੰ ਆਪਣੀ ਸੁੱਧ ਬੁੱਧ ਹੀ ਕੋਈ ਨਹੀਂ । ਉਨ੍ਹਾਂ ਦੇ ਅੰਦਰ ਅਗਿਆਨ ਰੂਪੀ ਅੰਧੇਰਾ ਹੀ ਅੰਧੇਰਾ ਹੈ । ਉਹ ਨਾਮ ਨੂੰ ਨਹੀਂ ਸਿਮਰ ਸਕਦੇ । ਮਾਇਆ ਮੋਹ ਵਿੱਚ ਲੱਗੇ ਹੋਏ ਸਦਾ ਦੁੱਖ ਹੀ ਦੁੱਖ ਪਾਉਂਦੇ ਹਨ । ਯਥਾ ਗੁਰਵਾਕ: –

– ਮਨਮੁਖ ਹਰਿ ਨਾਮੁ ਨ ਸੇਵਿਆ ਦੁਖੁ ਲਗਾ ਬਹੁਤਾ ਆਇ॥
ਅੰਤਰਿ ਅਗਿਆਨੁ ਅੰਧੇਰੁ ਹੈ ਸੁਧਿ ਨ ਕਾਈ ਪਾਇ॥ (੬੪੭)

– ਮਨਮੁਖਿ ਅੰਧਾ ਅੰਧੁ ਕਮਾਵੈ ਬਿਖੁ ਖਟੇ ਸੰਸਾਰੇ॥
ਮਾਇਆ ਮੋਹਿ ਸਦਾ ਦੁਖੁ ਪਾਏ ਬਿਨੁ ਗੁਰ ਅਤਿ ਪਿਆਰੇ॥ (੭੫੩)

ਨਾਮ ਦੀ ਦਾਤ ਵਡਭਾਗੇ ਗੁਰਮੁਖਾਂ ਨੂੰ ਪ੍ਰਾਪਤ ਹੁੰਦੀ ਹੈ, ਜਿਸ ਦੀ ਬਦੌਲਤ ਉਹ ਸੁਘੜ ਸੁਜਾਣ ਵਾਹਿਗੁਰੂ ਨੂੰ ਪਾ ਲੈਂਦੇ ਹਨ । ਇਸ ਗੁਰਮਤਿ ਰਮਜ਼ ਨੂੰ ਖੋਟੇ ਭਾਗਾਂ ਵਾਲੇ ਮਨਮੁਖ ਸਮਝਦੇ ਹੀ ਨਹੀਂ, ਇਸੇ ਲਈ ਉਨ੍ਹਾਂ ਦੀ ਉਮਰ ਰੂਪੀ ਰਾਤ ਦੁੱਖਾਂ ਵਿੱਚ ਹੀ ਬੀਤਦੀ ਹੈ, ਯਥਾ ਗੁਰਵਾਕ ਹੈ: –

– ਵਡਭਾਗੀ ਗੁਰੁ ਸੇਵਿਆ ਹਰਿ ਪਾਇਆ ਸੁਘੜ ਸੁਜਾਣੀ॥
ਮਨਮੁਖ ਭਾਗ ਵਿਹੂਣਿਆ ਤਿਨ ਦੁਖੀ ਰੈਣਿ ਵਿਹਾਣੀ॥ (੯੯੭)

– ਮਨਮੁਖੁ ਬਹੁਤੁ ਕਰੇ ਅਭਿਮਾਨੁ॥ ਦਰਗਹ ਕਬ ਹੀ ਨ ਪਾਵੈ ਮਾਨੁ॥
ਦੂਜੈ ਲਾਗੇ ਜਨਮੁ ਗਵਾਇਆ ਬਿਨੁ ਬੂਝੇ ਦੁਖੁ ਪਾਇਦਾ॥ (੧੦੬੬)

ਮਨਮੁਖਾਂ ਦੀ ਹਾਲਤ ਅਤੀ ਤਰਸਯੋਗ ਹੈ । ਵਾਹਿਗੁਰੂ ਨੇ ਉਨ੍ਹਾਂ ਦੀ ਇਸ ਮੰਦੀ ਹਾਲਤ ਤੇ ਤਰਸ ਖਾ ਕੇ ਆਪਣੇ ਨਾਮ ਦੇ ਸਾਰੇ ਭੰਡਾਰੇ ਸਤਿਗੁਰੂ ਨੂੰ ਸਉਂਪ ਕੇ ਮਨਮੁਖਾਂ ਦੇ ਦੁਖ ਦੂਰ ਕਰਨ ਲਈ ਜਗਤ ਵਿੱਚ ਭੇਜਿਆ । ਜਿਹੜੇ ਮਨਮੁਖ ਐਸੇ ਹਾਜ਼ਰ ਨਾਜ਼ਰ ਸਤਿਗੁਰੂ ਤੋਂ ਅਜੇ ਵੀ ਬੇਮੁੱਖ ਰਹਿਣਗੇ, ਉਨ੍ਹਾਂ ਕਾਮ ਕ੍ਰੋਧ ਲੋਭ ਮੋਹ ਅਭਿਮਾਨ ਦੇ ਪੁਤਲਿਆਂ ਨੂੰ ਐਥੇ ਜ਼ਰੂਰ ਦੁਖ ਭੋਗਣੇ ਪੈਣਗੇ ਤੇ ਅੰਤ ਨੂੰ ਜਮ ਫੜ ਕੇ ਰੋਂਦਿਆਂ ਕੁਰਲਾਉਂਦਿਆਂ ਨੂੰ ਜਮਪੁਰੀ ਵਿੱਚ ਵੀ ਦੁੱਖ ਭੁਗਤਾਉਣਗੇ । ਗੁਰਵਾਕ ਇਹ ਹੈ: –

ਮਨਮੁਖ ਜਨਮੁ ਭਇਆ ਹੈ ਬਿਰਥਾ ਆਵਤ ਜਾਤ ਲਜਾਈ॥
ਕਾਮਿ ਕ੍ਰੋਧਿ ਡੂਬੇ ਅਭਿਮਾਨੀ ਹਉਮੈ ਵਿਚਿ ਜਲਿ ਜਾਈ॥
ਤਿਨ ਸਿਧਿ ਨ ਬੁਧਿ ਭਈ ਮਤਿ ਮਧਿਮ ਲੋਭ ਲਹਰਿ ਦੁਖੁ ਪਾਈ॥
ਗੁਰ ਬਿਹੂਨ ਮਹਾ ਦੁਖੁ ਪਾਇਆ ਜਮ ਪਕਰੇ ਬਿਲਲਾਈ॥ (੧੨੬੫)

ਮਨਮੁਖਾਂ ਦੀ ਦੁਖਾਂ ਸੁੱਖਾਂ ਕਰਕੇ ਐਸੀ ਅਵਸੱਥਾ ਹੈ, ਇਸਦੇ ਕੁਝ ਹੋਰ ਵੀ ਪ੍ਰਮਾਣ ਗੁਰਬਾਣੀ ਅੰਦਰ ਦਰਜ ਹਨ, ਜੈਸੇ: –

– ਮਨਮੁਖਿ ਕੰਤੁ ਨ ਪਛਾਣਈ ਤਿਨ ਕਿਉ ਰੈਣਿ ਵਿਹਾਇ॥

ਗਰਬਿ ਅਟੀਆ ਤ੍ਰਿਸਨਾ ਜਲਹਿ ਦੁਖੁ ਪਾਵਹਿ ਦੂਜੈ ਭਾਇ॥ (੩੮)

- ਮਨਮੁਖ ਪੜਹਿ ਪੰਡਿਤ ਕਹਾਵਹਿ॥ ਦੂਜੈ ਭਾਇ ਮਹਾ ਦੁਖੁ ਪਾਵਹਿ॥ (੧੨੮)

- ਵੇਦੁ ਪੁਕਾਰੈ ਤ੍ਰਿਬਿਧਿ ਮਾਇਆ॥ ਮਨਮੁਖ ਨ ਬੂਝਹਿ ਦੂਜੈ ਭਾਇਆ॥
ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੈ ਦੁਖੁ ਪਾਵਣਿਆ॥ (੧੨੮)

- ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ॥ ਵਿਸਟਾ ਅੰਦਰਿ ਵਾਸੁ ਸਾਦੁ ਨ ਜਾਣਿਆ॥
ਵਿਣੁ ਨਾਵੈ ਦੁਖੁ ਪਾਇ ਆਵਣ ਜਾਣਿਆ॥ (੧੪੪)

- ਮਨਮੁਖਿ ਕਰਹਿ ਤੇਤਾ ਦੁਖੁ ਲਾਗੈ ਗੁਰਮੁਖਿ ਮਿਲੈ ਵਡਾਈ ਰੇ॥ (੧੫੬)

- ਮਨਮੁਖ ਅੰਧੇ ਸਦਾ ਬਿਖੁ ਖਾਏ॥ ਜਮ ਡੰਡੁ ਸਹਹਿ ਸਦਾ ਦੁਖੁ ਪਾਏ॥ (੨੩੧)

- ਮਨਮੁਖ ਅਗਿਆਨੀ ਮਾਇਆ ਮੋਹਿ ਵਿਆਪੇ ਤਿਨ੍ ਬੂਝ ਨ ਕਾਈ ਪਾਇ॥
ਹਲਤਿ ਪਲਤਿ ਓਇ ਸੁਖੁ ਨ ਪਾਵਹਿ ਅੰਤਿ ਗਏ ਪਛੁਤਾਇ॥ (੫੧੧

- ਮਨਮੁਖਿ ਅੰਧਾ ਤਪਿ ਤਪਿ ਖਪੈ ਬਿਨੁ ਸਬਦੈ ਸਾਂਤਿ ਨ ਆਈ॥
ਨਾਨਕ ਬਿਨੁ ਨਾਵੈ ਸਭੁ ਕੋਈ ਭੁਲਾ ਮਾਇਆ ਮੋਹਿ ਖੁਆਈ॥ (੫੭੧)

- ਮਨਮੁਖੁ ਕਾਇਰੁ ਕਰੂਪੁ ਹੈ ਬਿਨੁ ਨਾਵੈ ਨਕੁ ਨਾਹਿ॥ ਅਨਦਿਨੁ ਧੰਧੈ ਵਿਆਪਿਆ ਸੁਪਨੈ ਭੀ ਸੁਖੁ ਨਾਹਿ॥
ਨਾਨਕ ਗੁਰਮੁਖਿ ਹੋਵਹਿ ਤਾ ਉਬਰਹਿ ਨਾਹਿ ਤ ਬਧੇ ਦੁਖ ਸਹਾਹਿ॥ (੫੯੧)

- ਬਿਨੁ ਸਤਿਗੁਰ ਸੇਵੇ ਕਿਨੈ ਨ ਪਾਇਆ ਮਨਮੁਖਿ ਭਉਕਿ ਮੁਏ ਬਿਲਲਾਈ॥
ਆਵਹਿ ਜਾਵਹਿ ਠਉਰ ਨ ਪਾਵਹਿ ਦੁਖ ਮਹਿ ਦੁਖਿ ਸਮਾਈ॥ (੬੩੮)

- ਮਨਮੁਖ ਮਾਇਆ ਮੋਹਿ ਵਿਆਪੇ ਦੂਜੈ ਭਾਇ ਮਨੂਆ ਥਿਰੁ ਨਾਹਿ॥
ਅਨਦਿਨੁ ਜਲਤ ਰਹਹਿ ਦਿਨੁ ਰਾਤੀ ਹਉਮੈ ਖਪਹਿ ਖਪਾਹਿ॥
ਅੰਤਰਿ ਲੋਭੁ ਮਹਾ ਗੁਬਾਰਾ ਤਿਨ ਕੈ ਨਿਕਟਿ ਨ ਕੋਈ ਜਾਹਿ॥ (੬੫੨)

- ਦੂਜੈ ਭਾਇ ਦੁਖੁ ਹੋਇ ਮਨਮੁਖ ਜਮਿ ਜੋਹਿਆ ਜੀਉ॥ਹਾਇ ਹਾਇ ਕਰੇ ਦਿਨੁ ਰਾਤਿ ਮਾਇਆ ਦੁਖਿ ਮੋਹਿਆ ਜੀਉ॥
ਮਾਇਆ ਦੁਖਿ ਮੋਹਿਆ ਹਉਮੈ ਰੋਹਿਆ ਮੇਰੀ ਮੇਰੀ ਕਰਤ ਵਿਹਾਵਏ॥
ਜੋ ਪ੍ਰਭੁ ਦੇਇ ਤਿਸੁ ਚੇਤੈ ਨਾਹੀ ਅੰਤਿ ਗਇਆ ਪਛੁਤਾਵਏ॥ (੬੯੦)

- ਮਨਮੁਖਿ ਵਿਛੁੜੀ ਦੂਰਿ ਮਹਲੁ ਨ ਪਾਏ ਬਲਿ ਗਈ ਬਲਿ ਰਾਮ ਜੀਉ॥
ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ ਕੂੜਿ ਲਈ ਬਲਿ ਰਾਮ ਜੀਉ॥
ਕੂੜੁ ਕਪਟੁ ਕਮਾਵੈ ਮਹਾ ਦੁਖੁ ਪਾਵੈ ਵਿਣੁ ਸਤਿਗੁਰ ਮਗੁ ਨ ਪਾਇਆ॥
ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਧਕੇ ਖਾਇਆ॥ (੭੭੩)

- ਐਥੈ ਸੁਖੁ ਨ ਆਗੈ ਹੋਇ॥ ਮਨਮੁਖ ਮੁਏ ਅਪਣਾ ਜਨਮੁ ਖੋਇ॥ (੮੪੨)

- ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ ਧਿਆਨੁ ਨ ਲਾਗੈ॥

ਦੁਖ ਵਿਚਿ ਕਾਰ ਕਮਾਵਣੀ ਦੁਖੁ ਵਰਤੈ ਦੁਖੁ ਆਗੈ॥ (੮੫੧)

– ਮਨਮੁਖਿ ਮੋਹੁ ਗੁਬਾਰੁ ਹੈ ਦੂਜੈ ਭਾਇ ਬੋਲੈ॥ ਦੂਜੈ ਭਾਇ ਸਦਾ ਦੁਖੁ ਹੈ ਨਿਤ ਨੀਰੁ ਵਿਰੋਲੈ॥ (੯੫੫)

– ਮਨਮੁਖ ਹਉਮੈ ਮਾਇਆ ਸੂਤੇ॥ ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ॥
ਪਰ ਨਿੰਦਾ ਕਰਹਿ ਬਹੁ ਚਿੰਤਾ ਜਾਲੈ ਦੁਖੇ ਦੁਖਿ ਨਿਵਾਸੀ ਹੇ॥ (੧੦੪੯)

– ਮਨਮੁਖੁ ਕਾਰ ਕਰੇ ਸਭਿ ਦੁਖ ਸਬਾਏ॥ ਅੰਤਰਿ ਸਬਦੁ ਨਾਹੀ ਕਿਉ ਦਰਿ ਜਾਏ॥ (੧੦੫੧)

– ਮਨਮੁਖ ਦੇਹੀ ਭਰਮੁ ਭਤਾਰੋ॥ ਦੁਰਮਤਿ ਮਰੈ ਨਿਤ ਹੋਇ ਖੁਆਰੋ॥
ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ॥ (੧੦੫੮)

– ਮਨਮੁਖੁ ਅੰਧਾ ਅੰਧੁ ਕਮਾਏ॥ ਬਹੁ ਸੰਕਟ ਜੋਨੀ ਭਰਮਾਏ॥
ਜਮ ਕਾ ਜੇਵੜਾ ਕਦੇ ਨ ਕਾਟੈ ਅੰਤੇ ਬਹੁ ਦੁਖੁ ਪਾਇਆ॥ (੧੦੬੮)

– ਮਨਮੁਖੁ ਜਗਤੁ ਨਿਰਧਨੁ ਹੈ ਮਾਇਆ ਨੋ ਬਿਲਲਾਇ॥ ਅਨਦਿਨੁ ਫਿਰਦਾ ਸਦਾ ਰਹੈ ਭੁਖ ਨ ਕਦੇ ਜਾਇ॥
ਸਾਂਤਿ ਨ ਕਦੇ ਆਵਈ ਨਹ ਸੁਖੁ ਵਸੈ ਮਨਿ ਆਇ॥ ਸਦਾ ਚਿੰਤ ਚਿਤਵਦਾ ਰਹੈ ਸਹਸਾ ਕਦੇ ਨ ਜਾਇ॥ (੧੦੯੨)

– ਦੁਖ ਵਿਚਿ ਜੰਮੈ ਦੁਖਿ ਮਰੈ ਦੁਖ ਵਿਚਿ ਕਾਰ ਕਮਾਇ॥ ਗਰਭ ਜੋਨੀ ਵਿਚਿ ਕਦੇ ਨ ਨਿਕਲੈ ਬਿਸਟਾ ਮਾਹਿ ਸਮਾਇ॥
ਧ੍ਰਿਗੁ ਧ੍ਰਿਗੁ ਮਨਮੁਖਿ ਜਨਮੁ ਗਵਾਇਆ॥ ਪੂਰੇ ਗੁਰ ਕੀ ਸੇਵ ਨ ਕੀਨੀ ਹਰਿ ਕਾ ਨਾਮੁ ਨ ਭਾਇਆ॥ (੧੧੩੦)

– ਗੁਰ ਪਰਸਾਦੀ ਅੰਮ੍ਰਿਤੁ ਨਹੀ ਪੀਆ ਤ੍ਰਿਸਨਾ ਭੂਖ ਨ ਜਾਈ॥ ਮਨਮੁਖ ਮੂੜ੍ ਜਲਤ ਅਹੰਕਾਰੀ ਹਉਮੈ ਵਿਚਿ ਦੁਖੁ ਪਾਈ॥
ਆਵਤ ਜਾਤ ਬਿਰਥਾ ਜਨਮੁ ਗਵਾਇਆ ਦੁਖਿ ਲਾਗੈ ਪਛੁਤਾਈ॥
ਜਿਸ ਤੇ ਉਪਜੇ ਤਿਸਹਿ ਨ ਚੇਤਹਿ ਧ੍ਰਿਗੁ ਜੀਵਣੁ ਧ੍ਰਿਗੁ ਖਾਈ॥ (੧੨੬੫)

– ਮਨਮੁਖ ਕਉ ਦੁਖੁ ਦਰਦੁ ਵਿਆਪਸਿ ਮਨਮੁਖਿ ਦੁਖੁ ਨ ਜਾਈ॥
ਸੁਖ ਦੁਖ ਦਾਤਾ ਗੁਰਮੁਖਿ ਜਾਤਾ ਮੇਲਿ ਲਏ ਸਰਣਾਈ॥ (੧੩੪੫)

ਸੋ ਸਿੱਧ ਹੋਇਆ ਕਿ ਮਨਮੁਖਾਂ ਨੂੰ ਸੱਚਾ ਸੁਖ ਕਦੇ ਵੀ ਨਹੀਂ ਮਿਲ ਸਕਦਾ, ਦੁਖ ਦਾ ਨਾਂ ਸੁਖ ਰੱਖਕੇ ਪਏ ਫੁੱਲੇ ਫਿਰਨ ।

ਪ੍ਰਸ਼ਨ: – ਕੀ ਇਹ ਤ੍ਰੈਗੁਣੀ ਵਿਦਿਆ ਵੀ ਮਨਮੁਖਾਂ ਨੂੰ ਕੋਈ ਸੁਖ ਨਹੀਂ ਦਿੰਦੀ?

ਉੱਤਰ: – ਨਾਮ ਵਿਹੂਣੀ ਵਿਦਿਆ ਲੈਣੀ ਦੇਣੀ ਤਾਂ ਵਿਹੁ ਖੱਟਣੀ ਅਤੇ ਵਿਹੁ ਖਾਣੀ ਹੈ । ਇਸ ਪ੍ਰਕਾਰ ਦੀ ਵਿਦਿਆ ਖਰੀਦ ਕੇ ਤਾਂ ਸਗੋਂ ਮੂਰਖ ਕਹਾਈਦਾ ਹੈ । ਨਾਮ ਦੀ ਸਚੀ ਸੁਚੀ ਸੂਝ ਬੂਝ ਤੋਂ ਬਿਨਾਂ ਸਚੇ ਸੁਖ ਦੀ ਪ੍ਰਾਪਤੀ ਕਿੱਥੋਂ? ਇਹ ਦ੍ਰਿਸ਼ਟੀਕੋਣ ਬਾਣੀ ਦੀ ਗਿਆਤ ਬਿਨਾਂ ਆਮ ਸੰਸਾਰੀ ਲਿਖਿਆਂ ਪੜ੍ਹਿਆਂ ਦਾ ਨਹੀਂ ਹੋ ਸਕਦਾ । ਯਥਾ ਗੁਰਵਾਕ: –

– ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ॥ ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ॥ (੯੩੮)

– ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ॥ ਨਾਮੁ ਨ ਬੂਝਹਿ ਭਰਮਿ ਭੁਲਾਨਾ॥
ਲੈ ਕੈ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ॥ (੧੦੩੨)

– ਮਨਮੁਖ ਪੜਹਿ ਪੰਡਿਤ ਕਹਾਵਹਿ॥ ਦੂਜੈ ਭਾਇ ਮਹਾ ਦੁਖੁ ਪਾਵਹਿ॥
ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ॥ (੧੨੮)

– ਦੂਜੈ ਭਾਇ ਪੜੈ ਨਹੀ ਬੂਝੈ॥ ਤ੍ਰਿਬਿਧਿ ਮਾਇਆ ਕਾਰਣਿ ਲੂਝੈ॥
ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ॥ (੧੨੭)

– ਉਪਜੈ ਪਚੈ ਹਰਿ ਬੂਝੈ ਨਾਹੀ॥ ਅਨਦਿਨੁ ਦੂਜੈ ਭਾਇ ਫਿਰਾਹੀ॥
ਮਨਮੁਖ ਜਨਮੁ ਗਇਆ ਹੈ ਬਿਰਥਾ ਅੰਤਿ ਗਇਆ ਪਛੁਤਾਵਣਿਆ॥ (੧੨੭)

– ਵੇਦੁ ਪੁਕਾਰੈ ਤ੍ਰਿਬਿਧਿ ਮਾਇਆ॥ ਮਨਮੁਖ ਨ ਬੂਝਹਿ ਦੂਜੈ ਭਾਇਆ॥
ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖੁ ਪਾਵਣਿਆ॥ (੧੨੮)

– ਹਾਹੈ ਹਰਿ ਕਥਾ ਬੂਝੁ ਤੂੰ ਮੂੜੇ ਤਾ ਸਦਾ ਸੁਖੁ ਹੋਈ॥
ਮਨਮੁਖਿ ਪੜਹਿ ਤੇਤਾ ਦੁਖੁ ਲਾਗੈ ਵਿਣੁ ਸਤਿਗੁਰ ਮੁਕਤਿ ਨ ਹੋਈ॥ (੪੩੫)

– ਹੋਰੁ ਕੂੜੁ ਪੜਣਾ ਕੂੜੁ ਕਮਾਵਣਾ ਬਿਖਿਆ ਨਾਲਿ ਪਿਆਰੁ॥
ਅੰਦਰਿ ਸੁਖੁ ਨ ਹੋਵਈ ਮਨਮੁਖ ਜਨਮੁ ਖੁਆਰੁ॥ (੧੦੯੪)

– ਮਨਮੁਖ ਮੂਲੁ ਗਵਾਵਹਿ ਲਾਭੁ ਮਾਗਹਿ ਲਾਹਾ ਲਾਭੁ ਕਿਦੂ ਹੋਈ॥
ਪੜਿ ਪੜਿ ਲੂਝਹਿ ਬਾਦੁ ਵਖਾਣਹਿ ਮਿਲਿ ਮਾਇਆ ਸੁਰਤਿ ਗਵਾਈ॥ (੧੧੩੧)

– ਹਰਿ ਕਿਰਪਾ ਤੇ ਸਤਿਗੁਰੁ ਪਾਈਐ ਭੇਟੈ ਸਹਜਿ ਸੁਭਾਇ॥
ਮਨਮੁਖ ਭਰਮਿ ਭੁਲਾਇਆ ਬਿਨੁ ਭਾਗਾ ਹਰਿ ਧਨੁ ਨ ਪਾਇ॥
ਤ੍ਰੈ ਗੁਣ ਸਭਾ ਧਾਤੁ ਹੈ ਪੜਿ ਪੜਿ ਕਰਹਿ ਵੀਚਾਰੁ॥ ਮੁਕਤਿ ਕਦੇ ਨ ਹੋਵਈ ਨਹੁ ਪਾਇਨ੍ਹਿ ਮੋਖ ਦੁਆਰੁ॥ (੧੨੭੭)

ਪ੍ਰਸ਼ਨ: – ਕੀ ਮਨਮੁਖਾਂ ਨੂੰ ਆਪਣੇ ਧਰਮ ਗ੍ਰੰਥ ਪੜ੍ਹਨ ਪੜ੍ਹਾਉਣ ਦਾ ਤਾਂ ਜ਼ਰੂਰ ਲਾਭ ਹੁੰਦਾ ਹੋਊ?

ਉੱਤਰ: – ਇਸ ਵਿਚਾਰ ਨੂੰ ਨਵੇਂ ਪ੍ਰਕਰਣ ਵਿਚ ਲਿਆਉਣਾ ਹੀ ਠੀਕ ਰਹੂ, ਪ੍ਰੰਤੂ ਟੂਕ ਵਜੋਂ ਗੁਰਮਤਿ ਦੇ ਫ਼ੈਸਲੇ ਤੋਂ ਜਾਣੂ ਹੋਣ ਲਈ ਹੇਠ ਦਿੱਤੇ ਗੁਰਵਾਕ ਚੰਗੀ ਅਗਵਾਈ ਕਰਨਗੇ: –

– ਹੋਮ ਜਗ ਸਭਿ ਤੀਰਥਾ ਪੜਿ੍ ਪੰਡਿਤ ਥਕੇ ਪੁਰਾਣ॥
ਬਿਖੁ ਮਾਇਆ ਮੋਹੁ ਨ ਮਿਟਈ ਵਿਚਿ ਹਉਮੈ ਆਵਣੁ ਜਾਣੁ॥ (੧੪੧੭)

– ਪੜਿ ਪੜਿ ਪੰਡਿਤ ਮੋਨੀ ਥਕੇ ਬੇਦਾਂ ਕਾ ਅਭਿਆਸੁ॥
ਹਰਿ ਨਾਮੁ ਚਿਤਿ ਨ ਆਵਈ ਨਹ ਨਿਜ ਘਰਿ ਹੋਵੈ ਵਾਸੁ॥ (੧੨੭੭)

– ਤ੍ਰੈ ਗੁਣ ਬਾਣੀ ਬੇਦ ਬੀਚਾਰੁ॥ ਬਿਖਿਆ ਮੈਲੁ ਬਿਖਿਆ ਵਾਪਾਰੁ॥ ਮਰਿ ਜਨਮਹਿ ਫਿਰਿ ਹੋਹਿ ਖੁਆਰੁ॥ (੧੨੬੨)

– ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ॥
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ॥ (੭੪੭)

– ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ॥
ਤ੍ਰੈ ਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ॥ (੬੪੭)

– ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ॥ ਮਾਇਆ ਮੋਹੁ ਪਸਰਿਆ ਪਾਸਾਰਾ॥
ਮੂਰਖ ਪੜਹਿ ਸਬਦੁ ਨ ਬੂਝਹਿ ਗੁਰਮੁਖਿ ਵਿਰਲੈ ਜਾਤਾ ਹੇ॥ (੧੦੫੩)

– ਬੇਦ ਪਾਠ ਸੰਸਾਰ ਕੀ ਕਾਰ॥ ਪੜਿ੍ ਪੜਿ੍ ਪੰਡਿਤ ਕਰਹਿ ਬੀਚਾਰ॥ (੭੯੧)

– ਸਾਸਤ ਸਿੰਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੇ॥ ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ॥
ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ॥ ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ॥ (੭੦)

ਆਓ ਆਪਣੇ ਅਸਲੀ ਪ੍ਰਕਰਣ (ਆਮ ਸੰਸਾਰੀ ਤ੍ਰੈ ਗੁਣੀ ਵਿੱਦਿਆ) ਵੱਲ:

ਹਾਹੈ ਹਰਿ ਕਥਾ ਬੂਝੁ ਤੂੰ ਮੂੜੇ ਤਾ ਸਦਾ ਸੁਖੁ ਹੋਈ॥
ਮਨਮੁਖਿ ਪੜਹਿ ਤੇਤਾ ਦੁਖੁ ਲਾਗੈ ਵਿਣੁ ਸਤਿਗੁਰ ਮੁਕਤਿ ਨ ਹੋਈ॥ (੪੩੫)

ਹਾਹੇ ਅੱਖਰ ਰਾਹੀਂ ਗੁਰੂ ਸਾਹਿਬ ਉਲਟਾ ਪਾਂਧੇ (ਉਸਤਾਦ) ਨੂੰ ਉਪਦੇਸ਼ ਦਿੰਦੇ ਹਨ ਕਿ ਮੂਰਖਾ ਜੇ ਸਚਾ ਸੁਖ ਆਪ ਲੈ ਕੇ ਹੋਰਨਾਂ ਨੂੰ ਦੇਣਾ ਹੈ ਤਾਂ ਹਰਿ ਕਥਾ ਭਾਵ "ਨਾਮੁ" ਨੂੰ ਸਤਿਗੁਰੂ ਪਾਸੋਂ ਸਮਝਿ । ਨਹੀਂ ਤਾਂ ਯਾਦ ਰਖ ਜਿਤਨੀਆਂ ਪੜ੍ਹਾਈਆਂ ਬਹੁਤੀਆਂ ਪੜ੍ਹਾਵੇਂਗਾ ਉਤਨੇ ਹੀ ਦੁਖ ਵਧਦੇ ਜਾਣਗੇ। ਜੇ ਸੁਖੀ ਹੋਣਾ ਲੋੜਦਾ ਹੈਂ ਤਾਂ ਪਹਿਲੋਂ ਸਤਿਗੁਰੂ ਦੀ ਸ਼ਰਨੀ ਪੈ ਕੇ ਆਪ ਸਗੁਰਾ ਹੋ ਤਾਂ ਕਿਤੇ ਜਾ ਕੇ ਮੁਕਤੀ ਮਿਲੂ, ਐਵੇਂ ਨਹੀਂ । ਹੇ ਪਾਂਧੇ, ਜੋ ਤੇਰੇ ਆਪਣੇ ਮੱਥੇ ਤੇ ਲਿਖਿਆ ਹੈ ਪਹਿਲੋਂ ਉਸਨੂੰ ਉਠਾਲਣ ਅਤੇ ਸਮਝਣ ਦਾ ਯਤਨ ਕਰ । ਕਿਸ ਵਾਸਤੇ ਹੋਰਨਾਂ ਨੂੰ ਐਵੇਂ ਜ਼ਹਿਰੀਲੀ ਵਿਦਿਆ ਦੇ ਕੇ ਆਪਣੀਆਂ ਅਤੇ ਆਪਣੇ ਚੇਲਿਆਂ ਚਾਟੜਿਆਂ ਦੀਆਂ ਬੇੜੀਆਂ ਵਿੱਚ ਵੱਟੇ ਪਾਉਂਦਾ ਹੈਂ। ਯਥਾ ਗੁਰਵਾਕ: –

ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ॥
ਪਹਿਲਾ ਫਾਹਾ ਪਇਆ ਪਾਧੇ ਪਿਛੈ ਦੇ ਗਲਿ ਚਾਟੜਿਆ॥ (੪੩੪)

ਪ੍ਰਸ਼ਨ: – ਕੀ ਪਾਂਧੇ (ਉਸਤਾਦ) ਲਈ ਮੂੜ ਸ਼ਬਦ ਦੀ ਵਰਤੋਂ ਅਯੋਗ ਨਹੀਂ?

ਉੱਤਰ: – ਸ਼ੁਕਰ ਕਰੋ ਇਸ ਲਈ ਅਸਲੀ ਢੁਕਵਾਂ ਸ਼ਬਦ "ਮੂਰਖਾਂ ਸਿਰਿ ਮੂਰਖ" ਨਹੀਂ ਵਰਤਿਆ ਕਿਉਂ ਜੋ ਨਾਮੋ ਹੀਣੇ ਲਈ ਨਾਮ ਤੋਂ ਸੱਖਣੇ ਬੇਮੁੱਖ ਲਈ ਜੋ ਸ਼ਬਦ ਗੁਰਬਾਣੀ ਅੰਦਰ ਵਰਤਿਆ ਗਿਆ ਹੈ ਉਹ ਹੇਠ ਲਿਖੀਆਂ ਗੁਰ ਪੰਗਤੀਆਂ ਵਿੱਚ ਇਸ ਪ੍ਰਕਾਰ ਹੈ: –

– ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ॥ ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ॥ (੧੦੧੫)

ਅਸਲੀ ਪਾਂਧੇ ਦੀ ਨਿਸ਼ਾਨੀ ਤਾਂ ਇਹ ਹੈ ਕਿ: –

– ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ॥ ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ॥ (੯੩੮)

– ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ॥
ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ॥ (੯੩੭)

– ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ॥
ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ॥ (੯੩੮)

ਮਨਮੁਖ ਪੜ੍ਹਦੇ ਤਾਂ ਬਥੇਰਾ ਹਨ ਪ੍ਰੰਤੂ ਉਨ੍ਹਾਂ ਨੂੰ ਪੜ੍ਹਾਈ ਕਰਨ ਦਾ ਚੱਜ ਨਹੀਂ । ਨਾਮ ਰੂਪੀ ਸਚੀ ਗੱਲ ਬੁੱਝਣ ਵਾਲੀ ਬੁਝਾਰਤ ਨੂੰ ਤਾਂ ਬੁਝਦੇ ਨਹੀਂ ਜਿਸਦੇ ਬੁੱਝਣ ਕਰਕੇ ਮਨੁੱਖਾ ਜਨਮ ਦੀ ਸਫ਼ਲਤਾ ਹੋ ਜਾਵੇ । ਭਰਮਾਂ ਵਹਿਮਾਂ ਵਿੱਚ ਪੈ ਕੇ ਮਾਇਆ ਇਕੱਠੀ ਕਰਨ ਲਈ ਸਗੋਂ ਆਪਣੇ ਗਲਾਂ ਵਿੱਚ ਖੋਟੀ ਮਤਿ ਦਾ ਫਾਹਾ ਪਾ ਕੇ ਝੂਠੀਆਂ ਗਵਾਹੀਆਂ ਸ਼ਹਿਦੀਆਂ ਦਿੰਦੇ ਫਿਰਦੇ ਹਨ । ਵੱਢੀਆਂ, ਰਿਸ਼ਵਤਾਂ ਦਾ ਜਾਲ ਇਨ੍ਹਾਂ ਪੜਾਕੂਆਂ ਨੇ ਹੀ ਬਹੁਤਾ ਵਿਛਾਇਆ ਹੋਇਆ ਹੈ । ਜੈਸੇ ਗੁਰਵਾਕ ਹੈ: –

ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ॥ ਨਾਮੁ ਨ ਬੂਝਹਿ ਭਰਮਿ ਭੁਲਾਨਾ॥
ਲੈ ਕੈ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ॥ (੧੦੩੨)

ਮਨਮੁਖ ਨਿਰੇ ਕੂੜ ਦੀਆਂ ਝੂਠੀਆਂ ਪੜ੍ਹਾਈਆਂ ਪੜ੍ਹ-ਪੜ੍ਹ ਕੇ ਅਤੇ ਨਿਰੇ ਮੁਲੰਮੇ ਦੇ ਪਲੰਦਿਆਂ ਤੇ ਅਮਲ ਕਰ ਕਰ ਕੇ ਵਿਹੁ ਨਾਲ ਪਿਆਰ ਪਾ ਰਹੇ ਹਨ । ਜਿਸ ਦੇ ਖਾਣ ਨਾਲ ਉਨ੍ਹਾਂ ਨੂੰ ਸੁਖ ਤਾਂ ਕੀ ਮਿਲਣਾ ਸੀ ਸਗੋਂ ਜਨਮ ਦੀ ਖੁਆਰੀ ਪੱਲੇ ਜ਼ਰੂਰ ਪਊ । ਜੈਸੇ ਗੁਰਵਾਕ ਹੈ: –

ਹੋਰੁ ਕੂੜੁ ਪੜਣਾ ਕੂੜੁ ਕਮਾਵਣਾ ਬਿਖਿਆ ਨਾਲਿ ਪਿਆਰੁ॥
ਅੰਦਰਿ ਸੁਖੁ ਨ ਹੋਵਈ ਮਨਮੁਖ ਜਨਮੁ ਖੁਆਰੁ॥ (੧੦੯੪)

ਜਿਸ ਵਪਾਰੀ ਦਾ ਮੂਲ ਹੀ ਘੱਟਣ ਲਗ ਜਾਵੇ ਉਸ ਨੂੰ ਲਾਭ ਹੋਣਾ ਅਸੰਭਵ ਹੈ । ਇਸੇ ਪ੍ਰਕਾਰ ਜਿਹੜੇ ਮਨਮੁਖ ਨਾਮ ਜਪਣ ਲਈ ਮਿਲੇ ਅਮੋਲਕ ਸੁਆਸਾਂ ਨੂੰ ਊਟ ਪਟਾਂਗ ਕੁਵਿਦਿਆ ਨੂੰ ਵਿੱਦਿਆ ਸਮਝ ਕੇ ਬਹੁਤੀ ਮਾਇਆ ਇਕੱਠੀ ਕਰਨ ਲਈ ਹੀ ਜੁੱਟ ਪਏ ਹਨ, ਉਹ ਤਾਂ ਲਾਹਾ ਖੱਟਣ ਦੀ ਵਜਾਏ ਆਪਣਾ ਮੂਲ ਵੀ ਗਵਾ ਬੈਠਣਗੇ । ਐਸਾ ਕਰਨ ਨਾਲ ਤਾਂ ਉਨ੍ਹਾਂ ਦੀ ਰਹਿੰਦੀ ਖੂੰਹਦੀ ਮਤਿ ਵੀ ਮਾਰੀ ਜਾਊ । ਯਥਾ ਗੁਰਵਾਕ: –

–ਮਨਮੁਖ ਮੂਲੁ ਗਵਾਵਹਿ ਲਾਭੁ ਮਾਗਹਿ ਲਾਹਾ ਲਾਭੁ ਕਿਦੂ ਹੋਈ॥

ਪੜਿ ਪੜਿ ਲੂਝਹਿ ਬਾਦੁ ਵਖਾਣਹਿ ਮਿਲਿ ਮਾਇਆ ਸੁਰਤਿ ਗਵਾਈ॥ (੧੧੩੧)

ਹਰੀ ਵਾਹਿਗੁਰੂ ਦੀ ਕਿਰਪਾ ਦ੍ਰਿਸ਼ਟੀ ਹੋਵੇ ਤਾਂ ਸਤਿਗੁਰੂ ਦੀ ਸ਼ਰਨਿ ਪੈ ਕੇ ਨਾਮ ਧਨ ਦੀ ਪ੍ਰਾਪਤੀ ਕਰੀਦੀ ਹੈ । ਏਹੀ ਗੁਰਮਤਿ ਦੀ ਸਚੀ ਸੁਚੀ ਵੀਚਾਰ ਹੈ । ਭਰਮ ਅੰਦਰ ਭੁਲਿਆਂ ਹੋਇਆਂ ਮਨਮੁਖਾਂ ਨੂੰ ਸਚੀ ਵੀਚਾਰ ਤੇ ਸ਼ਰਧਾ ਹੀ ਨਹੀਂ ਉਪਜ ਸਕਦੀ । ਉਹ ਤਾਂ ਤ੍ਰੈਗੁਣੀ ਪੜ੍ਹਾਈਆਂ ਕਰਨ ਵਾਲੀਆਂ ਝੂਠੀਆਂ ਵਿਚਾਰਾਂ ਉੱਤੇ ਰੀਝ ਕੇ ਇਸੇ ਪਾਸੇ ਲੱਗ ਪਏ ਹਨ । ਉਨ੍ਹਾਂ ਨੂੰ ਸੱਚੇ ਸੁੱਖ ਦਾ ਮੁਸ਼ਕ ਵੀ ਪ੍ਰਾਪਤ ਨਹੀਂ ਹੋ ਸਕਦਾ ਮੁਕਤੀ ਦਾ ਦੁਆਰਾ ਤਾਂ ਕਿੱਥੋਂ ਮਿਲਣਾ ਸੀ ਐਸੇ ਪੜ੍ਹਾਕੂਆਂ ਵਿਦਵਾਨਾਂ ਨੂੰ । ਯਥਾ ਗੁਰਵਾਕ ਹੈ: –

ਹਰਿ ਕਿਰਪਾ ਤੇ ਸਤਿਗੁਰੁ ਪਾਈਐ ਭੇਟੈ ਸਹਜਿ ਸੁਭਾਇ॥
ਮਨਮੁਖ ਭਰਮਿ ਭੁਲਾਇਆ ਬਿਨੁ ਭਾਗਾ ਹਰਿ ਧਨੁ ਨ ਪਾਇ॥
ਤ੍ਰੈ ਗੁਣ ਸਭਾ ਧਾਤੁ ਹੈ ਪੜਿ ਪੜਿ ਕਰਹਿ ਵੀਚਾਰੁ॥
ਮੁਕਤਿ ਕਦੇ ਨ ਹੋਵਈ ਨਹੁ ਪਾਇਨ੍ਹਿ ਮੋਖ ਦੁਆਰੁ॥ (੧੨੨੨)

ਸਿਆਣੇ ਵਿਦਵਾਨ ਪੰਡਿਤ ਲੋਗ ਆਪਣੇ ਜਾਣੇ ਅੱਡੀ ਚੋਟੀ ਦਾ ਜ਼ੋਰ ਲਾ ਕੇ ਪੁਸਤਕਾਂ ਨੂੰ ਵੀਚਾਰਦੇ ਹਨ, ਘੋਖਦੇ ਹਨ, ਦੂਜਿਆਂ ਨੂੰ ਮੱਤਾਂ ਦਿੰਦੇ ਹਨ । ਉਨ੍ਹਾਂ ਦਾ ਇਹ ਸਾਰਾ ਪਿੱਟ ਪਟੱਊਆ ਇੱਕ ਤਰ੍ਹਾਂ ਨਾਲ ਮਾਇਆ ਦਾ ਵਾਪਾਰ ਹੀ

ਹੁੰਦਾ ਹੈ, ਕਿਉਂਜੋ ਅਸਲੀ ਵੀਚਾਰ (ਗੁਰਮਤਿ) ਨੂੰ ਉਹ ਬਿਲਕੁੱਲ ਨਹੀਂ ਬੁੱਝ ਸਕਦੇ । ਬਥੇਰੇ ਪੰਡਿਤ ਜੋਤਸ਼ੀ ਕਹਾਉਣ ਵਾਲੇ ਪੁਰਸ਼ ਪੁਰਾਣੀਆਂ ਕਿਤਾਬਾਂ ਵਿੱਚ ਲਿਖੇ ਕੌਰਵਾਂ ਪਾਂਡਵਾਂ ਦੀਆਂ ਝਗੜਿਆਂ ਦੀਆਂ ਕਥਾ ਕਹਾਣੀਆਂ ਸੁਣਾਉਣ ਵਿੱਚ ਹੀ ਜ਼ਿੰਦਗੀ ਬਤੀਤ ਕਰਦੇ ਹਨ । ਇਸ ਤਰ੍ਹਾਂ ਉਹ ਮੁੜ-ਮੁੜ ਆਉਂਦੇ ਜਾਂਦੇ (ਜੰਮਦੇ ਮਰਦੇ) ਰਹਿੰਦੇ ਹਨ । ਸਾਰਾ ਸੰਸਾਰ ਹੀ ਝੂਠੀਆਂ ਕਥਣੀਆਂ ਬਦਣੀਆਂ ਵਿੱਚ ਖਪ ਖਪ ਮਰ ਰਿਹਾ ਹੈ । ਅਸਲ ਰਹਿਣੀ ਸ਼ਬਦ (ਨਾਮ) ਤੋਂ ਪ੍ਰਾਪਤ ਹੁੰਦੀ ਹੈ ਜੋ ਗੁਰੂ (ਸਤਿਗੁਰੂ ਅਥਵਾ ਗੁਰਬਾਣੀ) ਦੀ ਬਖਸ਼ਿਸ਼ ਰਾਹੀਂ ਹੀ ਮਿਲ ਸਕਦੀ ਹੈ । ਇਸ ਭਾਵ ਦੀ ਪੁਸ਼ਟੀ ਲਈ ਪੜ੍ਹੋ ਹੇਠ ਲਿਖੀਆਂ ਗੁਰ ਪੰਗਤੀਆਂ:-

- ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ॥

-ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ॥ ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ॥
ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ॥ ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ॥ (੫੬)

- ਕਥਨੈ ਕਹਣਿ ਨ ਛੁਟੀਐ ਨਾ ਪੜਿ ਪੁਸਤਕ ਭਾਰ॥ ਕਾਇਆ ਸੋਚ ਨ ਪਾਈਐ ਬਿਨੁ ਹਰਿ ਭਗਤਿ ਪਿਆਰ॥ (੫੯)

- ਮੁਖ ਤੇ ਪੜਤਾ ਟੀਕਾ ਸਹਿਤ॥ ਹਿਰਦੈ ਰਾਮੁ ਨਹੀ ਪੂਰਨ ਰਹਤ॥
ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ॥ ਅਪਨਾ ਕਹਿਆ ਆਪਿ ਨ ਕਮਾਵੈ॥ (੮੮੭)

ਗੁਰ ਦੇ ਸ਼ਬਦ ਨਾਲ ਸਾਂਝ ਪਾਉਣ ਤੋਂ ਬਿਨਾਂ ਸਾਰਾ ਸੰਸਾਰ ਤ੍ਰੈਗੁਣੀ ਮਾਇਆ ਦੇ ਲੇਖੇ ਪੱਤੇ ਦੀਆਂ ਪੜ੍ਹਾਈਆਂ ਹੀ ਪੜ੍ਹਦਾ ਹੈ, ਇਸੇ ਲਈ ਉਹ ਮੂਲ ਪ੍ਰਮਾਤਮਾ ਦੀ ਯਾਦ ਤੋਂ ਘੁੱਥਾ ਹੀ ਰਹਿੰਦਾ ਹੈ । ਮਾਇਆ ਦੇ ਮੋਹ ਵਿੱਚ ਗਲਤਾਨ ਰਹਿੰਦੇ ਹੀ ਸਾਰੀ ਆਯੂ ਬੀਤਦੀ ਹੈ । ਪ੍ਰਮਾਤਮਾ ਦੀ ਭਗਤੀ ਕਰਨ ਬਾਰੇ ਉਸ ਨੂੰ ਕੁਝ ਵੀ ਨਹੀਂ ਸੁੱਝਦਾ । ਜੇਕਰ ਉਹ ਗੁਰੂ ਦੇ ਸ਼ਬਦ ਨਾਲ ਸਾਂਝ ਪਾ ਬੈਠੇ ਤਾਂ ਤਤਕਾਲ ਹੀ ਪ੍ਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ । ਯਥਾ ਗੁਰਵਾਕ ਹੈ: -

ਤ੍ਰੈ ਗੁਣ ਪੜਹਿ ਹਰਿ ਤਤੁ ਨ ਜਾਣਹਿ॥ ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ॥
ਮੋਹ ਬਿਆਪੇ ਕਿਛੁ ਸੂਝੈ ਨਾਹੀ ਗੁਰ ਸਬਦੀ ਹਰਿ ਪਾਵਣਿਆ॥ (੧੨੮)

ਨਿਗੁਰੇ ਮਨਮੁਖਾਂ ਨੂੰ ਇਹ ਗੱਲ ਕਦਾਚਿੱਤ ਸਮਝ ਨਹੀਂ ਆ ਸਕਦੀ ਕਿ ਤ੍ਰੈ ਗੁਣੀ ਵਿੱਦਿਆਵਾਂ ਸਿਫ਼ਰਾਂ ਦੀ ਨਿਆਈਂ ਹਨ । ਇੱਕ ਨਾਮ ਰੂਪੀ ਏਕੇ ਤੋਂ ਬਿਨਾਂ ਇਨ੍ਹਾਂ ਪੜ੍ਹਾਈਆਂ ਦਾ ਕੋਈ ਮੁੱਲ ਨਹੀਂ । ਬਥੇਰੇ ਸਿਆਣੇ ਪੜ੍ਹਾਈਆਂ ਪੜ੍ਹ-ਪੜ੍ਹ ਹੰਭ ਥੱਕੇ, ਬਥੇਰਿਆਂ ਨੇ ਨਵੇਂ-ਨਵੇਂ ਭੇਖ ਧਾਰ ਕੇ ਦੇਸ ਦੇਸਾਂਤਰਾਂ ਦਾ ਰਟਣ ਕੀਤਾ, ਪ੍ਰੰਤੂ ਕੋਈ ਸੁੱਖ ਦਾ ਸਾਹ ਨਾ ਆਇਆ । ਸਗੋਂ ਦੁੱਖਾਂ ਦੀਆਂ ਭਾਰੀ ਪੰਡਾਂ ਹੀ ਚੁੱਕਣੀਆਂ ਪਈਆਂ ਸਿਰਾਂ ਉੱਤੇ । ਸਤਿਗੁਰੂ ਦੀ ਸ਼ਰਨ ਆਇਆਂ ਸੱਚੀ ਸੋਝੀ ਪੈਂਦੀ ਹੈ ਕਿ ਅਸਲ ਸਚੀ ਸੁਚੀ ਪੜ੍ਹਾਈ ਨਾਮ ਪ੍ਰਾਪਤ ਕੀਤਿਆਂ ਹੀ ਕੀਤੀ ਜਾ ਸਕਦੀ ਹੈ ਐਵੇਂ ਨਹੀਂ, ਜੈਸੇ ਗੁਰ ਫੁਰਮਾਨ ਹੈ: -

ਪੜਿ ਪੜਿ ਪੰਡਿਤ ਮੋਨੀ ਥਕੇ ਦੇਸੰਤਰ ਭਵਿ ਥਕੇ ਭੇਖਧਾਰੀ॥
ਦੂਜੈ ਭਾਇ ਨਾਉ ਕਦੇ ਨ ਪਾਇਨਿ ਦੁਖੁ ਲਾਗਾ ਅਤਿ ਭਾਰੀ॥
ਮੂਰਖ ਅੰਧੇ ਤ੍ਰੈ ਗੁਣ ਸੇਵਹਿ ਮਾਇਆ ਕੈ ਬਿਉਹਾਰੀ॥
ਅੰਦਰਿ ਕਪਟੁ ਉਦਰੁ ਭਰਣ ਕੈ ਤਾਈ ਪਾਠ ਪੜਹਿ ਗਾਵਾਰੀ॥
ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਨ ਹਉਮੈ ਵਿਚਹੁ ਮਾਰੀ॥
ਨਾਨਕ ਪੜਣਾ ਗੁਨਣਾ ਇਕੁ ਨਾਉ ਹੈ ਬੂਝੈ ਕੋ ਬੀਚਾਰੀ॥ (੧੨੪੬)

ਨਾਮ ਤੋਂ ਬਿਨਾਂ ਬਹੁਤੀਆਂ ਪੜ੍ਹਾਈਆਂ ਪੜ੍ਹਨੀਆਂ ਪੜ੍ਹਾਉਣੀਆਂ ਵਾਦ ਵਖਾਨਣਾ ਹੈ ਕਿਉਂਜੋ ਇਨ੍ਹਾਂ ਪੜ੍ਹਾਈਆਂ ਦਾ ਮੁੱਖ ਪ੍ਰਯੋਜਨ ਮਾਇਆ ਦੇ ਲਾਲਚ ਵਿੱਚ ਲਗ ਕੇ ਦੂਜੇ ਭਾਇ ਵਿੱਚ ਪ੍ਰਵੇਸ਼ ਹੋਣਾ ਹੈ । ਐਸੇ ਮੂਰਖਾਂ ਨੂੰ ਜੋ ਦਾਤਾਰ ਵਾਹਿਗੁਰੂ ਨੂੰ ਵਿਸਾਰ ਕੇ ਕੇਵਲ ਤ੍ਰੈਗੁਣੀ ਵਿਦਿਆ ਵਿੱਚ ਹੀ ਖੱਚਤ ਹੋ ਗਏ ਹਨ ਅੱਗੇ ਜ਼ਰੂਰ ਸਜ਼ਾ ਮਿਲੇਗੀ । ਉਨ੍ਹਾਂ ਦੇ ਗਲਾਂ ਵਿੱਚ ਜਮਾਂ ਦਾ ਫਾਹਾ ਪਾਇਆ ਜਾਊ ਤੇ ਉਹ ਚੁਰਾਸੀ ਦੇ ਚੱਕਰ ਵਿੱਚ ਹੀ ਰੱਖੇ ਜਾਣਗੇ । ਜੋ ਗੁਰਮੁਖਿ ਪੂਰਬਲੀ ਲਿਖਤ ਅਨੁਸਾਰ ਸਤਿਗੁਰੂ ਨੂੰ ਮਿਲ ਕੇ ਪੜ੍ਹਾਈਆਂ ਦੇ ਨਾਲ-ਨਾਲ ਅਸਲ ਨਾਮ ਰੂਪੀ ਵਿੱਦਿਆ ਨੂੰ ਦ੍ਰਿੜ੍ਹ ਕਰੀ ਰੱਖਦੇ ਹਨ, ਉਹ ਜ਼ਰੂਰ ਸੱਚੇ ਵਾਹਿਗੁਰੂ ਵਿੱਚ ਸਮਾ ਜਾਣਗੇ ਦਿਨ ਰਾਤ ਨਾਮ ਜਪਣ ਦੇ ਪ੍ਰਤਾਪ ਕਰਕੇ । ਹੇਠ ਲਿਖੀਆਂ ਤੁਕਾਂ ਉੱਕਤ ਭਾਵ ਨੂੰ ਭਲੀ ਭਾਂਤ ਸਮੱਸ਼ਟਾਉਂਦੀਆਂ ਹਨ: -

-ਪੜਿ ਪੜਿ ਪੰਡਿਤ ਵਾਦੁ ਵਖਾਣਦੇ ਮਾਇਆ ਮੋਹ ਸੁਆਇ॥
ਦੂਜੈ ਭਾਇ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ॥
ਜਿਨਿ੍ ਕੀਤੇ ਤਿਸੈ ਨ ਸੇਵਨ੍ੀ ਦੇਦਾ ਰਿਜਕੁ ਸਮਾਇ॥
ਜਮ ਕਾ ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵਹਿ ਜਾਇ॥
ਜਿਨ ਕਉ ਪੂਰਬਿ ਲਿਖਿਆ ਸਤਿਗੁਰੁ ਮਿਲਿਆ ਤਿਨ ਆਇ॥
ਅਨਦਿਨੁ ਨਾਮੁ ਧਿਆਇਦੇ ਨਾਨਕ ਸਚਿ ਸਮਾਇ॥ (੧੨੪੯)

- ਤ੍ਰੈ ਗੁਣ ਸਭਾ ਧਾਤੁ ਹੈ ਪੜਿ ਪੜਿ ਕਰਹਿ ਵੀਚਾਰੁ॥ ਮੁਕਤਿ ਕਦੇ ਨ ਹੋਵਈ ਨਹੁ ਪਾਇਨਿ੍ ਮੋਖ ਦੁਆਰੁ॥
ਬਿਨੁ ਸਤਿਗੁਰ ਬੰਧਨ ਨ ਤੁਟਹੀ ਨਾਮਿ ਨ ਲਗੈ ਪਿਆਰੁ॥ ਪੜਿ ਪੜਿ ਪੰਡਿਤ ਮੋਨੀ ਥਕੇ ਬੇਦਾਂ ਕਾ ਅਭਿਆਸੁ॥
ਹਰਿ ਨਾਮੁ ਚਿਤਿ ਨ ਆਵਈ ਨਹ ਨਿਜ ਘਰਿ ਹੋਵੈ ਵਾਸੁ॥
ਜਮਕਾਲੁ ਸਿਰਹੁ ਨ ਉਤਰੈ ਅੰਤਰਿ ਕਪਟ ਵਿਣਾਸੁ॥ (੧੨੭੭)

ਸਚੇ ਨਾਮ ਰੂਪੀ ਇੱਕੋ ਗੱਲ ਬੁੱਝੇ ਬਿਨਾਂ ਮਨਮੁਖ ਭਾਵੇਂ ਸਾਰੀ ਉਮਰ ਹੀ ਕਿਉਂ ਨਾ ਪੜ੍ਹੀ ਜਾਣ । ਪੜ੍ਹ ਪੜ੍ਹ ਕੇ ਢੋਕੀਆਂ ਕਿਤਾਬਾਂ ਦੇ ਗੱਡੇ ਵੀ ਕਿਉਂ ਨਾ ਲੱਦ ਲੈਣ । ਐਸਾ ਕਰਨਾ ਸਾਰੇ ਦਾ ਸਾਰਾ ਸਿਰ ਖਪਾਈ ਹੀ ਹੈ ਉਨ੍ਹਾਂ ਦੀ, ਪੱਲੇ ਪੈਣ ਨੂੰ ਕੁਝ ਨਹੀਂ । ਕਿਉਂਜੋ ਨਾਮ ਰਾਹੀਂ ਸੱਚੇ ਵਾਹਿਗੁਰੂ ਦੀ ਸਿਫਤਿ ਸਾਲਾਹ ਕਰਨ ਤੋਂ ਬਿਨਾਂ ਅਕਲਾਂ ਸਿਆਣਪਾਂ, ਬੁੱਧੀਆਂ ਅਤੇ ਮੱਤਾਂ ਸਭ ਮਿਥਿਆ ਹਨ । ਨਾਮ ਦੇ ਅਸਲੀ ਵਪਾਰ ਬਿਨਾਂ ਮਨੁੱਖਾ ਜਨਮ ਹੀ ਬਿਰਥਾ ਜਾਂਦਾ ਹੈ । ਯਥਾ ਗੁਰਵਾਕ: -

- ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥ ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥ ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ (੪੬੭)

- ਪੜ੍ਹੀਐ ਨਾਮੁ ਸਾਲਾਹ ਹੋਰਿ ਬੁਧੀ ਮਿਥਿਆ॥ ਬਿਨੁ ਸਚੇ ਵਾਪਾਰ ਜਨਮੁ ਬਿਰਥਿਆ॥ (੧੨੮੯)

ਕਹੌਤੀ ਵਿੱਦਿਆ ਦਾ ਜਗ ਤੇ ਪਹਿਲੋਂ ਹੀ ਕੋਈ ਘਾਟਾ ਨਹੀਂ । ਜੇਕਰ ਇਸ ਪ੍ਰਕਾਰ ਦੀ ਵਿਦਿਆ ਦਾ ਪ੍ਰਕਾਸ਼ ਕਰਨ ਲਈ ਸੈਂਕੜੇ ਚੰਦਰਮਾਂ ਅਤੇ ਹਜ਼ਾਰਾਂ ਸੂਰਜ ਹੋਰ ਚੜ੍ਹ ਪੈਣ ਤਾਂ ਵੀ ਪੂਰੇ ਗੁਰੂ ਸਤਿਗੁਰੂ ਦੀ ਸਚੀ ਸਿੱਖਿਆ ਲਏ ਬਿਨਾਂ ਘੁੱਪ ਹਨੇਰਾ ਹੀ ਰਹੇਗਾ ਇਸ ਦੁਨੀਆਂ ਅੰਦਰਿ । ਯਥਾ ਗੁਰਵਾਕ: -

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥ (੪੬੩)

ਸੋ ਸਿੱਧ ਹੋਇਆ ਕਿ ਮਨਮੁਖਾਂ ਦੀਆਂ ਫੋਕੀਆਂ ਪੜ੍ਹਾਈਆਂ ਕੁਝ ਨਹੀਂ ਸੰਵਾਰ ਸਕਦੀਆਂ ਅਸਲ ਸਚੀ ਸੁਚੀ ਗੁਰਮਤਿ ਵਿਦਿਆ ਬਿਨਾਂ । ਇਸੇ ਲਈ ਧੁਰ ਕੀ ਆਈ ਬਾਣੀ ਨੇ ਜ਼ੋਰ ਦਿੱਤਾ ਹੈ ਅਸਲ ਪੜ੍ਹਾਈ ਦੇ ਸਮਝਣ ਉੱਤੇ, ਵੀਚਾਰਨ ਉੱਤੇ, ਬੁੱਝਣ ਉੱਤੇ, ਦ੍ਰਿੜ੍ਹ ਕਰਨ ਅਤੇ ਇਸ ਨੂੰ ਮਨ ਵਿਖੇ ਵਸਾਉਣ ਉੱਤੇ । ਤਾਂ ਕਿਤੇ ਜਾ ਕੇ ਦ੍ਰਿਸ਼ਟੀਕੋਣ ਬਦਲ ਸਕਦਾ ਹੈ ਪ੍ਰਾਣੀਆਂ ਦਾ ਵਿਦਿਆ ਬਾਰੇ । ਇਸ ਭਾਵ ਨੂੰ ਪ੍ਰਗਟ ਕਰਨ ਲਈ ਹੇਠ ਲਿਖੇ ਗੁਰਵਾਕ ਭਲੀ ਪ੍ਰਕਾਰ ਚਾਨਣਾ ਪਾਉਂਦੇ ਹਨ: –

– ਇਸੁ ਜੁਗ ਕਾ ਧਰਮੁ ਪੜਹੁ ਤੁਮ ਭਾਈ॥ ਪੂਰੈ ਗੁਰਿ ਸਭ ਸੋਝੀ ਪਾਈ॥ ਐਥੈ ਅਗੈ ਹਰਿ ਨਾਮੁ ਸਖਾਈ॥
ਰਾਮ ਪੜਹੁ ਮਨਿ ਕਰਹੁ ਬੀਚਾਰੁ॥ ਗੁਰ ਪਰਸਾਦੀ ਮੈਲੁ ਉਤਾਰੁ॥ (੨੩੦)

– ਹਉ ਵਾਰੀ ਜੀਉ ਵਾਰੀ ਪੜਿ ਬੁਝਿ ਮੰਨਿ ਵਸਾਵਣਿਆ॥
ਗੁਰਮੁਖਿ ਪੜਹਿ ਹਰਿ ਨਾਮੁ ਸਲਾਹਹਿ ਦਰਿ ਸਚੈ ਸੋਭਾ ਪਾਵਣਿਆ॥ (੧੨੭)

– ਵਿਣੁ ਨਾਵੈ ਹੋਰੁ ਸਲਾਹਣਾ ਸਭੁ ਬੋਲਣੁ ਫਿਕਾ ਸਾਦੁ॥ ਮਨਮੁਖ ਅਹੰਕਾਰੁ ਸਲਾਹਦੇ ਹਉਮੈ ਮਮਤਾ ਵਾਦੁ॥
ਜਿਨ ਸਾਲਾਹਨਿ ਸੇ ਮਰਹਿ ਖਪਿ ਜਾਵੈ ਸਭੁ ਅਪਵਾਦੁ॥
ਜਨ ਨਾਨਕ ਗੁਰਮੁਖਿ ਉਬਰੇ ਜਪਿ ਹਰਿ ਹਰਿ ਪਰਮਾਨਾਦੁ॥ (੩੦੧)

– ਗੁਰਮੁਖਿ ਅੰਤਰਿ ਸਾਂਤਿ ਹੈ ਮਨਿ ਤਨਿ ਨਾਮਿ ਸਮਾਇ॥ ਨਾਮੋ ਚਿਤਵੈ ਨਾਮੁ ਪੜੈ ਨਾਮਿ ਰਹੈ ਲਿਵ ਲਾਇ॥ (੬੫੩)

– ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ ਹਰਿ ਭਉਜਲੁ ਪਾਰਿ ਉਤਾਰੀ॥
ਮਨਿ ਬਚਨਿ ਰਿਦੈ ਧਿਆਇ ਹਰਿ ਹੋਇ ਸੰਤੁਸਟੁ ਇਵ ਭਣੁ ਹਰਿ ਨਾਮੁ ਮੁਰਾਰੀ॥ (੬੬੯)

– ਹਰਿ ਪੜੀਐ ਹਰਿ ਬੁਝੀਐ ਗੁਰਮਤੀ ਨਾਮਿ ਉਧਾਰਾ॥ ਗੁਰਿ ਪੂਰੈ ਪੂਰੀ ਮਤਿ ਹੈ ਪੂਰੈ ਸਬਦਿ ਬੀਚਾਰਾ॥ (੧੦੦੯)

– ਛੋਡਿਹੁ ਨਿੰਦਾ ਤਾਤਿ ਪਰਾਈ॥ ਪੜਿ ਪੜਿ ਦਝਹਿ ਸਾਤਿ ਨ ਆਈ॥
ਮਿਲਿ ਸਤਸੰਗਤਿ ਨਾਮੁ ਸਲਾਹਹੁ ਆਤਮ ਰਾਮੁ ਸਖਾਈ ਹੇ॥ (੧੦੨੬)

– ਕੂੜਿ ਮੁਠੀ ਚਾਲੈ ਬਹੁ ਰਾਹੀ॥ ਮਨਮੁਖੁ ਦਾਝੈ ਪੜਿ ਪੜਿ ਭਾਹੀ॥
ਅੰਮ੍ਰਿਤ ਨਾਮੁ ਗੁਰੂ ਵਡ ਦਾਣਾ ਨਾਮੁ ਜਪਹੁ ਸੁਖ ਸਾਰਾ ਹੇ॥ (੧੦੨੯)

– ਜਪਿ ਮਨ ਰਾਮ ਨਾਮੁ ਪੜ੍ਹ ਸਾਰੁ॥ ਰਾਮ ਨਾਮ ਬਿਨੁ ਥਿਰੁ ਨਹੀ ਕੋਈ ਹੋਰੁ ਨਿਹਫਲ ਸਭੁ ਬਿਸਥਾਰੁ॥ (੧੨੦੦)

– ਲੇਖਾ ਪੜੀਐ ਹਰਿ ਨਾਮੁ ਫਿਰਿ ਲੇਖੁ ਨ ਹੋਈ॥ ਪੁਛਿ ਨ ਸਕੈ ਕੋਇ ਹਰਿ ਦਰਿ ਸਦ ਢੋਈ॥
ਜਮਕਾਲੁ ਮਿਲੈ ਦੇ ਭੇਟ ਸੇਵਕੁ ਨਿਤ ਹੋਈ॥ (੧੨੪੮)

– ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ॥
ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ॥ (੧੩੨੯)

– ਹਰਿ ਪੜਣਾ ਹਰਿ ਬੁਝਣਾ ਹਰਿ ਸਿਉ ਰਖਹੁ ਪਿਆਰੁ॥
ਹਰਿ ਜਪੀਐ ਹਰਿ ਧਿਆਈਐ ਹਰਿ ਕਾ ਨਾਮੁ ਅਧਾਰੁ॥ (੯੩੭)

ਸੋ ਠੀਕ ਸਮਝ ਪੈ ਰਹੀ ਹੈ ਕਿ ਮਨਮੁਖਾਂ ਨੂੰ ਇਸ ਤ੍ਰੈਗੁਣੀ ਵਿਦਿਆ ਨਾਲ ਸਚਾ ਸੁੱਖ ਨਹੀਂ ਮਿਲ ਸਕਦਾ ।

ਪ੍ਰਸ਼ਨ: – ਕੀ ਚੰਗੀਆਂ ਮੰਦੀਆਂ ਪੁਸਤਕਾਂ ਬਾਰੇ ਵੀ ਕੋਈ ਫ਼ੈਸਲਾ ਆਇਆ ਹੈ ਗੁਰਬਾਣੀ ਅੰਦਰਿ?

ਉੱਤਰ: – ਜਿਹੜੀ ਕਿਤਾਬ ਵਾਹਿਗੁਰੂ ਨੂੰ ਭੁਲਾ ਕੇ ਕਿਸੇ ਹੋਰ ਪਾਸੇ ਦਾ ਪਿਆਰ ਪੁਆਵੇ ਉਸ ਨੂੰ ਸਣੇ ਕਲਮ ਸਿਆਹੀ ਅਤੇ ਕਾਗ਼ਜ਼ ਦੇ ਜਲਾ ਦੇਣਾ ਚਾਹੀਦਾ ਹੈ, ਬਲਕਿ ਉਸ ਦੇ ਲਿਖਾਰੀ ਨੂੰ ਵੀ ਨਾਲ ਹੀ ਫੂਕ ਦੇਣਾ ਉਚਿਤ ਹੈ ਜਿਸ ਨੇ ਐਸੀ ਪੁਸਤਕ ਲਿਖ ਕੇ ਉਸ ਦੇ ਪੜ੍ਹਨ ਵਾਲਿਆਂ ਨੂੰ ਭਗਤੀ ਮਾਰਗ ਤੋਂ ਦੂਜੇ ਭਾਵ ਵਿੱਚ ਲਾ ਕੇ ਭਾਰੀ ਗੁਨਾਹ ਕੀਤਾ ਹੈ । ਯਥਾ ਗੁਰਵਾਕ:

– ਕਲਮ ਜਲਉ ਸਣੁ ਮਸਵਾਣੀਐ ਕਾਗਦੁ ਭੀ ਜਲਿ ਜਾਉ॥
ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ॥ (੮੪)

– ਲਿਖਦਿਆ ਲਿਖਦਿਆ ਕਾਗਦ ਮਸੁ ਖੋਈ॥ ਦੂਜੈ ਭਾਇ ਸੁਖੁ ਪਾਏ ਨ ਕੋਈ॥
ਕੂੜੁ ਲਿਖਹਿ ਤੈ ਕੂੜੁ ਕਮਾਵਹਿ ਜਲਿ ਜਾਵਹਿ ਕੂੜਿ ਚਿਤੁ ਲਾਵਣਿਆ॥ (੧੨੩)

ਇਸ ਤੋਂ ਉਲਟ ਉਹ ਪੁਸਤਕ ਜ਼ਰੂਰ ਪੜ੍ਹਨਯੋਗ ਤੇ ਸ਼ਲਾਘਾਯੋਗ ਹੈ ਜਿਸ ਦੇ ਪੜ੍ਹਨ ਕਰਕੇ ਪ੍ਰਾਣੀ ਨਾਮ ਵਿੱਚ ਪ੍ਰਵੇਸ਼ ਹੋ ਕੇ ਆਪਣੇ ਮਨੁੱਖਾ ਜਨਮ ਨੂੰ ਸਫ਼ਲ ਕਰਨ ਯੋਗ ਹੋ ਜਾਵੇ । ਯਥਾ ਗੁਰਵਾਕ: –

– ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ॥ ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ॥ (੧੨੯੧)

– ਗੁਰਮੁਖਿ ਸਚੋ ਸਚੁ ਲਿਖਹਿ ਵੀਚਾਰੁ॥ ਸੇ ਜਨ ਸਚੇ ਪਾਵਹਿ ਮੋਖ ਦੁਆਰੁ॥
ਸਚੁ ਕਾਗਦੁ ਕਲਮ ਮਸਵਾਣੀ ਸਚੁ ਲਿਖਿ ਸਚਿ ਸਮਾਵਣਿਆ॥ (੧੨੩)

ਐਸੀ ਪੁਸਤਕ ਦੇ ਕਾਗ਼ਜ਼ ਤੋਂ ਬਲਿ ਬਲਿ ਜਾਈਏ । ਜਿਸ ਕਲਮ ਨਾਲ ਐਸੀ ਧਰਮ ਪੋਥੀ ਲਿਖੀ ਗਈ ਹੈ ਉਸ ਤੋਂ ਵੀ ਵਾਰਨੇ ਬਲਿਹਾਰਨੇ ਜਾਣਾ ਚਾਹੀਦਾ ਹੈ । ਜਿਸ ਦਵਾਤ ਅਤੇ ਸਿਆਹੀ ਨਾਲ ਇਹ ਉਤਮ ਪੋਥੀ ਅੰਕਿਤ ਕੀਤੀ ਗਈ ਉਸ ਤੋਂ ਵੀ ਚੌਖੰਨੀਐ ਹੋਵੇ । ਇਸ ਦਾ ਲਿਖਾਰੀ ਵਡਭਾਗਾ ਪੁਰਸ਼ ਵੀ ਧੰਨਤਾ ਯੋਗ ਹੈ ਜਿਸ ਨੇ ਆਪਣੀ ਪੁਸਤਕ ਵਿੱਚ ਨਾਮ ਦਾ ਲੇਖਾ ਲਿਖ ਕੇ ਸਚੇ ਸੁਚੇ ਪ੍ਰਚਾਰ ਦਾ ਬਾਨ੍ਹ੍ਹੂ ਬੰਨ੍ਹਿਆ । ਐਸੇ ਪ੍ਰਾਣੀ ਜ਼ਰੂਰ ਸੱਚ ਵਿੱਚ ਹੀ ਸਮਾਉਣਗੇ ।

ਪ੍ਰਸ਼ਨ: – ਮਨਮੁਖਾਂ ਦੇ ਆਪਣੇ ਮਨਉਕਤ ਜਾਂ ਸੁਣੇ ਸੁਣਾਏ ਕੀਤੇ ਅਨਿਕ ਪ੍ਰਕਾਰੀ ਕਰਮ ਧਰਮ, ਜਾਪ ਤਾਪ, ਸੁਚ ਸੰਜਮ, ਪੁੰਨ ਦਾਨ ਆਦਿ ਕਰਮਾਂ ਦਾ ਅੱਗੇ ਦਰਗਾਹੇ ਕਿਤਨਾ ਕੁ ਫਲ ਮਿਲਦਾ ਹੈ?

ਉੱਤਰ: – ਇਸ ਪ੍ਰਸ਼ਨ ਦਾ ਉੱਤਰ ਲੈਣ ਲਈ ਗੁਰਬਾਣੀ ਦੇ ਕੁਝ ਕੁ ਫ਼ੈਸਲੇ ਇਸ ਪ੍ਰਕਾਰ ਹਨ: –

– ਬਿਨੁ ਗੁਰ ਕਿਨੈ ਨ ਪਾਇਓ ਬਿਰਥਾ ਜਨਮੁ ਗਵਾਇ॥ ਮਨਮੁਖ ਕਰਮ ਕਮਾਵਣੇ ਦਰਗਹ ਮਿਲੈ ਸਜਾਇ॥ (੩੩)

ਮਨੁੱਖਾ ਜਨਮ ਨਾਮ ਜਪਣ ਲਈ ਮਿਲਿਆ ਹੈ । ਨਾਮ ਤੋਂ ਬਿਨਾਂ ਮਾਣਸ ਜਨਮ ਹੀ ਬਿਰਥਾ ਹੈ । ਨਾਮ ਗੁਰੂ ਬਿਨਾਂ ਮਿਲ ਨਹੀਂ ਸਕਦਾ, ਸਤਿਗੁਰੂ ਬਾਝੋਂ ਗੁਰੂ ਕੋਈ ਹੋ ਨਹੀਂ ਸਕਦਾ । ਬਗ਼ੈਰ ਨਾਮ ਤੋਂ ਜਿਤਨੇ ਪ੍ਰਕਾਰ ਦੇ ਕਰਮ ਮਨਮੁਖ ਕਰਦੇ ਹਨ ਉਨ੍ਹਾਂ ਸਮੂਹ ਕਰਮ ਕੀਤਿਆਂ ਦੀਆਂ ਅੱਗੇ ਦਰਗਾਹੇ ਸਗਵਾਂ ਸਜਾਵਾਂ ਭੁਗਤਣੀਆਂ ਪੈਂਦੀਆਂ ਹਨ ।

ਹਰੀ ਨਾਮ ਤੋਂ ਬਿਨਾਂ ਹੋਰ ਕਰਮ ਫ਼ਜ਼ੂਲ ਹਨ । ਮਨਉਕਤ ਕੀਤੇ ਜਪ ਤਪ ਸੰਜਮ ਆਦਿ ਕਰਮ ਜਮ ਜਗਾਤਿ ਵਜੋਂ ਹੀ ਰਸਤੇ ਵਿੱਚ ਲੁੱਟ ਲਏ ਜਾਂਦੇ ਹਨ । ਇਸ ਤੋਂ ਬਿਨਾਂ ਬਰਤ ਨੇਮ ਸੰਜਮ ਆਦਿ ਕਰਮਾਂ ਦਾ ਮੁੱਲ ਵੀ ਅੱਧੀ ਦਮੜੀ ਨਹੀਂ

ਪੈਂਦਾ ਅੱਗੇ ਜਾ ਕੇ । ਇਸ ਪ੍ਰਕਾਰ ਦੇ ਕੀਤੇ ਕਰਮ ਕਿਸੇ ਕੰਮ ਨਹੀਂ ਆਉਂਦੇ । ਘਰ-ਬਾਰ ਛੱਡ ਕੇ ਦੁਨੀਆਂ ਤੇ ਭਰਮਦੇ ਫਿਰਨਾ ਅਤੇ ਅਠਸਠ ਤੀਰਥਾਂ ਦਾ ਇਸ਼ਨਾਨ ਕਰਨਾ ਵੀ ਐਥੋਂ ਦੇ ਲੋਕਾਂ ਦੀ ਵਾਹ ਵਾਹ ਤਾਂ ਦਿਵਾ ਸਕਦਾ ਹੈ ਪ੍ਰੰਤੂ ਅੱਗੇ ਜਾ ਕੇ ਕਿਸੇ ਕੰਮ ਨਹੀਂ ਆਉਂਦਾ । ਇਸ ਤੋਂ ਬਿਨਾਂ ਚਾਰੋਂ ਬੇਦਾਂ ਨੂੰ ਕੰਠ ਕਰਕੇ ਮੂੰਹ ਜ਼ਬਾਨੀ ਪਾਠ ਕਰਦੇ ਰਹਿਣਾ ਵੀ ਲੇਖੇ ਨਹੀਂ ਪੈਂਦਾ ਅਗਲੀ ਦਰਗਾਹੇ । ਸ਼ੁੱਧ ਅੱਖਰ ਨਾਮ ਦੀ ਗੱਲ ਸਮਝੇ ਬਿਨਾਂ ਬੇਦਾਂ ਸ਼ਾਸਤ੍ਰਾਂ ਦਾ ਪੜ੍ਹਨਾ ਪੜ੍ਹਾਉਣਾ ਵੀ ਨਿਰਾ ਖਪਣ ਖਪਾਉਣ ਵਾਲੀ ਗੱਲ ਹੀ ਹੈ । ਗੁਰੂ ਘਰ ਦੀ ਇੱਕੋ ਇੱਕ ਗੱਲ ਤਾਂ ਇੱਕੋ ਇੱਕ ਗੁਰੂ ਪਾਸੋਂ ਨਾਮ ਦੀ ਪ੍ਰਾਪਤੀ ਕਰਕੇ ਸਾਸਿ ਗਿਰਾਸਿ ਇਸ ਦਾ ਅਭਿਆਸ ਕਰੀ ਜਾਣਾ, ਪਾਰ ਉਤਾਰਾ ਕਰਵਾਉਣ ਨੂੰ ਸਮਰੱਥ ਹੈ । ਇਸ ਤੋਂ ਛੁੱਟ ਜਿਤਨੇ ਵੀ ਹੋਰ ਕਰਮ ਹਨ ਹਉਮੈ ਹੰਕਾਰ ਨੂੰ ਪੱਠੇ ਪਾ ਕੇ ਤਕੜੇ ਕਰਨ ਵਾਲੀਆਂ ਗੱਲਾਂ ਹਨ । ਯਥਾ ਗੁਰਵਾਕ : -

- ਹਰਿ ਬਿਨੁ ਅਵਰ ਕ੍ਰਿਆ ਬਿਰਥੇ॥ ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ॥ ਰਹਾਉ॥
ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ॥
ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ॥
ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ॥
ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ॥
ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ॥
ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ॥
ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰ ਗਰਾਮੀ॥
ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ॥ (੨੧੬)

ਮਨਮੁਖਾਂ ਦੇ ਸਮੂਹ ਕਰਮ ਲੋਕ ਦਿਖਾਵੇ ਵਾਲੇ ਹੁੰਦੇ ਹਨ । ਉਨ੍ਹਾਂ ਦੀਆਂ ਬਹੁਤੀਆਂ ਸਿਆਣਪਾਂ ਚਤੁਰਾਈਆਂ ਸਗੋਂ ਕਿਸੇ ਕੰਮ ਨੂੰ ਵੀ ਥਾਂ ਨਹੀਂ ਪੈਣ ਦਿੰਦੀਆਂ । ਉਨ੍ਹਾਂ ਨੂੰ ਅੱਗੇ ਕੋਈ ਪੱਕਾ ਠਿਕਾਣਾ ਤਾਂ ਕੀ ਮਿਲਣਾ ਸੀ, ਉਨ੍ਹਾਂ ਨੂੰ ਤਾਂ ਸਗਵਾਂ ਚਉਰਾਸੀ ਦੇ ਗੇੜੇ ਵਿੱਚ ਹੀ ਸਦਾ ਰੱਖਿਆ ਜਾਂਦਾ ਹੈ । ਯਥਾ ਗੁਰਵਾਕ: -

ਮਨਮੁਖਿ ਡੰਫੁ ਬਹੁਤੁ ਚਤੁਰਾਈ॥ ਜੋ ਕਿਛੁ ਕਮਾਵੈ ਸੁ ਥਾਇ ਨ ਪਾਈ॥
ਆਵੈ ਜਾਵੈ ਠਉਰ ਨ ਕਾਈ॥ (੨੩੦)

ਨਾਮ ਨੂੰ ਭੁਲਾ ਕੇ ਦੂਜੇ ਭਾ ਵਿੱਚ ਲੱਗ ਕੇ ਹੋਰ ਕਰਮ ਕਰਕੇ ਪੁੱਠੇ ਰਸਤੇ ਪੈਣ ਵਾਲੀ ਗੱਲ ਹੈ । ਇਸੇ ਲਈ ਮਨਮੁਖ ਸੰਸਾਰ ਸਮੁੰਦਰ ਵਿੱਚ ਹੀ ਮਰ ਖਪ ਜਾਂਦੇ ਹਨ । ਯਥਾ ਗੁਰਵਾਕ: -

ਮਨਮੁਖ ਅਗਿਆਨਿ ਕੁਮਾਰਗਿ ਪਾਏ॥ ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ॥
ਭਵਜਲਿ ਡੂਬੇ ਦੂਜੈ ਭਾਏ॥ (੨੩੧)

ਨਾਮ ਤੋਂ ਬਿਨਾਂ ਅੱਗੇ ਕੋਈ ਕਰਮ ਮੰਨਿਆ ਹੀ ਨਹੀਂ ਜਾ ਸਕਦਾ, ਇਹ ਪੱਕਾ ਕਾਨੂੰਨ ਹੈ ਸੱਚੀ ਦਰਗਾਹ ਦਾ । ਮਨਮੁਖ ਨਾਮ ਜਪ ਹੀ ਨਹੀਂ ਸਕਦੇ । ਇਸ ਲਈ ਮਨਮੁਖਾਂ ਦੀ ਅੱਗੇ ਜਾ ਕੇ ਬਹੁਤ ਬੇਇੱਜ਼ਤੀ ਕੀਤੀ ਜਾਂਦੀ ਹੈ । ਉਨ੍ਹਾਂ ਨੂੰ ਜਮਪੁਰੀ ਵਿਖੇ ਨਰੜ ਕੇ ਖੂਬ ਮਾਰਿਆ ਪਿੱਟਿਆ ਜਾਂਦਾ ਹੈ । ਕੋਈ ਨਹੀਂ ਸੁਣਦਾ ਉਨ੍ਹਾਂ ਦਾ ਜਪਾਂ ਤਪਾਂ ਦੀ ਗੱਲ ਨੂੰ । ਤਾਂ ਤੇ ਮਨਮੁਖਾਂ ਦਾ ਜਨਮ ਹੀ ਬਿਰਥਾ ਜਾਂਦਾ ਹੈ । ਯਥਾ ਗੁਰਵਾਕ: -

ਬਿਨੁ ਨਾਵੈ ਕੋਇ ਨ ਮੰਨੀਐ ਮਨਮੁਖਿ ਪਤਿ ਗਵਾਈ॥
ਜਮ ਪੁਰਿ ਬਾਧੇ ਮਾਰੀਅਹਿ ਬਿਰਥਾ ਜਨਮੁ ਗਵਾਈ॥ (੪੨੬)

ਸੱਚੀ ਗੱਲ ਤਾਂ ਇਹ ਹੈ ਕਿ ਮਨਮੁਖ ਕਰਮ ਧਰਮ ਸੁਚ ਸੰਜਮ ਆਦਿ ਕਰਮ ਵੀ ਲੋਭ ਲਾਲਚ ਦੇ ਅਧੀਨ ਹੀ ਕਰਦੇ ਹਨ । ਇਹੀ ਕਾਰਨ ਹੈ ਕਿ ਉਨ੍ਹਾਂ ਨੂੰ ਅੱਗੇ ਜਾ ਕੇ ਖੁਆਰ ਹੀ ਹੋਣਾ ਪੈਂਦਾ ਹੈ । ਯਥਾ ਗੁਰਵਾਕ: -

ਕਰਮ ਧਰਮ ਸੁਚ ਸੰਜਮ ਕਰਹਿ ਅੰਤਰਿ ਲੋਭੁ ਵਿਕਾਰੁ॥
ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨਾ ਪਵੈ ਦਰਗਹਿ ਹੋਇ ਖੁਆਰੁ॥ (੫੫੨)

ਨਾਮ ਤੋਂ ਬਿਨਾਂ ਮਨ ਨਿਰਮਲ ਨਹੀਂ ਹੋ ਸਕਦਾ । ਮੈਲੇ ਮਨ ਦੀ ਪੂਜਾ ਦੂਜੇ ਭਾ ਵਿੱਚ ਲਾਉਣ ਵਾਲੀ ਹੋਣ ਕਰਕੇ ਨਿਸਫਲ ਹੀ ਜਾਂਦੀ ਹੈ । ਵਾਹਿਗੁਰੂ ਨੂੰ ਸੱਚੇ ਨਾਮ ਤੋਂ ਹੋਰ ਕੋਈ ਪੂਜਾ ਚੰਗੀ ਹੀ ਨਹੀਂ ਲਗਦੀ । ਤਾਂਤੇ ਮਨਮੁਖਾਂ ਦੀ ਪੂਜਾ ਪਾਠ ਸਭ ਐਵੇਂ ਜਾਂਦੇ ਹਨ । ਯਥਾ ਗੁਰਵਾਕ: -

ਹਰਿ ਸਾਚੇ ਭਾਵੈ ਸਾ ਪੂਜਾ ਹੋਵੈ ਭਾਣਾ ਮਨਿ ਵਸਾਈ॥
ਪੂਜਾ ਕਰੈ ਸਭੁ ਲੋਕੁ ਸੰਤਹੁ ਮਨਮੁਖਿ ਥਾਇ ਨ ਪਾਈ॥
ਸਬਦਿ ਮਰੈ ਮਨੁ ਨਿਰਮਲੁ ਸੰਤਹੁ ਏਹ ਪੂਜਾ ਥਾਇ ਪਾਈ॥
ਪਵਿਤ ਪਾਵਨ ਸੇ ਜਨ ਸਾਚੇ ਏਕ ਸਬਦਿ ਲਿਵ ਲਾਈ॥
ਬਿਨੁ ਨਾਵੈ ਹੋਰ ਪੂਜ ਨ ਹੋਵੀ ਭਰਮਿ ਭੁਲੀ ਲੋਕਾਈ॥
ਗੁਰਮੁਖਿ ਆਪੁ ਪਛਾਣੈ ਸੰਤਹੁ ਰਾਮ ਨਾਮਿ ਲਿਵ ਲਾਈ॥ (੯੧੦)

ਮਨਮੁਖਾਂ ਦੀ ਮੱਤ ਚੰਚਲ ਹੁੰਦੀ ਹੈ । ਉਨ੍ਹਾਂ ਦੇ ਦਿਲ ਸਿਆਣਪਾਂ ਚਤੁਰਾਈਆਂ ਨਾਲ ਭਰੇ ਪਏ ਹੁੰਦੇ ਹਨ । ਉਹ ਪੁੰਨ ਦਾਨ ਆਦਿ ਕਰਮ ਵੀ ਹੋਰ ਬਹੁਤੀਆਂ ਖੱਟੀਆਂ ਕਰਨ ਲਈ ਕਰਦੇ ਹਨ । ਪਏ ਕਰਦੇ ਫਿਰਨ ਪਤਾ ਲਗੂ ਉਨ੍ਹਾਂ ਨੂੰ ਅੱਗੇ ਜਾ ਕੇ ਜਦੋਂ ਕੀਤਾ ਕਰਾਇਆ ਸਭ ਬਿਰਥਾ ਗਇਆ ਭੰਗ ਦੇ ਭਾੜੇ । ਜਮਕਾਲ ਉਨ੍ਹਾਂ ਨੂੰ ਦੂਜੇ ਭਾ ਵਿੱਚ ਲੱਗਿਆਂ ਨੂੰ ਅੱਗੇ ਜ਼ਰੂਰ ਖੁਆਰ ਕਰੂਗਾ । ਜੇ ਅਜੇ ਵੀ ਬਚਣਾ ਚਾਹੁੰਦੇ ਹਨ ਤਾਂ ਸਤਿਗੁਰੂ ਦੀ ਸ਼ਰਨੀ ਆ ਪੈਣ । ਅਜੇ ਕੁਝ ਨਹੀਂ ਬਿਗੜਿਆ, ਡੁੱਲ੍ਹੇ ਬੇਰਾਂ ਦਾ। ਯਥਾ ਗੁਰਵਾਕ: -

ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ॥
ਕੀਤਾ ਕਰਤਿਆ ਬਿਰਥਾ ਗਇਆ ਇਕੁ ਤਿਲੁ ਥਾਇ ਨ ਪਾਈ॥
ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥
ਬਿਨੁ ਸਤਿਗੁਰੂ ਜਮਕਾਲੁ ਨ ਛੋਡਈ ਦੂਜੈ ਭਾਇ ਖੁਆਈ॥ (੧੪੧੪)

ਮਨਮੁਖਾਂ ਦੇ ਕਰਮਾਂ ਬਾਰੇ ਕੁਝ ਹੋਰ ਪ੍ਰਮਾਣ ਵੀ ਮਿਲਦੇ ਹਨ: -

-ਜਪੁ ਤਪੁ ਸੰਜਮੁ ਮਨੈ ਮਾਹਿ ਬਿਨੁ ਨਾਵੈ ਧ੍ਰਿਗੁ ਜੀਵਾਸੁ॥ ਗੁਰਮਤੀ ਨਾਉ ਪਾਈਐ ਮਨਮੁਖ ਮੋਹਿ ਵਿਣਾਸੁ॥ (੮੬)

- ਬਹੁ ਕਰਮ ਕਰੇ ਸਤਿਗੁਰੁ ਨਹੀ ਪਾਇਆ॥ ਬਿਨੁ ਗੁਰ ਭਰਮਿ ਭੁਲੇ ਬਹੁ ਮਾਇਆ॥
ਹਉਮੈ ਮਮਤਾ ਬਹੁ ਮੋਹੁ ਵਧਾਇਆ॥ ਦੂਜੈ ਭਾਇ ਮਨਮੁਖਿ ਦੁਖੁ ਪਾਇਆ॥ (੧੨੬੧)

- ਮਨਮੁਖ ਕਰਮ ਕਰੈ ਅਜਾਈ॥ ਜਿਉ ਬਾਲੂ ਘਰ ਠਉਰ ਨ ਠਾਈ॥ (੧੩੪੮)

- ਮਨਮੁਖ ਮੁਗਧ ਕਰਹਿ ਚਤੁਰਾਈ॥ ਨਾਤਾ ਧੋਤਾ ਥਾਇ ਨ ਪਾਈ॥ (੧੧੪)

- ਹਰਿ ਅੰਤਰਿ ਬਾਹਰਿ ਨਾਲਿ ਹੈ ਮੇਰੀ ਜਿੰਦੁੜੀਏ ਸਭ ਵੇਖੈ ਮਨਿ ਮੁਕਰਾਈਐ ਰਾਮ॥

ਮਨਮੁਖਾ ਨੋ ਹਰਿ ਦੂਰਿ ਹੈ ਮੇਰੀ ਜਿੰਦੁੜੀਏ ਸਭ ਬਿਰਥੀ ਘਾਲ ਗਵਾਈਐ ਰਾਮ॥ (੫੪੧)

ਸੋ ਉਕਤ ਗੁਰ ਬਚਨਾਂ ਨੇ ਭਲੀ ਪ੍ਰਕਾਰ ਸਿੱਧ ਕਰ ਦਿੱਤਾ ਹੈ ਕਿ ਮਨਮੁਖਾਂ ਦੇ ਸਮੂਹ ਕਰਮ ਧਰਮ, ਜਪ ਤਪ, ਪੁੰਨ ਦਾਨ ਸਭ ਨਿਸਫਲ ਹੀ ਜਾਂਦੇ ਹਨ ।

ਪ੍ਰਸ਼ਨ: – ਮਨਮੁਖਾਂ ਦੀ ਰੱਬ ਦੀ ਭਗਤੀ ਤਾਂ ਰੱਬ ਨੂੰ ਜ਼ਰੂਰ ਕੁਝ ਨਾ ਕੁਝ ਮਨਜ਼ੂਰ ਹੁੰਦੀ ਹੀ ਹੋਣੀ ਹੈ? ਕੀ ਉਨ੍ਹਾਂ ਵੱਲੋਂ ਜਪਿਆ ਨਾਮ ਪ੍ਰਵਾਣ ਹੋਣਾ ਚਾਹੀਦਾ ਹੈ ਕਿ ਨਹੀਂ?

ਉੱਤਰ: – ਮਨਮੁਖਾਂ ਨੂੰ ਹਉਮੈ ਦੀ ਮੈਲ ਨੇ ਸੁਲਾ ਛੱਡਿਆ ਹੈ । ਉਹ ਜਾਗਦੇ ਵੀ ਸੁੱਤਿਆਂ ਦੀ ਨਿਆਈਂ ਹਨ । ਹਉਮੈ ਦੀ ਮੈਲ ਨਾਮ ਤੋਂ ਬਿਨਾਂ ਲਹਿ ਨਹੀਂ ਸਕਦੀ । ਨਾਮ ਪੂਰੇ ਗੁਰੂ ਬਿਨਾਂ ਮਿਲ ਨਹੀਂ ਸਕਦਾ । ਨਾਮ ਤੋਂ ਬਿਨਾਂ ਭਗਤੀ ਵੀ ਕਿਸੇ ਦੀ ਲੇਖੇ ਨਹੀਂ ਪੈਂਦੀ । ਬਿਨਾਂ ਨਾਮ ਤੋਂ ਪੰਜੇ ਚੋਰ ਵਸਿ ਹੀ ਨਹੀਂ ਆ ਸਕਦੇ । ਇਸ ਲਈ ਜਿਤਨਾ ਚਿਰ ਹਉਮੈ ਦਾ ਨਾਸ਼ ਨਹੀਂ ਹੁੰਦਾ ਕੋਈ ਕਰਮ ਥਾਂ ਨਹੀਂ ਪੈ ਸਕਦਾ । ਯਥਾ ਗੁਰਵਾਕ: –

– ਹਉਮੈ ਵਿਚਿ ਜਾਗ੍ਰਣੁ ਨ ਹੋਵਈ ਹਰਿ ਭਗਤਿ ਨ ਪਵਈ ਥਾਇ॥
ਮਨਮੁਖ ਦਰਿ ਢੋਈ ਨਾ ਲਹਹਿ ਭਾਇ ਦੂਜੈ ਕਰਮ ਕਮਾਇ॥ (੧੩੪੭)

ਮਨ ਨੂੰ ਨਿਰਮਲ ਕਰ ਦੇਣ ਲਈ ਕੇਵਲ ਨਾਮ ਹੀ ਸਮਰੱਥ ਹੈ, ਹੋਰ ਕੋਈ ਕਰਮ ਨਹੀਂ । ਨਾਮ ਪੂਰੇ ਗੁਰੂ ਪਾਸੋਂ ਮਿਲਣਾ ਹੈ, ਹੋਰ ਕਿਤੋਂ ਬਿਲਕੁੱਲ ਨਹੀਂ । ਭਰਮ ਭੁਲੀ ਲੁਕਾਈ ਦੇਹਧਾਰੀ ਕਹੌਤੀ ਪਖੰਡੀ ਗੁਰੂਆਂ ਦੇ ਕਹੇ ਲੱਗ ਕੇ ਭਾਵੇਂ ਸਾਰੀ ਉਮਰ ਹਰਿ ਹਰਿ ਕਹਿ ਕੇ ਹਾਰ ਥੱਕ ਚੁੱਕੇ, ਮਨ ਦੀ ਮੈਲ ਇਸ ਤਰ੍ਹਾਂ ਕੀਤਿਆਂ ਕਦੇ ਨਹੀਂ ਲਹਿ ਸਕਦੀ । ਇਹ ਗੁਰਮਤਿ ਦਾ ਗੈਹ ਗੱਡਵਾਂ ਦੋ ਟੂੱਕ ਫ਼ੈਸਲਾ ਹੈ, ਕੋਈ ਮੰਨੇ ਚਾਹੇ ਨਾ ਮੰਨੇ । ਜੋ ਮੰਨ ਲਊ ਉਹ ਪੂਰੇ ਸਤਿਗੁਰੂ ਨੂੰ ਪੂਰੀ ਜੁਗਤਿ ਸਹਿਤ ਭੇਟ ਕੇ ਨਾਮ ਪ੍ਰਾਪਤ ਕਰਕੇ ਸਚੀ ਭਗਤੀ ਕਰਨ ਲਗ ਪਊ । ਜੋ ਲੋਕਾਂ ਦੇ ਕਹੇ ਕਹਾਏ ਜਾਂ ਮਨ ਦੀ ਮੱਤ ਮਗਰ ਲੱਗ ਕੇ ਭੇਖਧਾਰੀ ਨਾਮ ਧਰੀਕ ਗੁਰੂਆਂ ਪਿੱਛੇ ਤੁਰਿਆ ਫਿਰੂ ਆਪੇ ਖੱਜਲ ਖੁਆਰ ਹੋਊ । ਯਥਾ ਗੁਰਵਾਕ: –

ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥
ਬਹੁ ਬਿਧਿ ਕਰਮ ਕਮਾਵਦੇ ਦੁਣੀ ਮਲੁ ਲਾਗੀ ਆਇ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ॥
ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥ ਰਹਾਉ॥
ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ॥
ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ॥
ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ॥ (੩੯)

ਗੁਰਮਤਿ ਦੀ ਕਸਵੱਟੀ ਅਨੁਸਾਰ ਸਚੀ ਭਗਤੀ ਨਾਮ ਦੁਆਰਾ ਹੀ ਕੀਤੀ ਜਾ ਸਕਦੀ ਹੈ । ਇਸ ਗੋਹਜ ਗੱਲ ਨੂੰ ਬਿਨਾਂ ਗੁਰੂ ਤੋਂ ਜਾਣਿਆ ਹੀ ਨਹੀਂ ਜਾ ਸਕਦਾ । ਅਸਲ ਸਚੀ ਭਗਤੀ (ਜਿਸ ਨੂੰ ਗੁਰਬਾਣੀ ਅੰਦਰ ਭਾਇ ਭਗਤਿ, ਪ੍ਰੇਮ ਭਗਤਿ, ਗੁਰਮੁਖਿ ਭਗਤਿ, ਭਾਉ ਭਗਤਿ, ਨਿਹਚਲ ਭਗਤਿ, ਭੈ ਭਗਤਿ, ਗੁਰਮਤਿ ਭਗਤਿ, ਗੁਰ ਭਗਤਿ, ਨਿਰਾਰੀ ਭਗਤਿ, ਹਰਿ ਭਗਤਿ, ਰਾਮ ਭਗਤਿ ਅਥਵਾ ਨਿਰਮਲ ਭਗਤਿ ਆਦਿ ਨਾਮਾਂ ਨਾਲ ਵਰਨਣ ਕੀਤਾ ਗਿਆ ਹੈ) ਸਤਿਗੁਰੂ ਪਾਸੋਂ ਹੀ ਮਿਲ ਸਕਦੀ ਹੈ ।

ਨੋਟ: – ਗੁਰਬਾਣੀ ਅੰਦਰ ਗੁਰੂ ਘਰ ਦੀ ਭਗਤੀ ਪ੍ਰਥਾਇ ਵਰਤੇ ਗਏ ਵਿਲੱਖਣ ਸ਼ਬਦਾਂ ਦਾ ਵਿਸਥਾਰ ਪੂਰਵਕ ਇੱਕ ਵੱਖਰਾ ਪ੍ਰਕਰਣ ਤਿਆਰ ਕੀਤਾ ਹੈ ।

ਇਸ ਤੋਂ ਬਿਨਾਂ ਮਨਮੁਖ ਜੋ ਭਗਤੀਆਂ ਕਰਦੇ ਹਨ ਉਹ ਸਭ ਹਉਮੈ ਹੰਕਾਰ ਦੀ ਮੈਲ ਨੂੰ ਵਧਾਉਣ ਵਾਲੀਆਂ ਹੋਣ ਕਰਕੇ ਜੰਮਣ ਮਰਨ ਦੇ ਗੇੜ ਵਿੱਚ ਹੀ ਪਾਈ ਰੱਖਦੀਆਂ ਹਨ । ਯਥਾ ਗੁਰਵਾਕ: –

ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ ਵਿਣੁ ਸਤਿਗੁਰ ਭਗਤਿ ਨ ਹੋਈ ਰਾਮ॥
ਹਉਮੈ ਮਾਇਆ ਰੋਗਿ ਵਿਆਪੇ ਮਰਿ ਜਨਮਹਿ ਦੁਖੁ ਹੋਈ ਰਾਮ॥
ਮਰਿ ਜਨਮਹਿ ਦੁਖੁ ਹੋਈ ਦੂਜੈ ਭਾਇ ਪਰਜ ਵਿਗੋਈ ਵਿਣੁ ਗੁਰ ਤਤੁ ਨ ਜਾਨਿਆ॥
ਭਗਤਿ ਵਿਹੂਣਾ ਸਭੁ ਜਗੁ ਭਰਮਿਆ ਅੰਤਿ ਗਇਆ ਪਛੁਤਾਨਿਆ॥
ਕੋਟਿ ਮਧੇ ਕਿਨੈ ਪਛਾਣਿਆ ਹਰਿ ਨਾਮਾ ਸਚੁ ਸੋਈ॥
ਨਾਨਕ ਨਾਮਿ ਮਿਲੈ ਵਡਿਆਈ ਦੂਜੈ ਭਾਇ ਪਤਿ ਖੋਈ॥ (੭੬੮)

ਮਨਮੁਖਾਂ ਦੀ ਰੱਬੀ ਭਗਤੀ ਬਾਰੇ ਕੁਝ ਪ੍ਰਮਾਣ ਹੋਰ ਵੀ ਮਿਲਦੇ ਹਨ: –

– ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ॥ (੨੯)

– ਮਨਮੁਖੁ ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ॥ (੨੯)

– ਮਨਮੁਖ ਫਿਰਹਿ ਨ ਜਾਣਹਿ ਸਤਗੁਰੁ ਹਉਮੈ ਅੰਦਰਿ ਲਾਗਿ॥ (੨੯)

– ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ॥ (੩੦)

– ਮਨਮੁਖ ਕਰਮ ਕਮਾਵਣੇ ਜਿਉ ਦੋਹਾਗਣਿ ਤਨਿ ਸੀਗਾਰੁ॥ (੩੧)

– ਮਨਮੁਖਿ ਕੰਤੁ ਨ ਪਛਾਣਈ ਤਿਨ ਕਿਉ ਰੈਣਿ ਵਿਹਾਇ॥ (੩੮)

– ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ॥ (੬੦)

– ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ ਕਾਨੁ॥ (੬੩)

– ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮੁ ਗਵਾਏ॥ (੬੭)

– ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ॥ (੬੮)

– ਮਨਮੁਖ ਸਚੁ ਨ ਜਾਣਨੀ ਤਿਨ ਠਉਰ ਨ ਕਤਹੂ ਥਾਉ॥ (੬੯)

– ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ॥ (੮੭)

– ਮਨਮੁਖੁ ਲੋਕੁ ਸਮਝਾਈਐ ਕਦਹੁ ਸਮਝਾਇਆ ਜਾਇ॥ (੮੭)

– ਮਨਮੁਖੀ ਮਨਹਠਿ ਹਾਰਿਆ ਕੂੜੁ ਕੁਸਤੁ ਕਮਾਇ॥ (੮੭)

– ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ॥ (੮੯)

- ਮਨਮੁਖ ਅੰਧੇ ਸੁਧਿ ਨ ਸਾਰਾ॥ (੧੧੩)

- ਮਨਮੁਖੁ ਅੰਧਾ ਦੂਜੈ ਭਾਇ ਲਾਗੈ॥ (੧੧੩)

- ਮਨਮੁਖ ਮੁਗਧ ਕਰਹਿ ਚਤੁਰਾਈ॥ (੧੧੪)

- ਮਨਮੁਖ ਅੰਧੇ ਕਿਛੂ ਨ ਸੂਝੈ॥ (੧੧੪)

- ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ॥ (੧੧੬)

- ਮਨਮੁਖ ਭੂਲੇ ਲੋਕ ਸਬਾਏ॥ (੧੧੭)

- ਮਨਮੁਖ ਅੰਧੇ ਫਿਰਹਿ ਬੇਤਾਲੇ॥ (੧੧੭)

- ਮਨਮੁਖ ਰੋਗੀ ਹੈ ਸੰਸਾਰਾ॥ (੧੧੮)

- ਮਨਮੁਖ ਭੂਲਾ ਦੂਜੈ ਭਾਇ ਖੁਆਏ॥ (੧੧੯)

- ਮਨਮੁਖ ਸਦਾ ਬਗੁ ਮੈਲਾ ਹਉਮੈ ਮਲੁ ਲਾਈ॥ (੧੨੯)

- ਮਨਮੁਖ ਕਰਮ ਕਰੇ ਅਹੰਕਾਰੀ॥ (੧੩੦)

- ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ॥ (੧੪੧)

- ਮਨਮੁਖ ਲੂਣ ਹਾਰਾਮ ਕਿਆ ਨ ਜਾਣਿਆ॥ (੧੪੩)

- ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ॥ (੧੪੪)

- ਮਨਮੁਖਿ ਕੂੜੁ ਗੁਬਾਰੁ ਕੂੜੁ ਕਮਾਈਐ॥ (੧੪੫)

- ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ॥ (੧੬੦)

- ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ॥ (੧੬੩)

- ਮਨਮੁਖ ਹੀਅਰਾ ਅਤਿ ਕਠੋਰੁ ਹੈ ਤਿਨ ਅੰਤਰਿ ਕਾਰ ਕਰੀਠਾ॥ (੧੭੧)

- ਮਨਮੁਖ ਕਉ ਲਾਗੋ ਸੰਤਾਪੁ॥ (੧੯੦)

- ਮਨਮੁਖ ਮੂੜ ਮਾਇਆ ਚਿਤ ਵਾਸੁ॥ (੨੨੨)

- ਮਨਮੁਖ ਕੁਚੀਲ ਕੁਛਿਤ ਬਿਕਰਾਲਾ॥ (੨੨੨)

- ਮਨਮੁਖਿ ਸੂਤਕੁ ਕਬਹਿ ਨ ਜਾਇ॥ (੨੨੯)

- ਮਨਮੁਖਿ ਡੰਫੁ ਬਹੁਤੁ ਚਤੁਰਾਈ॥ (੨੩੦)

– ਮਨਮੁਖ ਕਰਮ ਕਰੇ ਬਹੁਤੁ ਅਭਿਮਾਨਾ॥ (੨੩੦)

– ਮਨਮੁਖ ਅੰਧ ਰਹੇ ਲਪਟਾਈ॥ (੨੩੦)

– ਮਨਮੁਖ ਅਗਿਆਨਿ ਕੁਮਾਰਗਿ ਪਾਏ॥ (੨੩੧)

– ਮਨਮੁਖ ਖਾਧੇ ਦੂਜੈ ਭਾਇ॥ (੨੩੧)

– ਮਨਮੁਖ ਅੰਧੇ ਸਦਾ ਬਿਖੁ ਖਾਏ॥ (੨੩੧)

– ਮਨਮੁਖਿ ਕਾਮਿ ਵਿਆਪੀ ਮੋਹਿ ਸੰਤਾਪੀ ਕਿਸੁ ਆਗੈ ਜਾਇ ਪੁਕਾਰੇ॥ (੨੪੫)

– ਮਨਮੁਖ ਮੁਗਧ ਗਾਵਾਰੁ ਪਿਰਾ ਜੀਉ ਸਬਦੁ ਮਨਿ ਨ ਵਸਾਏ॥ (੨੪੭)

– ਮਨਮੁਖੁ ਪ੍ਰਾਣੀ ਮੁਗਧੁ ਹੈ ਨਾਮਹੀਣ ਭਰਮਾਇ॥ (੩੧੩)

–ਮਨਮੁਖੁ ਅਹੰਕਾਰੀ ਮਹਲੁ ਨ ਜਾਣੈ ਖਿਨੁ ਆਗੈ ਖਿਨੁ ਪੀਛੈ॥ (੩੧੪)

– ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ॥ (੩੧੪)

– ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ॥ (੩੧੬)

– ਮਨਮੁਖ ਕੀ ਮਤਿ ਕੂੜਿ ਵਿਆਪੀ॥ (੩੫੬)

– ਮਨਮੁਖੁ ਅੰਧਾ ਠਉਰ ਨ ਪਾਇ॥ (੩੬੨)

– ਮਨਮੁਖਿ ਭਰਮਿ ਭੁਲੈ ਸੰਸਾਰੁ॥ (੩੬੩)

– ਮਨਮੁਖਿ ਝੂਠੋ ਝੂਠੁ ਕਮਾਵੈ॥ (੩੬੩)

– ਮਨਮੁਖ ਰੁੰਨੇ ਅਪਨੀ ਪਤਿ ਖੋਇ॥ (੩੬੩)

– ਮਨਮੁਖੁ ਅਚੇਤੁ ਮਾਇਆ ਮੋਹੁ ਗੁਬਾਰੁ॥ (੩੬੪)

– ਮਨਮੁਖਿ ਮੈਲਾ ਸਬਦੁ ਨ ਪਛਾਣੈ॥ (੪੧੫)

– ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ॥ (੪੧੯)

– ਮਨਮੁਖ ਪਥਰੁ ਸੈਲੁ ਹੈ ਧ੍ਰਿਗੁ ਜੀਵਣੁ ਫੀਕਾ॥ (੪੧੯)

– ਮਨਮੁਖੁ ਜੇ ਸਮਝਾਈਐ ਭੀ ਉਝੜਿ ਜਾਏ॥ (੪੨੦)

– ਮਨਮੁਖ ਤੋਟਾ ਨਿਤ ਹੈ ਭਰਮਹਿ ਭਰਮਾਏ॥ (੪੨੧)

– ਮਨਮੁਖਿ ਇਹੁ ਮਨੁ ਮੁਗਧੁ ਹੈ ਸੋਝੀ ਕਿਛੂ ਨ ਪਾਇ॥ (੪੯੧)

- ਮਨਮੁਖ ਦੁਬਿਧਾ ਦੁਰਮਤਿ ਵਿਆਪੇ ਜਿਨ ਅੰਤਰਿ ਮੋਹ ਗੁਬਾਰੀ॥ (੫੦੭)

- ਮਨਮੁਖ ਅਗਿਆਨੀ ਮਾਇਆ ਮੋਹਿ ਵਿਆਪੇ ਤਿਨ੍ ਬੂਝ ਨ ਕਾਈ ਪਾਇ॥ (੫੧੧)

- ਮਨਮੁਖੁ ਊਧਾ ਕਉਲੁ ਹੈ ਨਾ ਤਿਸੁ ਭਗਤਿ ਨ ਨਾਉ॥ (੫੧੧)

- ਮਨਮੁਖਿ ਹਉਮੈ ਵਿਛੁੜੇ ਮੇਰੀ ਜਿੰਦੁੜੀਏ ਬਿਖੁ ਬਾਧੇ ਹਉਮੈ ਜਾਲੇ ਰਾਮ॥ (੫੩੮)

- ਮਨਮੁਖਾ ਨੋ ਹਰਿ ਦੂਰਿ ਹੈ ਮੇਰੀ ਜਿੰਦੁੜੀਏ ਸਭ ਬਿਰਥੀ ਘਾਲ ਗਵਾਈਐ ਰਾਮ॥ (੫੪੧)

- ਨਾਨਕ ਮਨਮੁਖੁ ਜਗਤੁ ਧਨਹੀਨੁ ਹੈ ਅਗੈ ਭੁਖਾ ਕਿ ਖਾਇ॥ (੫੪੮)

- ਮਨਮੁਖ ਮੂਲਹੁ ਭੁਲਾਇਅਨੁ ਵਿਚਿ ਲਬੁ ਲੋਭੁ ਅਹੰਕਾਰੁ॥ (੫੪੯)

- ਮਨਮੁਖ ਮਾਇਆ ਮੋਹੁ ਹੈ ਨਾਮਿ ਨ ਲਗੋ ਪਿਆਰੁ॥ (੫੫੨)

- ਮਨਮੁਖ ਭੂਲੇ ਬਿਖੁ ਲਗੇ ਅਹਿਲਾ ਜਨਮੁ ਗਵਾਇਆ॥ (੫੬੫)

- ਮਨਮੁਖ ਖੇਤੀ ਵਣਜੁ ਕਰਿ ਥਾਕੇ ਤ੍ਰਿਸਨਾ ਭੁਖ ਨ ਜਾਏ॥ (੫੬੮)

- ਮਨਮੁਖ ਅੰਧੁਲੇ ਗਿਆਨ ਵਿਹੂਣੇ ਦੂਜੈ ਭਾਇ ਖੁਆਈ॥ (੫੬੯)

- ਮਨਮੁਖ ਮਾਇਆ ਮੋਹ ਵਿਆਪੇ ਦੂਖਿ ਸੰਤਾਪੇ ਦੂਜੈ ਪਤਿ ਗਵਾਈ॥ (੫੬੯)

- ਮਨਮੁਖ ਸੰਤਾ ਨਾਲਿ ਵੈਰੁ ਕਰਿ ਦੁਖੁ ਖਟੇ ਸੰਸਾਰਾ॥ (੫੭੦)

- ਮਨਮੁਖਿ ਅੰਧਾ ਤਪਿ ਤਪਿ ਖਪੈ ਬਿਨੁ ਸਬਦੈ ਸਾਂਤਿ ਨ ਆਈ॥ (੫੭੧)

- ਮਨਮੁਖ ਮੁਹਿ ਮੈਲੈ ਸਬਦੁ ਨ ਜਾਣਨੀ ਕਾਮ ਕਰੋਧਿ ਵਿਣਾਸੁ॥ (੫੮੬)

- ਮਨਮੁਖ ਸੇਤੀ ਦੋਸਤੀ ਥੋੜੜਿਆ ਦਿਨ ਚਾਰਿ॥ (੫੮੭)

- ਮਨਮੁਖ ਘਰਿ ਹੋਦੀ ਵਥੁ ਨ ਜਾਣਨੀ ਅੰਧੇ ਭਉਕਿ ਮੁਏ ਬਿਲਲਾਇ॥ (੫੯੦)

- ਮਨਮੁਖੁ ਕਾਇਰੁ ਕਰੂਪੁ ਹੈ ਬਿਨੁ ਨਾਵੈ ਨਕੁ ਨਾਹਿ॥ (੫੯੧)

- ਮਨਮੁਖਿ ਅੰਧੁ ਨ ਚੇਤਈ ਕਿਤੁ ਆਇਆ ਸੈਸਾਰਿ॥ (੫੯੨)

- ਮਨਮੁਖ ਮੁਗਧੁ ਹਰਿ ਨਾਮੁ ਨ ਚੇਤੈ ਬਿਰਥਾ ਜਨਮੁ ਗਵਾਇਆ॥ (੬੦੦)

- ਮਨਮੁਖਿ ਫਿਰਹਿ ਸਦਾ ਦੁਖੁ ਪਾਵਹਿ ਡੂਬਿ ਮੁਏ ਵਿਣੁ ਪਾਣੀ॥ (੬੦੨)

- ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ॥ (੬੦੪)

- ਮਨਮੁਖ ਭੂਖੇ ਦਹ ਦਿਸ ਡੋਲਹਿ ਬਿਨੁ ਨਾਵੈ ਦੁਖੁ ਪਾਈ॥ (੬੦੭)

– ਮਨਮੁਖਿ ਜੰਤ ਦੁਖਿ ਸਦਾ ਨਿਵਾਸੀ ਗੁਰਮੁਖਿ ਦੇ ਵਡਿਆਈ॥ (੬੩੪)

– ਮਨਮੁਖਾ ਨੋ ਪਰਤੀਤਿ ਨ ਆਵੀ ਅੰਤਰਿ ਲੋਭ ਸੁਆਉ॥ (੬੩੭)

– ਮਨਮੁਖਾ ਨੋ ਕੋ ਨ ਵਿਸਹੀ ਚੁਕਿ ਗਇਆ ਵੇਸਾਸੁ॥ (੬੪੩)

– ਮਨਮੁਖ ਆਪ ਸੁਆਰਥੀ ਕਾਰਜੁ ਨ ਸਕਹਿ ਸਵਾਰਿ॥ (੬੪੩)

– ਮਨਮੁਖ ਮੰਨੁ ਅਜਿਤੁ ਹੈ ਦੂਜੈ ਲਗੈ ਜਾਇ॥ (੬੪੪)

– ਮਨਮੁਖਿ ਕਰਮ ਕਮਾਵਣੇ ਹਉਮੈ ਅੰਧੁ ਗੁਬਾਰੁ॥ (੬੪੬)

– ਮਨਮੁਖ ਭਰਮੈ ਸਹਸਾ ਹੋਵੈ॥ (੬੪੬)

– ਮਨਮੁਖ ਹਰਿ ਨਾਮੁ ਨ ਸੇਵਿਆ ਦੁਖੁ ਲਗਾ ਬਹੁਤਾ ਆਇ॥ (੬੪੭)

– ਮਨਮੁਖ ਮਾਇਆ ਮੋਹਿ ਵਿਆਪੇ ਦੂਜੈ ਭਾਇ ਮਨੂਆ ਥਿਰੁ ਨਾਹਿ॥ (੬੫੨)

– ਮਨਮੁਖ ਭੂਲੇ ਅੰਧ ਗਾਵਾਰ॥ (੬੬੫)

– ਮਨਮੁਖ ਕੋਠੀ ਅਗਿਆਨੁ ਅੰਧੇਰਾ ਤਿਨ ਘਰਿ ਰਤਨੁ ਨ ਲਾਖਾ॥ (੬੯੬)

– ਮਨਮੁਖਿ ਮੁਗਧੁ ਨਰੁ ਕੋਰਾ ਹੋਇ॥ (੭੩੨)

– ਮਨਮੁਖ ਭਰਮਿ ਭੁਲਾਣਾ ਨਾ ਤਿਸੁ ਰੰਗੁ ਹੈ॥ (੭੫੨)

– ਮਨਮੁਖਿ ਅੰਧਾ ਅੰਧੁ ਕਮਾਵੈ ਬਿਖੁ ਖਟੇ ਸੰਸਾਰੇ॥ (੭੫੩)

– ਮਨਮੁਖੁ ਸਦ ਹੀ ਕੂੜੋ ਬੋਲੈ ਬਿਖੁ ਬੀਜੈ ਬਿਖੁ ਖਾਏ॥ (੭੫੩)

– ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ॥ (੭੫੫)

– ਮਨਮੁਖਿ ਭੂਲੀ ਬਹੁਤੀ ਰਾਹੀ ਫਾਥੀ ਮਾਇਆ ਫੰਦੇ॥ (੭੭੯)

– ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥ (੮੩੧)

– ਮਨਮੁਖਿ ਹਉਮੈ ਪਤਿ ਗਵਾਈ॥ (੮੩੧)

– ਮਨਮੁਖ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰਿ ਬੁਡਣੀਆ॥ (੮੩੪)

– ਮਨਮੁਖ ਮਾਇਆ ਮੋਹਿ ਵਿਆਪੇ ਇਹੁ ਮਨੁ ਤ੍ਰਿਸਨਾ ਜਲਤ ਤਿਖਈਆ॥ (੮੩੪)

– ਮਨਮੁਖੁ ਅੰਧਾ ਦੂਜੈ ਭਾਇ॥ (੮੪੧)

– ਮਨਿ ਮੁਖਿ ਕਬਹਿ ਨ ਉਸਤਤਿ ਕਰੈ॥ (੮੯੩)

- ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ॥ (੯੩੮)

- ਮਨਮੁਖਿ ਭਰਮਿ ਭਵੈ ਬੇਬਾਣਿ॥ (੯੪੧)

- ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ॥ (੯੫੦)

- ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ॥ (੯੫੨)

- ਮਨਮੁਖਿ ਮੋਹੁ ਗੁਬਾਰੁ ਹੈ ਦੂਜੈ ਭਾਇ ਬੋਲੈ॥ (੯੫੫)

- ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ॥ (੯੫੯)

- ਮਨਮੁਖ ਕਰਜੁ ਚੜਿਆ ਬਿਖੁ ਭਾਰੀ ਉਤਰੈ ਸਬਦੁ ਵੀਚਾਰੇ॥ (੯੮੧)

- ਮਨਮੁਖ ਤ੍ਰਿਸਨਾ ਭਰਿ ਰਹੇ ਮਨਿ ਆਸਾ ਦਹ ਦਿਸ ਬਹੁ ਲਾਖੁ॥ (੯੯੭)

- ਮਨਮੁਖ ਤਤੁ ਨ ਜਾਣਨੀ ਪਸੂ ਮਾਹਿ ਸਮਾਨਾ॥ (੧੦੦੯)

- ਮਨਮੁਖ ਕਉ ਆਲਸੁ ਘਣੋ ਫਾਥੇ ਓਜਾੜੀ॥ (੧੦੧੧)

- ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ॥ (੧੦੧੨)

- ਮਨਮੁਖ ਸੋਇ ਰਹੇ ਸੇ ਲੁਟੇ ਗੁਰਮੁਖਿ ਸਾਬਤੁ ਭਾਈ ਹੇ॥ (੧੦੨੪)

- ਮਨਮੁਖ ਅੰਧੁਲੇ ਸੋਝੀ ਨਾਹੀ॥ (੧੦੨੯)

- ਮਨਮੁਖੁ ਦਾਝੈ ਪੜਿ ਪੜਿ ਭਾਹੀ॥ (੧੦੨੯)

- ਮਨਮੁਖੁ ਪਾਥਰੁ ਸੈਲੁ ਨ ਭੀਜੈ॥ (੧੦੨੯)

- ਮਨਮੁਖੁ ਦੂਜੈ ਬੋਲਿ ਨ ਜਾਣੈ॥ (੧੦੩੩)

- ਮਨਮੁਖੁ ਆਪੁ ਗਣਾਏ ਰੋਵੈ॥ (੧੦੩੪)

- ਮਨਮੁਖਿ ਬਹੁਤੁ ਫਿਰੈ ਬਿਲਲਾਦੀ ਦੂਜੈ ਭਾਇ ਖੁਆਈ ਹੇ॥ (੧੦੪੪)

- ਮਨਮੁਖ ਧਾਤੁ ਦੂਜੈ ਹੈ ਲਾਗਾ॥ (੧੦੪੫)

- ਮਨਮੁਖਿ ਨਿੰਦਕਿ ਪਤਿ ਗਵਾਈ॥ (੧੦੪੬)

- ਮਨਮੁਖੁ ਨਿੰਦਾ ਕਰਿ ਕਰਿ ਵਿਗੁਤਾ॥ (੧੦੪੬)

- ਮਨਮੁਖ ਸੇਵਿ ਨ ਜਾਣਨਿ ਕਾਚੇ॥ (੧੦੪੬)

- ਮਨਮੁਖ ਸਹਸਾ ਬੂਝ ਨ ਪਾਈ॥ (੧੦੪੭)

- ਮਨਮੁਖ ਹਉਮੈ ਮਾਇਆ ਸੂਤੇ॥ (੧੦੪੯)

- ਮਨਮੁਖਿ ਅੰਤਰਿ ਭਗਤਿ ਨ ਹੋਈ॥ (੧੦੪੯)

- ਮਨਮੁਖੁ ਗਿਆਨੁ ਕਥੇ ਨ ਹੋਈ॥ (੧੦੫੧)

- ਮਨਮੁਖੁ ਕਾਰ ਕਰੇ ਸਭਿ ਦੁਖ ਸਬਾਏ॥ (੧੦੫੧)

- ਮਨਮੁਖ ਭਰਮਿ ਭੁਲੇ ਭੇਖਧਾਰੀ॥ (੧੦੫੨)

- ਮਨਮੁਖ ਦੇਹੀ ਭਰਮੁ ਭਤਾਰੋ॥ (੧੦੫੮)

- ਮਨਮੁਖੁ ਅੰਧੁ ਕਰੇ ਚਤੁਰਾਈ॥ (੧੦੬੪)

- ਮਨਮੁਖੁ ਬਹੁਤੁ ਕਰੇ ਅਭਿਮਾਨੁ॥ (੧੦੬੬)

- ਮਨਮੁਖੁ ਅੰਧਾ ਅੰਧੁ ਕਮਾਏ॥ (੧੦੬੮)

- ਮਨਮੁਖ ਵਾਪਾਰੈ ਸਾਰ ਨ ਜਾਣਨੀ ਬਿਖੁ ਵਿਹਾਝਹਿ ਬਿਖੁ ਸੰਗ੍ਰਹਹਿ ਬਿਖ ਸਿਉ ਧਰਹਿ ਪਿਆਰੁ॥ (੧੦੯੧)

- ਮਨਮੁਖੁ ਜਗਤੁ ਨਿਰਧਨੁ ਹੈ ਮਾਇਆ ਨੋ ਬਿਲਲਾਇ॥ (੧੦੯੨)

- ਮਨਮੁਖ ਅੰਦਰੁ ਨ ਭਾਲਨੀ ਮੁਠੇ ਅਹੰਮਤੇ॥ (੧੦੯੩)

- ਮਨਮੁਖਿ ਦੁਬਿਧਾ ਸਦਾ ਹੈ ਰੋਗੀ ਰੋਗੀ ਸਗਲ ਸੰਸਾਰਾ॥ (੧੧੩੦)

- ਮਨਮੁਖ ਮੂਲੁ ਗਵਾਵਹਿ ਲਾਭੁ ਮਾਗਹਿ ਲਾਹਾ ਲਾਭੁ ਕਿਦੂ ਹੋਈ॥ (੧੧੩੧)

- ਮਨਮੁਖ ਆਸਾ ਨਹੀ ਉਤਰੈ ਦੂਜੈ ਭਾਇ ਖੁਆਏ॥ (੧੧੩੧)

- ਮਨਮੁਖਿ ਭਰਮੈ ਮਝਿ ਗੁਬਾਰ॥ (੧੧੯੦)

- ਮਨਮੁਖਿ ਅੰਧੁਲੇ ਗੁਰਮਤਿ ਨ ਭਾਈ॥ (੧੧੯੦)

- ਮਨਮੁਖ ਹੀਨ ਹੋਛੀ ਮਤਿ ਝੂਠੀ ਮਨਿ ਤਨਿ ਪੀਰ ਸਰੀਰੇ॥ (੧੧੯੭)

- ਮਨਮੁਖ ਭ੍ਰਮਿ ਦੂਜੈ ਭਾਇ ਲਾਗੇ ਅੰਤਰਿ ਅਗਿਆਨ ਗੁਬਾਰੇ॥ (੧੧੯੯)

- ਮਨਮੁਖ ਬੁਧਿ ਕਾਚੀ ਮਨੂਆ ਡੋਲੈ ਅਕਥੁ ਨ ਕਥੈ ਕਹਾਨੀ॥ (੧੨੩੩)

- ਮਨਮੁਖ ਦੂਜੈ ਭਰਮਿ ਭੁਲਾਏ ਨਾ ਬੂਝਹਿ ਵੀਚਾਰਾ॥ (੧੨੩੫)

- ਮਨਮੁਖਿ ਦੂਜਾ ਭਰਮੁ ਹੈ ਦੂਜੈ ਲੋਭਾਇਆ॥ (੧੨੩੮)

- ਮਨਮੁਖੁ ਅਭਿੰਨੁ ਨ ਭਿਜਈ ਪਥਰੁ ਨਾਵਾਇਆ॥ (੧੨੪੪)

- ਮਨਮੁਖ ਪਾਖੰਡੁ ਕਦੇ ਨ ਚੂਕੈ ਦੂਜੈ ਭਾਇ ਦੁਖੁ ਪਾਏ॥ (੧੨੫੯)

- ਮਨਮੁਖ ਮੂੜ੍ ਜਲਤ ਅਹੰਕਾਰੀ ਹਉਮੈ ਵਿਚਿ ਦੁਖੁ ਪਾਈ॥ (੧੨੬੫)

- ਮਨਮੁਖ ਭਰਮਿ ਭੁਲਾਇਆ ਬਿਨੁ ਭਾਗਾ ਹਰਿ ਧਨੁ ਨ ਪਾਇ॥ (੧੨੭੭)

- ਮਨਮੁਖ ਕਾ ਇਹੁ ਬਾਦਿ ਆਚਾਰੁ॥ ਬਹੁ ਕਰਮ ਦ੍ਰਿੜਾਵਹਿ ਨਾਮੁ ਵਿਸਾਰਿ॥ (੧੨੭੭)

- ਮਨਮੁਖ ਦੂਜੀ ਤਰਫ ਹੈ ਵੇਖਹੁ ਨਦਰਿ ਨਿਹਾਲਿ॥ (੧੨੭੯)

- ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ॥ (੧੨੯੮)

- ਮਨਮੁਖ ਕਉ ਦੁਖੁ ਦਰਦੁ ਵਿਆਪਸਿ ਮਨਮੁਖਿ ਦੁਖੁ ਨ ਜਾਈ॥ (੧੩੪੫)

- ਮਨਮੁਖ ਤੇ ਅਭ ਭਗਤਿ ਨ ਹੋਵਸਿ ਹਉਮੈ ਪਚਹਿ ਦਿਵਾਨੇ॥ (੧੩੪੫)

- ਮਨਮੁਖ ਸੇਤੀ ਸੰਗੁ ਕਰੇ ਮੁਹਿ ਕਾਲਖ ਦਾਗੁ ਲਗਾਇ॥ (੧੪੧੭)

- ਮਨਮੁਖਿ ਕਮਲਾ ਰਗੜੈ ਲੁਝੈ॥ (੧੪੧੮)

- ਮਨਮੁਖ ਦਹ ਦਿਸਿ ਫਿਰਿ ਰਹੇ ਅਤਿ ਤਿਸਨਾ ਲੋਭ ਵਿਕਾਰ॥ (੧੪੧੮)

- ਮਨਮੁਖ ਸੇਵਾ ਜੋ ਕਰੇ ਦੂਜੈ ਭਾਇ ਚਿਤੁ ਲਾਇ॥ (੧੪੨੨)

- ਮਨਮੁਖਿ ਹੁਕਮੁ ਨ ਬੁਝੇ ਬਪੁੜੀ ਨਿਤ ਹਉਮੈ ਕਰਮ ਕਮਾਇ॥ (੧੪੨੩)

ਪ੍ਰਸ਼ਨ: - ਮਨਮੁਖਾਂ ਦਾ ਜੰਮਣਾ ਤੇ ਮਰਨਾ ਕੈਸਾ ਹੈ ਤੇ ਉਨ੍ਹਾਂ ਨਾਲ ਅੱਗੇ ਕੈਸੀ ਬੀਤਦੀ ਹੈ?

ਉੱਤਰ: - ਇਸ ਬਾਰੇ ਉਂਜ ਤਾਂ ਪਿੱਛੇ ਕਾਫ਼ੀ ਨਿਰਣਾ ਹੋ ਚੁੱਕਾ ਹੈ । ਹੋਰ ਵੇਰਵੇ ਲਈ ਜੋ ਸਲੂਕ ਅੱਗੇ ਜਾ ਕੇ ਮਨਮੁਖਾਂ ਨਾਲ ਹੁੰਦਾ ਹੈ, ਗੁਰਮਤਿ ਇਸ ਤੇ ਇਉਂ ਚਾਨਣਾ ਪਾਉਂਦੀ ਹੈ: -

- ਮਨਮੁਖ ਮਰਹਿ ਮਰਿ ਮਰਣੁ ਵਿਗਾੜਹਿ॥ ਦੂਜੈ ਭਾਇ ਆਤਮ ਸੰਘਾਰਹਿ॥ (੩੬੨)

- ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ॥ ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ॥
  ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ॥ (੨੧)

- ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ॥ (੨੭)

- ਮਨਮੁਖ ਨਾਮੁ ਨ ਜਾਣਨੀ ਵਿਣੁ ਨਾਵੈ ਪਤਿ ਜਾਇ॥
  ਵਿਸਟਾ ਕੇ ਕੀੜੇ ਪਵਹਿ ਵਿਚਿ ਵਿਸਟਾ ਸੇ ਵਿਸਟਾ ਮਾਹਿ ਸਮਾਇ॥ (੨੮)

- ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ॥ ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ॥ (੨੯)

ਮਨਮੁਖ ਕੂੜ ਕਮਾਉਣ ਕਰਕੇ ਕੁੱਤੇ ਦੀ ਨਿਆਈਂ ਹੋ ਜਾਂਦੇ ਹਨ । ਜੋ ਭੱਖ ਅਭੱਖ ਸਭ ਖਾ ਜਾਂਦਾ ਹੈ । ਇੱਥੋਂ ਤੀਕ ਕਿ ਉਹ ਗੁਰੂ ਦੀ ਨਿੰਦਾ ਨੂੰ ਆਪਣੀ ਖੁਰਾਕ ਬਣਾ ਲੈਂਦੇ ਹਨ । ਇਸ ਲਈ ਭਰਮਾਂ ਵਹਿਮਾਂ ਵਿੱਚ ਫਸੇ ਹੋਏ ਬਹੁਤੇ ਦੁੱਖ ਪਾਉਂਦੇ ਹਨ । ਅਗੇ ਗਇਆਂ ਨੂੰ ਜਮ ਮਾਰ ਕੇ ਲਹੂ ਲੁਹਾਨ ਕਰ ਛੱਡਦੇ ਹਨ । ਐਸਾ ਬੁਰਾ ਹਾਲ ਲਿਖਿਆ ਹੈ ਗੁਰਬਾਣੀ ਅੰਦਰ ਮਨਮੁਖਾਂ ਦਾ ।

– ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ॥ ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈਂ ਘਰਿ ਕਾਉ॥ (੩੦)

– ਮਨਮੁਖੁ ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ॥
ਸਬਦੁ ਨ ਚੀਨੈ ਸਦਾ ਦੁਖੁ ਹਰਿ ਦਰਗਹਿ ਪਤਿ ਖੋਇ॥ (੨੯)

ਮਨਮੁਖ ਮੋਹ ਮਾਇਆ ਦੇ ਜਾਲ ਵਿੱਚ ਫਸਿਆ ਹੋਇਆ ਸੰਸਾਰੀ ਕੰਮਾਂ ਧੰਧਿਆਂ ਵਿੱਚ ਹੀ ਲਗਾ ਰਹਿੰਦਾ ਹੈ ਅੱਠੇ ਪਹਿਰ । ਉਸ ਦੀ ਰੁਚੀ ਸੰਸਾਰਕ ਪਦਾਰਥਾਂ ਤੋਂ ਉਚਾਟ ਨਹੀਂ ਹੋ ਸਕਦੀ । ਕਿਉਂਜੋ ਸਚੀ ਉਦਾਸੀ ਤੇ ਸਚਾ ਵੈਰਾਗ ਦੇਣ ਵਾਲਾ ਗੁਰ ਸ਼ਬਦ ਉਹ ਗੁਰੂ ਪਾਸੋਂ ਪ੍ਰਾਪਤ ਨਹੀਂ ਕਰਦੇ । ਤਾਂ ਤੇ ਮਨਮੁਖਾਂ ਦੀ ਸਾਰੀ ਆਯੂ ਦੁਖਾਂ ਵਿੱਚ ਹੀ ਬੀਤਦੀ ਹੈ ਤੇ ਅੱਗੇ ਜਾ ਕੇ ਉਨ੍ਹਾਂ ਦੀ ਬੇਪਤੀ ਹੁੰਦੀ ਹੈ ।

– ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ॥
ਮਨਮੁਖ ਜਨਮੁ ਬਿਰਥਾ ਗਇਆ ਕਿਆ ਮੁਹੁ ਦੇਸੀ ਜਾਇ॥ (੩੪)

– ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ॥ (੩੯)

– ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ॥ ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ॥
ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ॥ (੬੦)

– ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ॥ ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ॥ (੬੮)

– ਇਕਨਾ ਮਨਮੁਖਿ ਸਬਦੁ ਨ ਭਾਵੈ ਬੰਧਨਿ ਬੰਧਿ ਭਵਾਇਆ॥
ਲਖ ਚਉਰਾਸੀਹ ਫਿਰਿ ਫਿਰਿ ਆਵੈ ਬਿਰਥਾ ਜਨਮੁ ਗਵਾਇਆ॥ (੬੯)

– ਨਾਨਕ ਗੁਰਮੁਖਿ ਸਚੁ ਕਮਾਵੈ ਮਨਮੁਖਿ ਆਵੈ ਜਾਇ॥ (੮੭)

– ਮਨਮੁਖ ਅਗਿਆਨੀ ਮਹਾ ਦੁਖੁ ਪਾਇਦੇ ਡੁਬੇ ਹਰਿ ਨਾਮੁ ਵਿਸਾਰਿ॥ (੮੯)

– ਮਨਮੁਖ ਹੁਕਮੁ ਨ ਜਾਣਨੀ ਤਿਨ ਮਾਰੇ ਜਮ ਜੰਦਾਰੁ॥ (੯੦)

– ਬਿਨੁ ਗੁਰ ਕਿਨੈ ਨ ਪਾਇਓ ਬਿਰਥਾ ਜਨਮੁ ਗਵਾਇ॥ ਮਨਮੁਖ ਕਰਮ ਕਮਾਵਣੇ ਦਰਗਹ ਮਿਲੈ ਸਜਾਇ॥
ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ॥ ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ॥ (੩੩)

ਨਾਮੀ ਦੀ ਪ੍ਰਾਪਤੀ ਤਾਂ ਪੂਰੇ ਗੁਰੂ ਪਾਸੋਂ ਨਾਮ ਦੇ ਵਸੀਲੇ ਨਾਲ ਹੀ ਹੋ ਸਕਦੀ ਹੈ, ਐਵੇਂ ਨਹੀਂ । ਨਾਮ ਤੋਂ ਸੱਖਣੇ ਮਨਮੁਖਾਂ ਦਾ ਜਨਮ ਹੀ ਫਜ਼ੂਲ ਜਾਂਦਾ ਹੈ । ਉਹ ਜੋ ਵੀ ਕਰਮ ਕਰਦੇ ਹਨ ਉਨ੍ਹਾਂ ਸਭਨਾਂ ਦੀ ਭਾਰੀ ਸਜ਼ਾ ਮਿਲਦੀ ਹੈ ਅੱਗੇ ਜਾ ਕੇ ਜਮ ਪੁਰੀ ਵਿਖੇ ।

– ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ॥ ਕੂੜੁ ਕਮਾਵਨਿ ਦੁਖੁ ਲਾਗੈ ਭਾਰਾ॥
ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ॥ (੧੧੬)

– ਮਨਮੁਖ ਜਨਮੁ ਗਇਆ ਹੈ ਬਿਰਥਾ ਅੰਤਿ ਗਇਆ ਪਛੁਤਾਵਣਿਆ॥ (੧੨੭)

– ਪਿਰੁ ਪਰਦੇਸਿ ਸਿਗਾਰੁ ਬਣਾਏ॥ ਮਨਮੁਖ ਅੰਧੁ ਐਸੇ ਕਰਮ ਕਮਾਏ॥
ਹਲਤਿ ਨ ਸੋਭਾ ਪਲਤਿ ਨ ਢੋਈ ਬਿਰਥਾ ਜਨਮੁ ਗਵਾਵਣਿਆ॥ (੧੨੭)

– ਮਨਮੁਖੁ ਕਰਮ ਕਰੇ ਅਹੰਕਾਰੀ॥ ਜੂਐ ਜਨਮੁ ਸਭ ਬਾਜੀ ਹਾਰੀ॥
ਅੰਤਰਿ ਲੋਭੁ ਮਹਾ ਗੁਬਾਰਾ ਫਿਰਿ ਫਿਰਿ ਆਵਣ ਜਾਵਣਿਆ॥ (੧੩੦)

– ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ॥ ਵਿਣੁ ਨਾਵੈ ਦੁਖੁ ਪਾਇ ਆਵਣ ਜਾਣਿਆ॥ (੧੪੪)

– ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ॥ ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ॥
ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ॥ ਮੇਰੇ ਕਰਤੇ ਏਵੈ ਭਾਵਦਾ ਮਨਮੁਖ ਭਰਮਾਣੇ॥ (੧੬੩)

– ਮਨਮੁਖੁ ਭੂਲਾ ਠਉਰੁ ਨ ਪਾਏ॥ ਜਮ ਦਰਿ ਬਧਾ ਚੋਟਾ ਖਾਏ॥ (੧੦੯)

ਨਾਮ ਤੋਂ ਘੁੱਥੇ ਮਨਮੁਖਾਂ ਨੂੰ ਕੋਈ ਠਿਕਾਣਾ ਨਹੀਂ ਮਿਲਦਾ । ਉਨਾਂ ਨੂੰ ਅੱਗੇ ਧਰਮ ਰਾਇ ਦੀ ਪੁਰੀ ਵਿੱਚ ਜਮ ਨਰੜ ਕੇ ਸੱਟਾਂ ਮਾਰਦੇ ਹਨ ।

– ਮਨਮੁਖਿ ਝੂਠੋ ਝੂਠੁ ਕਮਾਵੈ॥ ਖਸਮੈ ਕਾ ਮਹਲੁ ਕਦੇ ਨ ਪਾਵੈ॥
ਦੂਜੈ ਲਗੀ ਭਰਮਿ ਭੁਲਾਵੈ॥ ਮਮਤਾ ਬਾਧਾ ਆਵੈ ਜਾਵੈ॥ (੩੬੩)

– ਮਨਮੁਖੁ ਅੰਧਾ ਠਉਰ ਨ ਪਾਇ॥ ਬਿਸਟਾ ਕਾ ਕੀੜਾ ਬਿਸਟਾ ਮਾਹਿ ਪਚਾਇ॥ (੩੬੨)

– ਮਨਮੁਖ ਅੰਧੇ ਸਦਾ ਬਿਖੁ ਖਾਏ॥ ਜਮ ਡੰਡੁ ਸਹਹਿ ਸਦਾ ਦੁਖੁ ਪਾਏ॥ (੨੩੧)

ਮਨਮੁਖ ਅਸਲੋਂ ਅੰਨ੍ਹੇ ਹੁੰਦੇ ਹਨ ਜੋ ਨਾਮ ਰੂਪੀ ਅੰਮ੍ਰਿਤ ਨੂੰ ਛੱਡ ਕੇ ਵਿਸ਼ੇ ਵਿਕਾਰਾਂ ਰੂਪੀ ਵਿਹੁ ਖਾ ਕੇ ਮਰ ਰਹੇ ਹਨ । ਐਥੇ ਵੀ ਸਦਾ ਦੁਖੀ ਤੇ ਅੱਗੇ ਜਾ ਕੇ ਵੀ ਜਮਾਂ ਦੇ ਭਾਰੀ ਡੰਕ ਸਹਿੰਦੇ ਹੋਏ ਸਦਾ ਦੁਖੀ ਰਹਿਣਗੇ ।

– ਇਸੁ ਜੁਗ ਮਹਿ ਨਿਰਭਉ ਹਰਿ ਨਾਮੁ ਹੈ ਪਾਈਐ ਗੁਰ ਵੀਚਾਰਿ॥
ਬਿਨੁ ਨਾਵੈ ਜਮ ਕੈ ਵਸਿ ਹੈ ਮਨਮੁਖਿ ਅੰਧ ਗਵਾਰਿ॥ (੩੬੫)

ਕਲਜੁਗਿ ਵਿਖੇ ਕੇਵਲ ਗੁਰੂ ਦਾ ਸਚਾ ਸੁਚਾ ਨਾਮ ਹੀ ਪ੍ਰਾਣੀ ਨੂੰ ਨਿਰਭਉ ਕਰ ਦੇਣ ਨੂੰ ਸਮਰੱਥ ਹੈ । ਐਸੇ ਗੁਰਮਤਿ ਨਾਮ ਦੀ ਪ੍ਰਾਪਤੀ ਕੇਵਲ ਸਤਿਗੁਰੂ ਪਾਸੋਂ ਹੈ, ਹੋਰ ਥੈਂ ਕਿਤੋਂ ਨਹੀਂ । ਇਸ ਬਗੈਰ ਸਭ ਮਨਮੁਖ ਹਨ ਜੋ ਅਗਿਆਨ ਦੇ ਅੰਧੇਰੇ ਵਿੱਚ ਹੀ ਰਹਿੰਦੇ ਹਨ । ਐਸੇ ਨਾਮੋਹੀਣੇ ਮਨਮੁਖਾਂ ਨੂੰ ਜਮਾਂ ਦੇ ਵੱਸ ਜ਼ਰੂਰ ਪੈਣਾ ਪਊ । ਫੇਰ ਨਾ ਆਖਿਓ ਦੱਸਿਆ ਨਹੀਂ । ਸਤਿਗੁਰੂ ਜੀ ਆਏ ਹੀ ਨਾਮ ਦੀ ਦਾਤਿ ਦੇ ਕੇ ਮਨਮੁਖਤਾ ਜਿਹਾ ਅਸਾਧ ਰੋਗ ਦੂਰ ਕਰਕੇ ਗੁਰਮੁਖਿ ਬਣਾਉਣ ਲਈ ਹਨ,ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿੱਚ ਰਹਿੰਦੀ ਦੁਨੀਆਂ ਤੀਕ ਸਚਾ ਸੁਚਾ ਉਪਦੇਸ਼ ਦੇ ਕੇ ਉਧਾਰ ਕਰਦੇ ਰਹਿਣਗੇ ।

ਮਨਮੁਖੀਆ ਸਿਰਿ ਮਾਰ ਵਾਦਿ ਖਪਾਈਐ॥ ਠਗਿ ਮੁਠੀ ਕੂੜਿਆਰ ਬੰਨ੍ਹਿ ਚਲਾਈਐ॥ (੪੨੦)

ਮਨਮੁਖ ਸਦਾ ਝੂਠਿਆਂ ਧੰਧਿਆਂ ਝਗੜਿਆਂ ਵਿੱਚ ਹੀ ਖਪਦੇ ਮਰਦੇ ਰਹਿੰਦੇ ਹਨ । ਉਹ ਆਪਣੇ ਜਾਣੇ ਆਪਣੀਆਂ ਚਤੁਰਾਈਆਂ ਅਤੇ ਸਿਆਣਪਾਂ ਨਾਲ ਦੁਨੀਆਂ ਨੂੰ ਠੱਗੀ ਮੁੱਠੀ ਜਾ ਰਹੇ ਹਨ । ਅਸਲ ਵਿੱਚ ਲੁੱਟੇ ਉਹ ਆਪ ਜਾ ਰਹੇ ਹਨ। ਜਦੋਂ ਐਸੇ ਠੱਗਾਂ ਮਨਮੁਖਾਂ ਨੂੰ ਜਮਦੂਤ ਬੰਨ੍ਹ ਕੇ ਆਪਣੇ ਅੱਗੇ ਲਾ ਤੁਰਦੇ ਹਨ, ਤਾਂ ਕਿਤੇ ਜਾ ਕੇ ਅੱਖਾਂ ਖੁੱਲ੍ਹਦੀਆਂ ਹਨ ਉਨ੍ਹਾਂ ਦੀਆਂ । ਪਰ ਫੇਰ ਜੇਹੀਆਂ ਖੁੱਲ੍ਹੀਆਂ ਜੇਹੀਆਂ ਨਾ ਖੁੱਲ੍ਹੀਆਂ।

– ਮਨਮੁਖਿ ਇਹੁ ਮਨੁ ਮੁਗਧੁ ਹੈ ਸੋਝੀ ਕਿਛੂ ਨ ਪਾਇ॥
ਹਰਿ ਕਾ ਨਾਮੁ ਨ ਬੁਝਈ ਅੰਤਿ ਗਇਆ ਪਛੁਤਾਇ॥ (੪੯੧)

– ਅਹੰਕਾਰੁ ਤਿਸਨਾ ਰੋਗੁ ਲਗਾ ਬਿਰਥਾ ਜਨਮੁ ਗਵਾਵਹੇ॥
ਮਨਮੁਖ ਮੁਗਧ ਚੇਤਹਿ ਨਾਹੀ ਅਗੈ ਗਇਆ ਪਛੁਤਾਵਏ॥ (੪੪੧)

– ਭਭੈ ਭਾਲਹਿ ਸੇ ਫਲੁ ਪਾਵਹਿ ਗੁਰ ਪਰਸਾਦੀ ਜਿਨ੍ ਕਉ ਭਉ ਪਇਆ॥
ਮਨਮੁਖ ਫਿਰਹਿ ਨ ਚੇਤਹਿ ਮੂੜੇ ਲਖ ਚਉਰਾਸੀਹ ਫੇਰੁ ਪਇਆ॥ (੪੩੪)

– ਮਰਣਾ ਮਨਹੁ ਵਿਸਾਰਿਆ ਮਾਇਆ ਮੋਹੁ ਗੁਬਾਰੁ॥
ਮਨਮੁਖ ਮਰਿ ਮਰਿ ਜੰਮਹਿ ਭੀ ਮਰਹਿ ਜਮ ਦਰਿ ਹੋਹਿ ਖੁਆਰੁ॥ (੪੩੦)

ਮੋਹ ਮਾਇਆ ਦੇ ਅੰਨ੍ਹੇਰ ਖਾਤੇ ਨੇ ਐਸੀ ਮਤਿ ਮਾਰੀ ਹੈ ਮਨਮੁਖਾਂ ਦੀ ਕਿ ਉਹ ਮੌਤ ਨੂੰ ਵੀ ਆਪਣੇ ਮਨੋਂ ਵਿਸਾਰ ਬੈਠੇ ਹਨ । ਅਨੇਕਾਂ ਵਾਰੀ ਉਹ ਆਪਣੇ ਸਾਹਮਣੇ ਆਪਣੇ ਸਾਥੀਆਂ ਨੂੰ ਬਿਸਤਰਾ ਬੋਰੀਆ ਬੰਨ੍ਹੀਂ ਅੱਗੇ ਤੁਰੇ ਜਾਂਦੇ ਦੇਖਦੇ ਵੀ ਹਨ ਫੇਰ ਵੀ ਮੌਤ ਦਾ ਸਚ ਨਹੀਂ ਆਉਂਦਾ ਉਨ੍ਹਾਂ ਅੰਨ੍ਹਿਆਂ ਨੂੰ । ਕਈ ਵਾਰੀ ਸਮਾਂ ਮਿਲਦਾ ਹੈ ਉਨ੍ਹਾਂ ਨੂੰ ਨੌਵੇਂ ਪਾਤਸ਼ਾਹ ਦੇ ਭੋਗ ਦੇ ਸਲੋਕ ਕੰਨੀ ਸੁਣਨ ਦਾ ਪਰ ਕੀ ਮਜਾਲ ਕਿ ਉਨ੍ਹਾਂ ਦੇ ਕੰਨਾਂ ਤੇ ਜੂੰ ਸਰਕੇ । ਉਨ੍ਹਾਂ ਨੂੰ ਜਦ ਗੁਰੂ ਦੀ ਬਾਣੀ ਤੇ ਯਕੀਨ ਭਰੋਸਾ ਨਹੀਂ ਆਇਆ ਕਿਵੇਂ ਭਰੋਸਾ ਆਵੇ ਆਪਣੀ ਮੌਤ ਤੇ । ਉਦੋਂ ਹੀ ਆਊ ਜਦੋਂ ਜਮਪੁਰੀ ਵਿਖੇ ਖੁਆਰੀ ਉਠਾਉਣੀ ਪਈ ਤੇ ਮੁੜ ਮੁੜ ਜੰਮਣਾ ਮਰਨਾ ਪਿਆ ।

– ਮਨਮੁਖ ਤੋਟਾ ਨਿਤ ਹੈ ਭਰਮਹਿ ਭਰਮਾਏ॥ ਮਨਮੁਖੁ ਅੰਧੁ ਨ ਚੇਤਈ ਕਿਉ ਦਰਸਨੁ ਪਾਏ॥ (੪੨੧)

– ਬਿਨੁ ਨਾਵੈ ਕੋਇ ਨ ਮੰਨੀਐ ਮਨਮੁਖਿ ਪਤਿ ਗਵਾਈ॥
ਜਮ ਪੁਰਿ ਬਾਧੇ ਮਾਰੀਅਹਿ ਬਿਰਥਾ ਜਨਮੁ ਗਵਾਈ॥ (੪੨੬)

– ਮਨਮੁਖ ਦੁਬਿਧਾ ਦੁਰਮਤਿ ਬਿਆਪੇ ਜਿਨ ਅੰਤਰਿ ਮੋਹ ਗੁਬਾਰੀ॥
ਸੰਤ ਜਨਾ ਕੀ ਕਥਾ ਨ ਭਾਵੈ ਓਇ ਡੂਬੇ ਸਣੁ ਪਰਵਾਰੀ॥ (੫੦੭)

ਮਨਮੁਖ ਆਪਣੀ ਖੋਟੀ ਮਤਿ ਦੇ ਕਾਰਨ ਸਦਾ ਦੁਚਿਤੇ ਹੀ ਰਹਿੰਦੇ ਹਨ । ਉਨ੍ਹਾਂ ਅੰਦਰ ਮੋਹ ਮਾਇਆ ਦੇ ਅਗਿਆਨ ਦਾ ਅਨ੍ਹੇਰ ਖਾਤਾ ਹੈ । ਉਨ੍ਹਾਂ ਨੂੰ ਸੰਤ ਸਰੂਪ ਪੂਰੇ ਗੁਰੂਆਂ ਦੀ ਕਥੀ ਹੋਈ ਕਥਾ ਭਾਵ ਗੁਰਬਾਣੀ ਚੰਗੀ ਹੀ ਨਹੀਂ ਲਗਦੀ । ਸਗੋਂ ਉਲਟਾ ਗੁਰਬਾਣੀ ਦੇ ਸ਼ਰਧਾਲੂਆਂ ਗੁਰਸਿੱਖਾਂ ਨੂੰ ਰੋਜ਼ ਰੋਜ਼ ਗੁਰਬਾਣੀ ਦਾ ਨਿੱਤਨੇਮ ਕਰਦਿਆਂ ਨੂੰ ਪੁੱਠਾ ਉਪਦੇਸ਼ ਦੇ ਕੇ (ਕਿ ਇੱਕੋ ਗੱਲ ਹੀ ਘੜੀ ਮੁੜੀ ਦੁਹਰਾਉਣ ਦਾ ਕੋਈ ਲਾਭ ਨਹੀਂ) ਪਾਪਾਂ ਦੇ ਭਾਗੀ ਬਣਦੇ ਹਨ । ਐਸੀ ਖੋਟੀ ਮਤਿ ਵਾਲੇ ਮਨਮੁਖ ਆਪਣੇ ਸਣੇ ਪਰਿਵਾਰ ਦੇ ਲਾਜ਼ਮੀ ਤੌਰ 'ਤੇ ਡੁੱਬ ਮਰਨਗੇ । ਗੁਰਸਿੱਖਾਂ ਨੂੰ ਪੂਰਾ ਨਿਸ਼ਚਾ ਹੈ ਇਸ ਸਚੀ ਗੱਲ ਉੱਤੇ ।

– ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਆਚਾਰੁ॥

ਹਰਿ ਨਾਮੁ ਨ ਪਾਇਆ ਜਨਮੁ ਬਿਰਥਾ ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰ॥ (੫੦੮)

ਨਾਮ ਨਾ ਜਪਣਾ, ਗੁਰ ਸਬਦ ਦੀ ਕਮਾਈ ਨਾ ਕਰਨੀ ਇਹ ਵੀ ਕੋਈ ਆਚਾਰ ਕਹਾ ਸਕਦਾ ਹੈ ਮਨਮੁਖਾਂ ਦਾ? ਬਿਲਕੁੱਲ ਨਹੀਂ । "ਨਾਮ ਬਿਨ ਕੈਸੇ ਆਚਾਰ" ਦੇ ਗੁਰਵਾਕ ਅਨੁਸਾਰ ਮਨਮੁਖਾਂ ਦੇ ਆਚਾਰ ਨੂੰ ਆਚਾਰ ਆਖਣਾ ਹੀ ਅਸਲੀ "ਆਚਾਰ" ਸ਼ਬਦ ਦੀ ਹਤਕ ਕਰਨਾ ਹੈ । ਜਿਨ੍ਹਾਂ ਨੇ ਪੂਰੇ ਗੁਰੂ ਪਾਸੋਂ ਨਾਮ ਦੀ ਪ੍ਰਾਪਤੀ ਨਹੀਂ ਕੀਤੀ ਉਹ ਪਏ ਫਿਰਨ ਆਪਣੇ ਫੋਕੇ ਆਚਾਰ ਨੂੰ ਸਿਰ ਤੇ ਚੁੱਕੀ । ਉਨ੍ਹਾਂ ਦਾ ਜਨਮ ਹੀ ਬਿਰਥਾ ਜਾ ਰਿਹਾ ਹੈ । ਐਸੇ ਨਾਮੋ ਹੀਣਿਆਂ ਮਨਮੁਖਾਂ ਨੂੰ ਜਮ ਮਾਰ ਮਾਰ ਕੇ ਜ਼ਰੂਰ ਖੱਜਲ ਖੁਆਰ ਕਰਨਗੇ । ਯਥਾ ਗੁਰਵਾਕ: -

- ਮਨਮੁਖ ਅਗਿਆਨੀ ਮਾਇਆ ਮੋਹਿ ਵਿਆਪੇ ਤਿਨ੍ ਬੂਝ ਨ ਕਾਈ ਪਾਇ॥
ਹਲਤਿ ਪਲਤਿ ਓਇ ਸੁਖੁ ਨ ਪਾਵਹਿ ਅੰਤਿ ਗਏ ਪਛੁਤਾਇ॥ (੫੧੧)

- ਹੋਰਿ ਮਰਿ ਜੰਮਹਿ ਆਵਹਿ ਜਾਵਹਿ ਅੰਤਿ ਗਏ ਪਛੁਤਾਵਹਿ ਬਿਨੁ ਨਾਵੈ ਸੁਖੁ ਨ ਹੋਈ॥
ਐਥੈ ਕਮਾਵੈ ਸੋ ਫਲੁ ਪਾਵੈ ਮਨਮੁਖਿ ਹੈ ਪਤਿ ਖੋਈ॥ (੫੮੪)

- ਮਨਮੁਖ ਜਮ ਮਗਿ ਪਾਈਅਨਿ੍ ਜਿਨ੍ ਦੂਜਾ ਭਾਉ ਪਿਆਰਾ॥
ਜਮ ਪੁਰਿ ਬਧੇ ਮਾਰੀਅਨਿ ਕੋ ਸੁਣੈ ਨ ਪੂਕਾਰਾ॥ (੫੧੩)

ਕਲਜੁਗ ਵਿਖੇ ਜਮ ਬੜਾ ਅਵੈੜਾ ਹੋ ਗਿਆ ਹੈ । ਉਸ ਦਾ ਅਵੈੜੇ ਸੁਭਾਅ ਵਾਲਾ ਹੋਣਾ ਧੁਰ ਦਰਗਾਹੀ ਹੁਕਮ ਅਨੁਸਾਰ ਹੀ ਹੋਇਆ ਹੈ । ਉਹ ਅਲਾਹੀ ਹੁਕਮ ਦਾ ਆਗਿਆਕਾਰੀ ਹੋ ਕੇ ਮਨਮੁਖਾਂ ਨੂੰ ਅੱਗੇ ਲੈ ਜਾ ਕੇ ਸਜ਼ਾਵਾਂ ਦਿੰਦਾ ਦਿਵਾਉਂਦਾ ਹੈ । ਯਥਾ ਗੁਰਵਾਕ: -

ਕਲਿ ਮਹਿ ਜਮੁ ਜੰਦਾਰੁ ਹੈ ਹੁਕਮੇ ਕਾਰ ਕਮਾਇ॥ ਗੁਰਿ ਰਾਖੇ ਸੇ ਉਬਰੇ ਮਨਮੁਖਾ ਦੇਇ ਸਜਾਇ॥ (੫੯੮)

ਜੋ ਗੁਰੂ ਦੀ ਸ਼ਰਨੀ ਆ ਪੈਂਦੇ ਹਨ ਉਨ੍ਹਾਂ ਦੇ ਨੇੜੇ ਇਹ ਢੁੱਕ ਹੀ ਨਹੀਂ ਸਕਦਾ । ਗੁਰੂ ਦੇ ਸਿੱਖਾਂ ਨੇੜੇ ਤਾਂ ਇਸ ਨੇ ਕੀ ਢੁੱਕਣਾ ਸੀ, ਇਹ ਤਾਂ ਗੁਰੂ ਦੇ ਸਿੱਖਾਂ ਨਾਮ ਰਸੀਆਂ ਦਾ ਸਚੇ ਦਿਲੋਂ ਸਤਿਕਾਰ ਕਰਨ ਵਾਲਿਆਂ ਦੇ ਨੇੜੇ ਵੀ ਨਹੀਂ ਜਾ ਸਕਦਾ । ਐਸਾ ਪ੍ਰਤਾਪ ਹੈ ਗੁਰੂ ਦੇ ਗੁਰਮਤਿ ਨਾਮ (ਗੁਰਮੰਤ੍ਰ) ਦਾ । ਯਥਾ ਗੁਰਵਾਕ: -

ਤੁਧੁ ਸਾਲਾਹਨਿ ਤਿਨ ਧਨੁ ਪਲੈ ਨਾਨਕ ਕਾ ਧਨੁ ਸੋਈ॥
ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ॥ (੧੩੨੮)

ਮਨਮੁਖਾਂ ਦੀ ਮਾਇਕ ਪਦਾਰਥਾਂ ਦੀ ਭੁੱਖ ਕਦੇ ਮਿਟ ਨਹੀਂ ਸਕਦੀ । ਉਹ ਹਰ ਸਮੇਂ ਦਹਿਦਿਸ ਡੋਲਦੇ ਫਿਰਦੇ ਦੁੱਖ ਪਾਉਂਦੇ ਹਨ । ਉਨ੍ਹਾਂ ਦੀਆਂ ਜੰਮਣ ਮਰਨ ਦੀਆਂ ਕਰੜੀਆਂ ਸਜ਼ਾਵਾਂ ਅਤੇ ਧਰਮਰਾਇ ਦੀ ਕਚੈਹਰੀ ਦੀਆਂ ਸਜ਼ਾਵਾਂ ਖੜੀਆਂ ਹੀ ਰਹਿੰਦੀਆਂ ਹਨ । ਯਥਾ ਗੁਰਵਾਕ: -

ਮਨਮੁਖ ਭੂਖੇ ਦਹ ਦਿਸ ਡੋਲਹਿ ਬਿਨੁ ਨਾਵੈ ਦੁਖੁ ਪਾਈ॥
ਜਨਮਿ ਮਰੈ ਫਿਰਿ ਜੋਨੀ ਆਵੈ ਦਰਗਹ ਮਿਲੈ ਸਜਾਈ॥ (੬੦੭)

ਜਿਨ੍ਹਾਂ ਨੇ ਮਨੁੱਖਾ ਜਨਮ ਪਾਇਕੈ ਪੂਰੇ ਗੁਰੂ ਨੂੰ ਮਿਲ ਕੇ ਨਾਮ ਦੀ ਪ੍ਰਾਪਤੀ ਕਰ ਲਈ ਹੈ ਉਹ ਗੁਰਮੁਖਿ ਬਣ ਗਏ ਹਨ । ਐਸੇ ਗੁਰਮੁਖਾਂ ਸਾਸਿ ਗਿਰਾਸਿ ਨਾਮ ਜਪਣ ਵਾਲਿਆਂ ਗੁਰਸਿਖਾਂ ਨੂੰ ਨਾ ਜਮਾਂ ਦਾ ਡਰ ਤੇ ਨਾ ਉਨ੍ਹਾਂ ਦੀਆਂ ਸਜ਼ਾਵਾਂ ਦਾ ਕੋਈ ਭੈ । ਉਹ ਪੂਰੇ ਗੁਰੂ ਨੂੰ ਮਿਲਣ ਦੇ ਕਾਰਨ ਸੰਵਾਰੇ ਗਏ ਹਨ ਤੇ ਉਨ੍ਹਾਂ ਦੀ ਪੂਰੀ ਪੈ ਗਈ ਹੈ । ਯਥਾ ਗੁਰਵਾਕ: -

– ਮਨਮੁਖਿ ਢੋਈ ਨਹ ਮਿਲੈ ਪਿਆਰੇ ਦਰਗਹ ਮਿਲੈ ਸਜਾਇ॥
ਜੋ ਗੁਰ ਮੇਲਿ ਸਵਾਰਿਆ ਪਿਆਰੇ ਤਿਨਾ ਪੂਰੀ ਪਾਇ॥ (੬੪੧)

– ਮਨਮੁਖਿ ਹਰਿ ਰਸੁ ਚਾਖਿਆ ਨ ਜਾਇ॥ ਹਉਮੈ ਕਰੈ ਬਹੁਤੀ ਮਿਲੈ ਸਜਾਇ॥ (੭੩੩)

ਮਨਮੁਖ ਦੁਨੀਆਂ ਨਾਲ ਦੋਸਤੀ ਪਾ ਕੇ ਮਾਨੋ ਅੱਗ ਵਿੱਚ ਹੀ ਛਾਲ ਮਾਰ ਬੈਠੇ ਹਨ । ਉਨ੍ਹਾਂ ਦੀ ਸਾਰੀ ਉਮਰ ਦੁਖਾਂ ਦੀ ਸੜਦੀ ਬਲਦੀ ਤੱਤੀ ਭੱਠੀ ਵਿੱਚ ਹੀ ਬੀਤਦੀ ਹੈ । ਇਹ ਸਮਾਂ ਸੀ ਗੁਰੂ ਪਾਸੋਂ ਨਾਮ ਦੀ ਪ੍ਰਾਪਤੀ ਕਰਕੇ ਦੁੱਖਾਂ ਤੋਂ ਛੁਟਕਾਰਾ ਕਰਵਾਉਣ ਦਾ । ਮੁੜਿ ਇਹ ਦੁਰਲੱਭ ਸਮਾਂ ਕਿਸੇ ਭਾ ਵੀ ਹੱਥ ਨਹੀਂ ਲੱਗ ਸਕਦਾ । ਮਨਮੁਖਾਂ ਨੂੰ ਅੱਗੇ ਜਮਪੁਰੀ ਵਿਖੇ ਬੰਨ੍ਹ ਕੇ ਮਾਰਿਆ ਪਿੱਟਿਆ ਜਾਣਾ ਹੈ । ਯਥਾ ਗੁਰਵਾਕ: –

– ਦੁਨੀਆ ਕੇਰੀ ਦੋਸਤੀ ਮਨਮੁਖ ਦਝਿ ਮਰੰਨਿ॥ ਜਮ ਪੁਰਿ ਬਧੇ ਮਾਰੀਅਹਿ ਵੇਲਾ ਨ ਲਾਹੰਨਿ॥ (੭੫੫)

– ਮਨਮੁਖੁ ਅੰਧਾ ਦੂਜੈ ਭਾਇ॥ ਜਮ ਦਰਿ ਬਾਧਾ ਚੋਟਾ ਖਾਇ॥ (੯੪੧)

– ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥ ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥ (੭੫੫)

ਮਨਮੁਖ ਨਾਮ ਤੋਂ ਹੀਣੇ ਹੋਣ ਕਰਕੇ ਆਪਣਾ ਸਾਰਾ ਦਿਨ ਝੂਠਿਆਂ ਜਗਤ ਧੰਧਿਆਂ ਅੰਦਰ ਬਿਤਾਉਂਦੇ ਹਨ । ਰਾਤ ਸਾਰੀ ਸੌਂ ਕੇ ਗਵਾ ਲੈਂਦੇ ਹਨ । **“ਨਾਮ ਬਿਨਾ ਸਭ ਕੂੜੁ”** ਦੇ ਗੁਰਵਾਕ ਅਨੁਸਾਰ ਮਨਮੁਖ ਸਾਰਾ ਦਿਨ ਝੂਠ ਬੋਲ ਬੋਲ ਕੇ ਵਿਹੁ ਖਾਂਦੇ ਹਨ । ਇਸ ਪ੍ਰਕਾਰ ਦੂਜੇ ਭਾ ਵਿੱਚ ਲੱਗਿਆਂ ਦੀ ਸਾਰੀ ਉਮਰ ਬੀਤਦੀ ਹੈ । ਜਮਾਂ ਦਾ ਡੰਡੁ ਉਨ੍ਹਾਂ ਦੇ ਸਿਰੋਂ ਦੱਸੋ ਕਿਵੇਂ ਲੱਥੇ? ਉਹ ਕਿਉਂ ਨ ਜਮ ਡੰਡ ਸਹਿੰਦੇ ਜੰਮਦੇ ਮਰਦੇ ਰਹਿਣ? ਯਥਾ ਗੁਰਵਾਕ: –

ਧੰਧਾ ਧਾਵਤ ਦਿਨੁ ਗਇਆ ਰੈਣਿ ਗਵਾਈ ਸੋਇ॥ ਕੂੜੁ ਬੋਲਿ ਬਿਖੁ ਖਾਇਆ ਮਨਮੁਖਿ ਚਲਿਆ ਰੋਇ॥

ਸਿਰੈ ਉਪਰਿ ਜਮ ਡੰਡੁ ਹੈ ਦੂਜੈ ਭਾਇ ਪਤਿ ਖੋਇ॥
ਹਰਿ ਨਾਮੁ ਕਦੇ ਨ ਚੇਤਿਓ ਫਿਰਿ ਆਵਣ ਜਾਣਾ ਹੋਇ॥ (੯੪੮)

ਕਾਮ ਕ੍ਰੋਧ ਦੇ ਪੁਤਲੇ ਮਨਮੁਖਾਂ ਨੂੰ ਬੋਲਣ ਦਾ ਵੀ ਚੱਜ ਨਹੀਂ । ਉਨ੍ਹਾਂ ਵਿਕਾਰਾਂ ਵਿੱਚ ਫਸੇ ਲੋਭੀਆਂ ਲਾਲਚੀਆਂ ਨੂੰ ਥਾਉਂ ਕੁਥਾਉਂ ਪ੍ਰਖਣ ਦਾ ਵੀ ਸ਼ਊਰ ਨਹੀਂ। ਉਹ ਜਿੱਥੇ ਵੀ ਜਾਂਦੇ ਹਨ ਆਪਣੇ ਸੁਆਰਥ ਦੀਆਂ ਗੱਲਾਂ ਹੀ ਕਰਦੇ ਹਨ । ਉਨ੍ਹਾਂ ਨੂੰ ਇਹ ਕੋਈ ਗਿਆਨ ਨਹੀਂ ਕਿ ਭਲਾ ਕਿਸ ਕੰਮ ਵਿੱਚ ਹੈ । ਉਨ੍ਹਾਂ ਨੂੰ ਇਹ ਵੀ ਇਲਮ ਨਹੀਂ ਸਾਰੇ ਸੁਆਸ ਨਾਮ ਜਪਣ ਲਈ ਮਿਲੇ ਹਨ । ਅੱਗੇ ਦਰਗਾਹੇ ਇਨ੍ਹਾਂ ਪਾਸੋਂ ਲੇਖਾ ਮੰਗਿਆ ਜਾਣਾ ਹੈ । ਮਨਮੁਖਾਂ ਨੂੰ ਗੁਰੂ ਕੇ ਸਚੇ ਬਚਨ ਕੰਨ ਕਰਕੇ ਧਿਆਨ ਨਾਲ ਸੁਣਨੇ ਚਾਹੀਦੇ ਹਨ ਨਹੀਂ ਤਾਂ ਉਨ੍ਹਾਂ ਨੂੰ ਅਤਿ ਕਰੜੇ ਭਿਆਨਕ ਜਮ ਇੱਕ ਦਿਨ ਜ਼ਰੂਰ ਹੀ ਆ ਮਾਰਨਗੇ ਤੇ ਅੱਗੇ ਲਿਜਾ ਕੇ ਖੁਆਰੀ ਕਰਨਗੇ । ਯਥਾ ਗੁਰਵਾਕ: –

ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ॥
ਓਇ ਥਾਉ ਕੁਥਾਉ ਨ ਜਾਣਨੀ ਉਨ ਅੰਤਰਿ ਲੋਭੁ ਵਿਕਾਰੁ॥
ਓਇ ਆਪਣੈ ਸੁਆਇ ਆਇ ਬਹਿ ਗਲਾ ਕਰਹਿ ਓਨਾ ਮਾਰੇ ਜਮੁ ਜੰਦਾਰੁ॥
ਅਗੈ ਦਰਗਹ ਲੇਖੈ ਮੰਗਿਐ ਮਾਰਿ ਖੁਆਰੁ ਕੀਚਹਿ ਕੂੜਿਆਰ॥ (੯੫੦)

ਮਨਮੁਖਾਂ ਦੇ ਦਰਅਸਲ ਸਾਰੇ ਕੰਮ ਹੀ ਅਨ੍ਹੇਰ ਖਾਤੇ ਵਾਲੇ ਹੁੰਦੇ ਹਨ । ਉਨ੍ਹਾਂ ਨੂੰ ਸਾਰੀਆਂ ਜੂਨਾਂ ਅੰਦਰ ਪੈ ਕੇ ਬੇਅੰਤ ਦੁੱਖ ਝੱਲਣੇ ਪੈਂਦੇ ਹਨ । ਬਿਨਾਂ ਗੁਰੂ ਤੋਂ ਹੋਰ ਕੋਈ ਉਨ੍ਹਾਂ ਦੀ ਜਮਾਂ ਦੀ ਫਾਂਸੀ ਨੂੰ ਕੱਟ ਨਹੀਂ ਸਕਦਾ । ਅਖੀਰ ਨੂੰ ਅਣਗਿਣਤ ਦੁੱਖ ਉਨ੍ਹਾਂ ਨੂੰ ਭੋਗਣੇ ਪੈਣਗੇ । ਯਥਾ ਗੁਰਵਾਕ: –

ਮਨਮੁਖੁ ਅੰਧਾ ਅੰਧੁ ਕਮਾਏ॥ ਬਹੁ ਸੰਕਟ ਜੋਨੀ ਭਰਮਾਏ॥
ਜਮ ਕਾ ਜੇਵੜਾ ਕਦੇ ਨ ਕਾਟੈ ਅੰਤੇ ਬਹੁ ਦੁਖੁ ਪਾਇਆ॥ (੧੦੬੮)

ਨਾਮ ਵਿਹੂਣੇ ਮਨਮੁਖਾਂ (ਸਾਕਤਾਂ) ਦੀ ਅਗਲੀ ਦਰਗਾਹੇ ਜੋ ਦੁਰਗਤੀ ਹੁੰਦੀ ਹੈ ਉਸ ਤੋਂ ਭਲੀ ਪ੍ਰਕਾਰ ਜਾਣੂ ਹੋਣ ਲਈ ਵਾਚੋ ਜ਼ਰਾ ਗਹੁ ਨਾਲ ਹੇਠ ਲਿਖੇ ਗੁਰ ਪ੍ਰਮਾਣ: –

– ਮੇਰੇ ਮਨ ਨਾਮ ਬਿਨਾ ਜੋ ਦੂਜੈ ਲਾਗੇ ਤੇ ਸਾਕਤ ਨਰ ਜਮਿ ਘੁਟੀਐ॥
ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ ਮਨ ਤਿਨ ਕੈ ਨਿਕਟਿ ਨ ਭਿਟੀਐ॥ (੧੭੦)

– ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ॥ ਚੋਰ ਕੀ ਨਿਆਈ ਜਮ ਪੁਰਿ ਬਾਧਾ॥ (੨੪੦)

– ਐਥੈ ਨਾਵਹੁ ਭੁਲਿਆ ਫਿਰਿ ਹਥੁ ਕਿਥਾਊ ਨ ਪਾਇ॥ ਜੋਨੀ ਸਭਿ ਭਵਾਈਅਨਿ ਬਿਸਟਾ ਮਾਹਿ ਸਮਾਇ॥ (੯੯੪)

– ਬਿਨੁ ਸਤਿਗੁਰ ਸੇਵੇ ਜਗਤੁ ਮੁਆ ਬਿਰਥਾ ਜਨਮੁ ਗਵਾਇ॥ ਦੂਜੈ ਭਾਇ ਅਤਿ ਦੁਖੁ ਲਗਾ ਮਰਿ ਜੰਮੈ ਆਵੈ ਜਾਇ॥
ਵਿਸਟਾ ਅੰਦਰਿ ਵਾਸੁ ਹੈ ਫਿਰਿ ਫਿਰਿ ਜੂਨੀ ਪਾਇ॥
ਨਾਨਕ ਬਿਨੁ ਨਾਵੈ ਜਮੁ ਮਾਰਸੀ ਅੰਤਿ ਗਇਆ ਪਛੁਤਾਇ॥ (੫੯੧)

– ਸਾ ਕਾਇਆ ਜੋ ਸਤਿਗੁਰੁ ਸੇਵੈ ਸਚੈ ਆਪਿ ਸਵਾਰੀ॥
ਵਿਣੁ ਨਾਵੈ ਦਰਿ ਢੋਈ ਨਾਹੀ ਤਾ ਜਮੁ ਕਰੇ ਖੁਆਰੀ॥ (੭੫੪)

– ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਹਿ॥
ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਹਿ॥ (੮੫੪)

– ਜਿਨ ਹਰਿ ਹਰਿ ਨਾਮੁ ਨ ਚੇਤਿਓ ਸੇ ਭਾਗਹੀਣ ਮਰਿ ਜਾਇ॥
ਓਇ ਫਿਰਿ ਫਿਰਿ ਜੋਨਿ ਭਵਾਈਅਹਿ ਮਰਿ ਜੰਮਹਿ ਆਵੈ ਜਾਇ॥
ਓਇ ਜਮ ਦਰਿ ਬਧੇ ਮਾਰੀਅਹਿ ਹਰਿ ਦਰਗਹ ਮਿਲੈ ਸਜਾਇ॥ (੯੯੬)

– ਖੁਸੀ ਖੁਆਰ ਭਏ ਰਸ ਭੋਗਣ ਫੋਕਟ ਕਰਮ ਵਿਕਾਰ ਕਰੇ॥
ਨਾਮੁ ਬਿਸਾਰਿ ਲੋਭਿ ਮੂਲੁ ਖੋਇਓ ਸਿਰਿ ਧਰਮ ਰਾਇ ਕਾ ਡੰਡੁ ਪਰੇ॥ (੧੦੧੪)

– ਪ੍ਰੇਤ ਪਿੰਜਰ ਮਹਿ ਦੂਖ ਘਨੇਰੇ॥ ਨਰਕਿ ਪਚਹਿ ਅਗਿਆਨ ਅੰਧੇਰੇ॥
ਧਰਮ ਰਾਇ ਕੀ ਬਾਕੀ ਲੀਜੈ ਜਿਨਿ ਹਰਿ ਕਾ ਨਾਮੁ ਵਿਸਾਰਾ ਹੇ॥ (੧੦੨੯)

– ਜਮ ਦਰਿ ਬਾਧੇ ਮਿਲਹਿ ਸਜਾਈ॥ ਤਿਸੁ ਅਪਰਾਧੀ ਗਤਿ ਨਹੀ ਕਾਈ॥
ਕਰਣ ਪਲਾਵ ਕਰੇ ਬਿਲਲਾਵੈ ਜਿਉ ਕੁੰਡੀ ਮੀਨੁ ਪਰਾਤਾ ਹੇ॥ (੧੦੩੧)

– ਜਿਨੀ ਨਾਮੁ ਵਿਸਾਰਿਆ ਸੇ ਕਿਤੁ ਆਏ ਸੰਸਾਰਿ॥ ਆਗੈ ਪਾਛੈ ਸੁਖੁ ਨਹੀ ਗਾਡੇ ਲਾਦੇ ਛਾਰੁ॥

ਵਿਛੁੜਿਆ ਮੇਲਾ ਨਹੀ ਦੂਖੁ ਘਣੋ ਜਮ ਦੁਆਰਿ॥ (੧੦੧੦)

– ਨਾਮੁ ਬਿਸਾਰਿ ਚਲਹਿ ਅਨ ਮਾਰਗਿ ਨਰਕ ਘੋਰ ਮਹਿ ਪਾਹਿ॥
ਅਨਿਕ ਸਜਾਂਈ ਗਣਤ ਨ ਆਵੈ ਗਰਭੈ ਗਰਭਿ ਭ੍ਰਮਾਹਿ॥ (੧੨੨੫)

ਜੇਕਰ ਮਨਮੁਖ ਉਕਤ ਸ੍ਰੀ ਮੁੱਖ ਵਾਕਾਂ ਤੇ ਸ਼ਰਧਾ ਭਾਵਨੀ ਲੈ ਆਵਣ ਤਾਂ "ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ" ਦੇ ਮਹਾਂਵਾਕ ਅਨੁਸਾਰ ਨਿਰਭੈ ਪਦ ਨੂੰ ਪਾ ਸਕਦੇ ਹਨ । ਗੁਰਬਾਣੀ ਤੇ ਸ਼ਰਧਾ ਭਾਵਣੀ ਲਿਆ ਕੇ ਇਸ ਅਨੁਸਾਰ ਆਪਣੇ ਜੀਵਨ ਨੂੰ ਗੁਰਮਤਿ ਦੇ ਸਾਂਚੇ ਵਿੱਚ ਢਾਲਣਾ ਹੀ ਸਭ ਤੋਂ ਔਖਾ ਕੰਮ ਹੈ ਜਿਸ ਨੂੰ **"ਖੰਨਿਅਹੁ ਤਿਖੀ ਵਾਲਹੁ ਨਿਕੀ"** ਵਰਨਿਆ ਗਿਆ ਹੈ ਗੁਰਬਾਣੀ ਅੰਦਰ । ਇਸੇ ਲਈ ਗੁਰੂ ਸਾਹਿਬ ਗੁਰਸਿੱਖਾਂ ਰਾਹੀਂ ਬਾਰ-ਬਾਰ ਤਾਕੀਦ ਕਰਦੇ ਹਨ ਸੰਸਾਰ ਦੇ ਸਾਰੇ ਪ੍ਰਾਣੀਆਂ ਨੂੰ ਗੁਰਬਾਣੀ ਸਤਿ ਸਤਿ ਕਰਕੇ ਮੰਨਣ ਲਈ ਯਥਾ ਗੁਰਵਾਕ: –

– ਅਨਦਿਨੁ ਨਾਮੁ ਜਪਹੁ ਗੁਰਸਿਖਹੁ ਹਰਿ ਕਰਤਾ ਸਤਿਗੁਰੁ ਘਰੀ ਵਸਾਏ॥
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥ (੩੦੮)

– ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ॥ ਗੁਰ ਕੈ ਸਬਦਿ ਮਨ ਕਉ ਸਮਝਾਵਹਿ॥
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ॥ (੧੦੨੮)

ਮਨਮੁਖ ਸਦਾ ਜੰਮਦੇ ਮਰਦੇ ਰਹਿੰਦੇ ਹਨ । ਉਨ੍ਹਾਂ ਨੂੰ ਮੁੜਿ ਮੁੜਿ ਜਮਾਂ ਦੀਆਂ ਸੱਟਾਂ ਸਹਿਣੀਆਂ ਪੈਂਦੀਆਂ ਹਨ । ਜਿਤਨੇ ਵੀ ਨਰਕ ਹਨ ਉਹ ਸਾਰੇ ਦੇ ਸਾਰੇ ਮਨਮੁਖਾਂ ਦੇ ਭੋਗਣੇ ਲਈ ਹੀ ਬਣਾਏ ਗਏ ਹਨ । ਯਥਾ ਗੁਰਵਾਕ: –

ਮਨਮੁਖਿ ਆਵੈ ਮਨਮੁਖਿ ਜਾਵੈ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥
ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ॥ (੧੦੭੩)

ਇਹ ਹੈ ਮਨਮੁਖਾਂ ਸਾਕਤਾਂ ਨਿਗੁਰਿਆਂ ਦਾ ਹਾਲ ਹਵਾਲ ਜੋ ਅੱਗੇ ਜਾ ਕੇ ਹੁੰਦਾ ਹੈ । ਇਹ ਸੰਤ ਰੂਪ ਗੁਰੂਆਂ ਦੀ ਦੇਖੀ ਪਰਖੀ ਹੋਈ ਸੋਲ੍ਹਾਂ ਆਨੇ ਸੱਚੀ ਗੱਲ ਹੈ । ਯਥਾ ਗੁਰਵਾਕ: –

– ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥ (੯੯੪)

ਇਸੇ ਪ੍ਰਕਰਣ ਪ੍ਰਥਾਏ ਕੁਝ ਹੋਰ ਪ੍ਰਮਾਣ: –

– ਮਨਮੁਖੁ ਰੰਗੁ ਕਸੁੰਭੁ ਹੈ ਕਚੂਆ ਜਿਉ ਕੁਸਮ ਚਾਰਿ ਦਿਨ ਚਾਗਾ॥
ਖਿਨ ਮਹਿ ਬਿਨਸਿ ਜਾਇ ਪਰਤਾਪੈ ਡੰਡੁ ਧਰਮ ਰਾਇ ਕਾ ਲਾਗਾ॥ (੯੮੫)

– ਮਨਮੁਖ ਤ੍ਰਿਸਨਾ ਭਰਿ ਰਹੇ ਮਨਿ ਆਸਾ ਦਹ ਦਿਸ ਬਹੁ ਲਾਖੁ॥
ਬਿਨੁ ਨਾਵੈ ਧ੍ਰਿਗੁ ਜੀਵਦੇ ਵਿਚਿ ਬਿਸਟਾ ਮਨਮੁਖ ਰਾਖੁ॥
ਓਇ ਆਵਹਿ ਜਾਹਿ ਭਵਾਈਅਹਿ ਬਹੁ ਜੋਨੀ ਦੁਰਗੰਧ ਭਾਖੁ॥ (੯੯੭)

– ਆਗੈ ਬਿਮਲ ਨਦੀ ਅਗਨਿ ਬਿਖੁ ਝੇਲਾ॥ ਤਿਥੈ ਅਵਰੁ ਨ ਕੋਈ ਜੀਉ ਇਕੇਲਾ॥
ਭੜ ਭੜ ਅਗਨਿ ਸਾਗਰੁ ਦੇ ਲਹਰੀ ਪੜਿ ਦਝਹਿ ਮਨਮੁਖ ਤਾਈ ਹੇ॥ (੧੦੨੬)

– ਮਨਮੁਖ ਅੰਧੁਲੇ ਸੋਝੀ ਨਾਹੀ॥ ਆਵਹਿ ਜਾਹਿ ਮਰਹਿ ਮਰਿ ਜਾਹੀ॥
ਪੂਰਬਿ ਲਿਖਿਆ ਲੇਖੁ ਨ ਮਿਟਈ ਜਮ ਦਰਿ ਅੰਧੁ ਖੁਆਰਾ ਹੇ॥ (੧੦੨੯)

– ਮਨਮੁਖੁ ਨਿੰਦਾ ਕਰਿ ਕਰਿ ਵਿਗੁਤਾ॥ ਅੰਤਰਿ ਲੋਭੁ ਭਉਕੈ ਜਿਸੁ ਕੁਤਾ॥
ਜਮਕਾਲੁ ਤਿਸੁ ਕਦੇ ਨ ਛੋਡੈ ਅੰਤਿ ਗਇਆ ਪਛੁਤਾਈ ਹੇ॥ (੧੦੪੬)

– ਮਨਮੁਖ ਹਉਮੈ ਮਾਇਆ ਸੂਤੇ॥ ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ॥
ਪਰ ਨਿੰਦਾ ਕਰਹਿ ਬਹੁ ਚਿੰਤਾ ਜਾਲੈ ਦੁਖੇ ਦੁਖਿ ਨਿਵਾਸੀ ਹੇ॥ (੧੦੪੯)

– ਇਕਿ ਕਿਤੁ ਆਏ ਜਨਮੁ ਗਵਾਏ॥ ਮਨਮੁਖ ਲਾਗੇ ਦੂਜੈ ਭਾਏ॥
ਏਹ ਵੇਲਾ ਫਿਰਿ ਹਾਥਿ ਨ ਆਵੈ ਪਗਿ ਖਿਸਿਐ ਪਛੁਤਾਇਦਾ॥ (੧੦੬੫)

– ਮਨਮੁਖਿ ਆਵੈ ਮਨਮੁਖਿ ਜਾਵੈ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥
ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ॥ (੧੦੭੩)

– ਮਨਮੁਖ ਕਾਲੁ ਵਿਆਪਦਾ ਮੋਹਿ ਮਾਇਆ ਲਾਗੇ॥ ਖਿਨ ਮਹਿ ਮਾਰਿ ਪਛਾੜਸੀ ਭਾਇ ਦੂਜੈ ਠਾਗੇ॥
ਫਿਰਿ ਵੇਲਾ ਹਥਿ ਨ ਆਵਈ ਜਮ ਕਾ ਡੰਡੁ ਲਾਗੇ॥ (੧੦੯੦)

– ਬਿਨੁ ਨਾਵੈ ਮਨਮੁਖ ਜਮ ਪੁਰਿ ਜਾਹਿ॥ ਅਉਖੇ ਹੋਵਹਿ ਚੋਟਾ ਖਾਹਿ॥ (੧੧੨੯)

– ਦੁਖ ਵਿਚਿ ਜੰਮੈ ਦੁਖਿ ਮਰੈ ਦੁਖ ਵਿਚਿ ਕਾਰ ਕਮਾਇ॥
ਗਰਭ ਜੋਨੀ ਵਿਚਿ ਕਦੇ ਨ ਨਿਕਲੈ ਬਿਸਟਾ ਮਾਹਿ ਸਮਾਇ॥ (੧੧੩੦)

– ਮਨਮੁਖਿ ਮਰਹਿ ਤਿਨ ਕਿਛੂ ਨ ਸੂਝੈ ਦੁਰਮਤਿ ਅਗਿਆਨ ਅੰਧਾਰਾ॥
ਭਵਜਲੁ ਪਾਰਿ ਨ ਪਾਵਹਿ ਕਬ ਹੀ ਡੂਬਿ ਮੁਏ ਬਿਨੁ ਗੁਰ ਸਿਰਿ ਭਾਰਾ॥ (੧੧੫੫)

– ਮਨਮੁਖ ਫਿਰਿ ਫਿਰਿ ਹਉਮੈ ਮੁਏ॥ ਕਾਲਿ ਦੈਤਿ ਸੰਘਾਰੇ ਜਮ ਪੁਰਿ ਗਏ॥ (੧੧੭੭)

– ਮਨਮੁਖਿ ਦੂਜਾ ਭਰਮੁ ਹੈ ਦੂਜੈ ਲੋਭਾਇਆ॥ ਕੂੜੁ ਕਪਟੁ ਕਮਾਵਦੇ ਕੂੜੋ ਆਲਾਇਆ॥
ਜਮ ਦਰਿ ਬਧੇ ਮਾਰੀਅਹਿ ਭਰਮਹਿ ਭਰਮਾਇਆ॥ (੧੨੩੮)

– ਸਭੁ ਕੋ ਲੇਖੇ ਵਿਚਿ ਹੈ ਮਨਮੁਖੁ ਅਹੰਕਾਰੀ॥ ਹਰਿ ਨਾਮੁ ਕਦੇ ਨ ਚੇਤਈ ਜਮਕਾਲੁ ਸਿਰਿ ਮਾਰੀ॥ (੧੨੪੭)

– ਮਨਮੁਖ ਸਦਾ ਵਿਛੁੜੇ ਫਿਰਹਿ ਕੋਇ ਨ ਕਿਸ ਹੀ ਨਾਲਿ॥ ਹਉਮੈ ਵਡਾ ਰੋਗੁ ਹੈ ਸਿਰਿ ਮਾਰੇ ਜਮਕਾਲਿ॥ (੧੨੫੮)

– ਮਨਮੁਖ ਜਨਮੁ ਭਇਆ ਹੈ ਬਿਰਥਾ ਆਵਤ ਜਾਤ ਲਜਾਈ॥
ਕਾਮਿ ਕ੍ਰੋਧਿ ਡੂਬੇ ਅਭਿਮਾਨੀ ਹਉਮੈ ਵਿਚਿ ਜਲਿ ਜਾਈ॥
ਤਿਨ ਸਿਧਿ ਨ ਬੁਧਿ ਭਈ ਮਤਿ ਮਧਿਮ ਲੋਭ ਲਹਰਿ ਦੁਖੁ ਪਾਈ॥
ਗੁਰ ਬਿਹੂਨ ਮਹਾ ਦੁਖੁ ਪਾਇਆ ਜਮ ਪਕਰੇ ਬਿਲਲਾਈ॥ (੧੨੬੫)

– ਮਨਮੁਖ ਕਚੇ ਕੂੜਿਆਰ ਤਿਨ੍ੀ ਨਿਹਚਉ ਦਰਗਹ ਹਾਰਿਆ॥
ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨ੍ੀ ਮਾਰਿਆ॥ (੧੨੮੦)

– ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ॥
ਗੁਰਮੁਖਿ ਪਤਿ ਸਿਉ ਲੇਖਾ ਨਿਬੜੈ ਬਖਸੇ ਸਿਫਤਿ ਭੰਡਾਰ॥ (੧੨੮੦)

– ਜਿਵ ਆਇਆ ਤਿਵ ਜਾਇਸੀ ਕੀਆ ਲਿਖਿ ਲੈ ਜਾਇ॥
ਮਨਮੁਖਿ ਮੂਲੁ ਗਵਾਇਆ ਦਰਗਹ ਮਿਲੈ ਸਜਾਇ॥ (੧੩੩੧)

– ਹਉਮੈ ਵਿਚਿ ਜਾਗ੍ਰਣੁ ਨ ਹੋਵਈ ਹਰਿ ਭਗਤਿ ਨ ਪਵਈ ਥਾਇ॥
ਮਨਮੁਖ ਦਰਿ ਢੋਈ ਨਾ ਲਹਹਿ ਭਾਇ ਦੂਜੈ ਕਰਮ ਕਮਾਇ॥
ਧ੍ਰਿਗੁ ਖਾਣਾ ਧ੍ਰਿਗੁ ਪੈਨ੍ਹਣਾ ਜਿਨ੍ਹਾ ਦੂਜੈ ਭਾਇ ਪਿਆਰੁ॥
ਬਿਸਟਾ ਕੇ ਕੀੜੇ ਬਿਸਟਾ ਰਾਤੇ ਮਰਿ ਜੰਮਹਿ ਹੋਹਿ ਖੁਆਰੁ॥ (੧੩੪੭)

ਪ੍ਰਸ਼ਨ: – ਮਨਮੁਖਾਂ ਨਾਲ ਮੇਲ ਜੋਲ ਰੱਖਣਾ ਗੁਰਮਤਿ ਅਨੁਸਾਰ ਕਿੱਥੋਂ ਕੁ ਤਾਈਂ ਜਾਇਜ਼ ਹੈ?

ਉੱਤਰ: – ਦੁਨੀਆਂ ਉੱਤੇ ਦੋ ਪ੍ਰਕਾਰ ਦੀਆਂ ਸਾਂਝਾਂ ਹਨ, ਇੱਕ ਰੋਟੀ ਦੀ ਤੇ ਦੂਜੀ ਬੇਟੀ ਦੀ । ਮਨਮੁਖਾਂ ਨਾਲ ਜੋ ਵੀ ਕੋਈ ਸਾਂਝ ਪਾਵੇਗਾ ਉਹ ਆਪਣਾ ਕੀਤਾ ਆਪ ਭੁਗਤੂ । ਗੁਰਮਤਿ ਕਿਸੇ ਨਾਲ ਵੈਰ ਵਿਰੋਧ ਰੱਖਣਾ ਨਹੀਂ ਸਿਖਾਉਂਦੀ । ਉਪਰਲਾ ਮੇਲ ਮਿਲਾਪ ਸਭ ਨਾਲ ਭਰਾਵਾਂ ਵਰਗਾ ਰੱਖਣਾ ਹੈ । ਰੋਟੀ ਬੇਟੀ ਦੀ ਸਾਂਝ ਮਨਮੁਖਾਂ ਨਾਲ ਉੱਕਾ ਹੀ ਗੁਰਮਤਿ ਪ੍ਰਤਿਕੂਲ ਹੈ। ਆਮ ਦੁਨੀਆਂ ਨਾਲ ਮੇਲ ਮਿਲਾਪ ਰੱਖਣ ਸਬੰਧੀ ਗੁਰੂ ਸਾਹਿਬ ਹੇਠ ਦਿੱਤੇ ਗੁਰ ਸ਼ਬਦ ਅੰਦਰ ਭਲੀ ਪ੍ਰਕਾਰ ਚਾਨਣਾ ਪਾਉਂਦੇ ਹਨ: –

ਸਾਚਿ ਨਾਮਿ ਮੇਰਾ ਮਨੁ ਲਾਗਾ॥ ਲੋਗਨ ਸਿਉ ਮੇਰਾ ਠਾਠਾ ਬਾਗਾ॥
ਬਾਹਰਿ ਸੂਤੁ ਸਗਲ ਸਿਉ ਮਉਲਾ॥ ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ॥ ਰਹਾਉ॥
ਮੁਖ ਕੀ ਬਾਤ ਸਗਲ ਸਿਉ ਕਰਤਾ॥ ਜੀਅ ਸੰਗਿ ਪ੍ਰਭੁ ਅਪੁਨਾ ਧਰਤਾ॥
ਦੀਸਿ ਆਵਤ ਹੈ ਬਹੁਤੁ ਭੀਹਾਲਾ॥ ਸਗਲ ਚਰਨ ਕੀ ਇਹੁ ਮਨੁ ਰਾਲਾ॥
ਨਾਨਕ ਜਨਿ ਗੁਰੁ ਪੂਰਾ ਪਾਇਆ॥ ਅੰਤਰਿ ਬਾਹਰਿ ਏਕੁ ਦਿਖਾਇਆ॥ (੩੮੪)

ਜੀਵਨ ਜੁਗਤੀ ਲਈ ਇਹ ਗੁਰ ਸ਼ਬਦ ਚਾਨਣ ਮੁਨਾਰੇ ਦਾ ਕੰਮ ਦਿੰਦਾ ਹੈ । ਜਿਹੜੇ ਗੁਰਮੁਖਿ ਵੀਰ ਇਸ ਨੂੰ ਅਪਣਾ ਲੈਣਗੇ ਉਨ੍ਹਾਂ ਦਾ ਜੀਵਨ ਠੰਡਾ ਠਾਰ ਹੋ ਜਾਊ । ਉਨ੍ਹਾਂ ਦਾ ਦ੍ਰਿਸ਼ਟੀਕੋਣ ਹੀ ਬਦਲ ਜਾਊ । ਉਨ੍ਹਾਂ ਨੂੰ ਇੱਕੋ ਵਾਹਿਗੁਰੂ ਦੀ ਜੋਤਿ ਅੰਦਰਿ ਬਾਹਰਿ ਪ੍ਰਗਟ ਪਾਹਾਰੇ ਦਿੱਸਣ ਲੱਗ ਪਊ । ਉਨ੍ਹਾਂ ਦੀਆਂ ਨਫ਼ਰਤ ਦੀਆਂ ਕੰਧਾਂ ਆਪੇ ਢਹਿ ਪੈਣਗੀਆਂ। ਉਨ੍ਹਾਂ ਦਾ ਮਨ ਨਾਮ ਸਿਮਰਨ ਵਿੱਚ ਜੁਟਿਆ ਰਹੂ । ਉਤੋਂ ਉਤੋਂ ਬਣਾਈ ਲੋਕਾਚਾਰੀ ਸਾਰੇ ਜਗਤ ਦੇ ਲੋਕਾਂ ਨਾਲ ਇੱਕੋ ਜਿਹੀ ਬਣੀ ਰਹੂ । ਬਾਹਰੋਂ ਠੀਕ ਠਾਕ ਰਹਿ ਕੇ ਸਾਰਿਆਂ ਨਾਲ ਸਾਹਿਬ ਸਲਾਮ ਰੱਖੀ ਹੋਊ । ਪਰ ਵਿੱਚੋਂ ਕੰਵਲ ਫੁੱਲ ਦੀ ਨਿਆਈਂ ਨਿਰਲੇਪ ਰਹਿਣਗੇ । ਮੂੰਹ ਦੀਆਂ ਗੱਲਾਂ ਸਾਰਿਆਂ ਨਾਲ ਪਿਆਰ ਭਰੇ ਤਰੀਕੇ ਨਾਲ ਕਰਨਗੇ ਪਰ ਆਪਣੇ ਜੀਅ ਨਾਲ ਕੇਵਲ ਆਪਣੇ ਪਿਆਰੇ ਮਾਲਕ ਨੂੰ ਹੀ ਰੱਖਣਗੇ । ਲੋਕਾਚਾਰੀ ਲਈ ਕਦੇ-ਕਦੇ ਉਪਰੋਂ ਬੜੇ ਡਰਾਉਣੇ ਤੇ ਖਰਵੇ ਵੀ ਲਗਣਗੇ ਪ੍ਰੰਤੂ ਅੰਦਰੋਂ ਸਾਰਿਆਂ ਦੇ ਚਰਨਾਂ ਦੀ ਧੂੜ ਬਣ ਕੇ ਰਹਿਣਗੇ । ਅਖੀਰਲੀ ਦੋ ਤੁਕੀ ਅੰਦਰ ਬਹੁਤ ਭੇਦ ਦੀ ਗੁਰਮਤਿ ਰਮਜ਼ ਖੋਲ੍ਹ ਕੇ ਦੱਸ ਦਿੱਤੀ ਹੈ ਕਿ ਇਹ ਜੀਵਨ ਜੁਗਤੀ ਨਾ ਪਿੱਛੇ ਕਿਸੇ ਨੂੰ ਮਿਲੀ ਹੈ ਨਾ ਅੱਗੋਂ ਨੂੰ ਮਿਲ ਸਕੇਗੀ। ਪੂਰੇ ਗੁਰੂ ਦੀ ਸ਼ਰਨੀ ਪੈ ਕੇ ਹੀ ਨਾਮ ਪਦਾਰਥ ਮਿਲ ਸਕਦਾ ਹੈ ਜਿਸ ਦੀ ਕਮਾਈ ਕਰਨ ਨਾਲ ਹੀ ਜੋਤਿ ਦਾ ਪ੍ਰਕਾਸ਼ ਹੋਣਾ ਹੈ, ਜੋ ਅੰਦਰਿ ਬਾਹਰਿ ਪ੍ਰਗਟ ਪਾਹਾਰੇ ਦਿਸੇਗੀ ।

ਨਾਨਕ ਹੁਕਮੁ ਵਰਤੈ ਖਸਮ ਕਾ ਮਤਿ ਭਵੀ ਫਿਰਹਿ ਚਲ ਚਿਤ॥
ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ॥ (੧੪੨੧)

"ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ" ਦੇ ਗੁਰਵਾਕ ਅਨੁਸਾਰ ਸਚਾ ਕੁਦਰਤੀ ਕਾਨੂੰਨ ਵਰਤ ਰਿਹਾ ਹੈ ਸਾਰੇ ਜਹਾਨ ਅੰਦਰਿ । ਗੁਰਮਤਿ ਭਲੇ ਗੁਰਮੁਖਾਂ ਦੀ ਸੰਗਤਿ ਕਰਨ ਲਈ ਤਾਕੀਦ ਕਰਦੀ ਹੈ । ਪ੍ਰਾਣੀ ਮਾਤ੍ਰ ਨੂੰ ਸਾਕਤਾਂ ਤੋਂ ਦੂਰ ਰਹਿਣ ਦਾ ਉਪਦੇਸ਼ ਦ੍ਰਿੜ੍ਹਾਉਂਦੀ ਹੈ ।

ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ॥
ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ॥ (੧੩੬੯)

ਇਹੀ ਸਚਾਈ ਉਪਰਲੇ ਗੁਰਵਾਕ ਅੰਦਰ ਨਿਰਣਾਈ ਗਈ ਹੈ ਕਿ ਮਾਲਕ ਦਾ ਹੁਕਮ ਨਾਮ ਜਪਣ ਦਾ ਸਾਰਿਆਂ ਲਈ ਸਾਂਝਾ ਵਰਤ ਰਿਹਾ ਹੈ । ਮਨਮੁਖ ਨਾਮ ਜਪਣ ਨੂੰ ਟਿੱਚ ਸਮਝਦੇ ਹਨ । ਜੋ ਫਿਰੀ ਹੋਈ ਮਤਿ ਵਾਲਾ ਚੰਚਲ ਚਿੱਤ ਹੋ ਕੇ ਮਨਮੁਖਾਂ ਨਾਲ ਯਾਰੀਆਂ ਗੰਢਦਾ ਹੈ ਅਤੇ ਫੇਰ ਸੁੱਖ ਦੀ ਆਸ ਰੱਖਦਾ ਹੈ ਉਹ ਨਿਰਾ ਕਮਲਾ ਹੈ । ਹਾਂ ਸੁੱਖ ਦੀ ਪ੍ਰਾਪਤੀ ਤਾਂ ਗੁਰਮੁਖਾਂ ਨਾਲ ਆੜੀ ਗੰਢਣ ਤੋਂ ਹੀ ਹੋ ਸਕਦੀ ਹੈ ਕਿਉਂ ਜੋ ਗੁਰਮੁਖ ਉਸ ਨੂੰ ਸਤਿਗੁਰੂ ਦੀ ਸ਼ਰਨ ਲੈ ਜਾ ਕੇ ਨਾਮ ਦੀ ਪ੍ਰਾਪਤੀ ਕਰਵਾ ਦੇਣਗੇ ਤੇ ਇਸ ਦੋਸਤੀ ਦਾ ਸਦਕਾ ਉਸਦਾ ਜੰਮਣ ਮਰਨ ਦਾ ਦੁੱਖ ਹੀ ਕੱਟਿਆ ਜਾਊ ਤੇ ਸਦਾ ਲਈ ਸਚੇ ਸੁਖ ਦੀ ਪ੍ਰਾਪਤੀ ਹੋ ਜਾਊ । ਯਥਾ ਗੁਰਵਾਕ: -

ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ॥
ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ॥ (੧੪੨੧)

ਮਨਮੁਖ ਤਾਂ ਸੁੱਕੇ ਦਰੱਖ਼ਤ ਦੀ ਨਿਆਈਂ ਹਨ । ਸੁੱਕੇ ਦਰੱਖ਼ਤ ਨੂੰ ਫਲ ਫੁੱਲ ਤਾਂ ਕੀ ਲੱਗਣੇ ਸਨ, ਉਸਦੀ ਤਾਂ ਛਾਂ ਵੀ ਕੋਈ ਨਹੀਂ ਰਹਿੰਦੀ । ਇਸ ਲਈ ਮਨਮੁਖਾਂ ਪਾਸ ਬੈਠਣਾ ਤਾਂ ਸੁੱਕੇ ਦਰੱਖ਼ਤ ਦੀ ਛਾਵੇਂ ਬੈਠਣ ਵਾਲੀ ਗੱਲ ਹੈ ਜਿਨ੍ਹਾਂ ਦਾ ਨਾ ਕੋਈ ਘਰ ਹੈ ਤੇ ਨਾ ਗਿਰਾਂ । ਯਥਾ ਗੁਰਵਾਕ: -

ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ॥ ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ॥ (੬੬)

ਮਨਮੁਖ ਤਾਂ ਮੰਗਤਿਆਂ ਦੀ ਨਿਆਈਂ ਕਦੇ ਵੀ ਨਹੀਂ ਰਜਦੇ । ਇਹ ਹਾਲਤ ਉਨ੍ਹਾਂ ਦੀ ਨਾਮ ਰੂਪੀ ਚਾਨਣੇ ਦੀ ਅਣਹੋਂਦ ਕਰਕੇ ਹੈ ਜੋ ਨਿਰਾ ਅਗਿਆਨ ਹੈ । ਇਸੇ ਕਾਰਨ ਉਨ੍ਹਾਂ ਦੀ ਤ੍ਰਿਸ਼ਨਾ ਰੂਪੀ ਅੱਗ ਭੜਕ ਉੱਠੀ ਹੈ । ਤਾਂ ਤੇ ਗੁਰਮਤਿ ਅੱਗ ਤੋਂ ਦੂਰ ਰਹਿਣ ਦਾ ਹੀ ਉਪਦੇਸ਼ ਦ੍ਰਿੜ੍ਹਾਉਂਦੀ ਹੈ । ਮਨਮੁਖਾਂ ਨਾਲ ਜੁੜਨਾ ਠੀਕ ਨਹੀਂ ਤੁੱਟਣਾ ਹੀ ਭਲਾ ਹੈ । ਯਥਾ ਗੁਰਵਾਕ: -

ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧ੍ਹਾਰੁ॥
ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ॥ (੩੧੬)

ਗੁਰਮੁਖਾਂ ਦਾ ਮੇਲ ਤਾਂ ਸ਼ਬਦ ਬਾਣੀ ਦੁਆਰਾ ਧੁਰਿ ਦਰਗਾਹੀ ਮੇਲ ਹੈ । ਇਸ ਤੋਂ ਉਲਟ ਮਨਮੁਖਾਂ ਦੀ ਦੋਸਤੀ ਕੇਵਲ ਮਾਇਆ ਦੇ ਆਸਰੇ ਹੈ । ਜਦੋਂ ਵੀ ਉਹ ਆਪਣੇ ਮਿੱਤਰ ਨੂੰ ਕਦੇ ਜ਼ਰਾ ਕੁ ਵੀ ਮੁਸੀਬਤ ਵਿੱਚ ਦੇਖਣਗੇ ਆਪਣੀਆਂ ਅੱਡੀਆਂ ਸਿਰ ਤੇ ਰੱਖ ਕੇ ਭੱਜ ਜਾਣਗੇ । ਉਨ੍ਹਾਂ ਦੀ ਮਿੱਤਰਤਾ ਤਾਂ ਖਾਣ ਪੀਣ ਤੇ ਨਿਰਭਰ ਹੈ । ਜਿਸ ਦਿਨ ਛਕਣ ਛਕਾਉਣ ਨੂੰ ਨਾ ਮਿਲਿਆ ਤਾਂ ਫੇਰ ਗੰਦ ਮੰਦ ਬੋਲ ਕੇ ਆਪਣੇ ਮਨ ਦੀ ਭੜਾਸ ਕੱਢਣਗੇ । ਮਨਮੁਖਾਂ ਦੀ ਦੋਸਤੀ ਦਾ ਨਿਭਣਾ ਤਾਂ ਪੱਥਰ ਨੂੰ ਗਾਰੇ ਨਾਲ ਬੰਨ੍ਹਣ ਵਤ ਇੱਕ ਅਣਹੋਣੀ ਗੱਲ ਹੈ । ਉਨ੍ਹਾਂ ਅੰਨ੍ਹਿਆਂ ਨੂੰ ਨਾ ਆਪਣੇ ਆਤਮਾ ਦੀ ਕੋਈ ਸਾਰ ਹੋ ਸਕਦੀ ਹੈ ਨਾ ਕਿਸੇ ਹੋਰ ਦੇ ਜੀਅ ਦੀ । ਉਨ੍ਹਾਂ ਵਿਚਾਰੇ ਦਰਵੇਸ਼ਾਂ ਦੀ ਤਾਂ ਮੋਹ ਮਾਇਆ ਦੇ ਧੰਧਿਆਂ ਵਿੱਚ ਮੈਂ-ਮੈਂ ਕਰਦਿਆਂ ਦੀ ਹੀ ਸਾਰੀ ਆਯੂ ਫ਼ਜ਼ੂਲ ਬੀਤਦੀ ਹੈ । ਯਥਾ ਗੁਰਵਾਕ: -

ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ॥ ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ॥
ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ॥ ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ॥
ਜੀਅ ਕੀ ਸਾਰ ਨ ਜਾਣਨੀ ਮਨਮੁਖ ਅਗਿਆਨੀ ਅੰਧੁ॥ ਕੂੜਾ ਗੰਢੁ ਨ ਚਲਈ ਚਿਕੜਿ ਪਥਰ ਬੰਧੁ॥
ਅੰਧੇ ਆਪੁ ਨ ਜਾਣਨੀ ਫਕੜੁ ਪਿਟਨਿ ਧੰਧੁ॥ ਝੂਠੈ ਮੋਹਿ ਲਪਟਾਇਆ ਹਉ ਹਉ ਕਰਤ ਬਿਹੰਧੁ॥ (੯੫੯)

ਤਾਂ ਤੇ ਮਨਮੁਖਾਂ ਸਾਕਤਾਂ ਤੋਂ ਦੂਰ ਰਹਿਣਾ ਹੀ ਉੱਚਿਤ ਹੈ । ਇਸ ਭਾਵ ਦੀ ਪੁਸ਼ਟੀ ਲਈ ਪੜ੍ਹੋ ਅੱਗੇ ਲਿਖੇ ਗੁਰਬਾਣੀ ਅੰਦਰ ਆਏ ਗੁਰ ਹੁਕਮ: –

– ਓਇ ਅਗੈ ਕੁਸਟੀ ਗੁਰ ਕੇ ਫਿਟਕੇ ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ॥
ਹਰਿ ਤਿਨ ਕਾ ਦਰਸਨੁ ਨਾ ਕਰਹੁ ਜੋ ਦੂਜੈ ਭਾਇ ਚਿਤੁ ਲਾਹੀ॥ (੩੦੯)

– ਜੇ ਸਾਕਤੁ ਨਰੁ ਖਾਵਾਈਐ ਲੋਚੀਐ ਬਿਖੁ ਕਢੈ ਮੁਖਿ ਉਗਲਾਰੇ॥
ਹਰਿ ਸਾਕਤ ਸੇਤੀ ਸੰਗੁ ਨ ਕਰੀਅਹੁ ਓਇ ਮਾਰੇ ਸਿਰਜਣਹਾਰੇ॥ (੩੧੨)

– ਹਰਿ ਹਰਿ ਤਿਨ ਕਾ ਦਰਸੁ ਨ ਕਰੀਅਹੁ ਜਿਨੀ ਹਰਿ ਹਰਿ ਨਾਮੁ ਨ ਧਿਆਇਆ॥
ਜਿਨੀ ਦਰਸਨੁ ਜਿਨੀ ਦਰਸਨੁ ਸਤਿਗੁਰ ਪੁਰਖ ਨ ਪਾਇਆ॥ (੫੭੪)

– ਸਾਕਤ ਸਿਉ ਮਨ ਮੇਲੁ ਨ ਕਰੀਅਹੁ ਜਿਨਿ ਹਰਿ ਹਰਿ ਨਾਮੁ ਬਿਸਾਰੇ॥
ਸਾਕਤ ਬਚਨ ਬਿਛੂਆ ਜਿਉ ਡਸੀਐ ਤਜਿ ਸਾਕਤ ਪਰੈ ਪਰਾਰੇ॥ (੯੮੧)

– ਜੋ ਨ ਭਜੰਤੇ ਨਾਰਾਇਣਾ॥ ਤਿਨ ਕਾ ਮੈ ਨ ਕਰਉ ਦਰਸਨਾ॥ (੧੧੬੩)

– ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ॥ ਹੋਨਹਾਰੁ ਸੋ ਹੋਇਹੈ ਸਾਕਤ ਸੰਗਿ ਨ ਜਾਉ॥ (੧੩੬੯)

– ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥ (੧੩੭੧)

ਪ੍ਰਸ਼ਨ: – ਮਨਮੁਖਾਂ ਦਾ ਗੁਰਮੁਖਾਂ ਨਾਲ ਕੈਸਾ ਟਾਕਰਾ ਹੈ?

ਉੱਤਰ: –

– ਗੁਰਮੁਖਿ ਲਾਧਾ ਮਨਮੁਖਿ ਗਵਾਇਆ॥ (੧੧)

– ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ॥ (੨੦)

– ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ॥ (੨੧)

– ਮਨਮੁਖਿ ਹਉਮੈ ਕਰਿ ਮੁਸੀ ਗੁਰਮੁਖਿ ਪਲੈ ਪਾਇ॥ (੬੩)

– ਮਨਮੁਖ ਭਉਜਲਿ ਪਚਿ ਮੁਏ ਗੁਰਮੁਖਿ ਤਰੇ ਅਥਾਹੁ॥ (੬੪)

– ਗੁਰਮੁਖਿ ਨਾਮੁ ਧਿਆਈਐ ਮਨਮੁਖਿ ਬੂਝ ਨ ਪਾਇ॥ (੬੬)

– ਮਨਮੁਖ ਹੁਕਮੁ ਨ ਜਾਣਨੀ ਤਿਨ ਮਾਰੇ ਜਮ ਜੰਦਾਰੁ॥ (੯੦)

– ਗੁਰਮੁਖਿ ਸੁਖੀਆ ਮਨਮੁਖਿ ਦੁਖੀਆ॥ ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ॥
ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ ਗੁਰਮੁਖਿ ਬਿਧਿ ਪ੍ਰਗਟਾਏ ਜੀਉ॥ (੧੩੧)

– ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ॥ ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ॥ (੧੬੦)

– ਮਨਮੁਖ ਮੂੜ ਮਾਇਆ ਚਿਤ ਵਾਸੁ॥ ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ॥ (੨੨੨)

– ਗੁਰਮੁਖਿ ਜਿਤਾ ਮਨਮੁਖਿ ਹਾਰਿਆ॥ (੩੧੦)

– ਮਨਮੁਖਿ ਮੈਲਾ ਸਬਦੁ ਨ ਪਛਾਣੈ॥ ਗੁਰਮੁਖਿ ਨਿਰਮਲੁ ਨਾਮੁ ਵਖਾਣੈ॥ (੪੧੫)

– ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ॥ (੫੧੫)

– ਨਾਨਕ ਮਨਮੁਖਿ ਬੰਧੁ ਹੈ ਗੁਰਮੁਖਿ ਮੁਕਤਿ ਕਰਾਏ॥ (੫੫੯)

– ਮਨਮੁਖਿ ਜੰਤ ਦੁਖਿ ਸਦਾ ਨਿਵਾਸੀ ਗੁਰਮੁਖਿ ਦੇ ਵਡਿਆਈ॥ (੬੩੪)

– ਗੁਰਮੁਖਾ ਨੋ ਪਰਤੀਤਿ ਹੈ ਹਰਿ ਜੀਉ ਮਨਮੁਖ ਭਰਮਿ ਭੁਲਾਇਆ॥ (੬੩੭)

– ਗੁਰਮੁਖਿ ਮੁਏ ਜੀਵਦੇ ਪਰਵਾਣੁ ਹਹਿ ਮਨਮੁਖ ਜਨਮਿ ਮਰਾਹਿ॥ (੬੪੩)

– ਗੁਰਮੁਖਿ ਹੋਵੈ ਸੋ ਮੁਕਤੁ ਕਹੀਐ ਮਨਮੁਖ ਬੰਧ ਵਿਚਾਰੇ॥ (੭੯੬)

– ਮਨਮੁਖ ਮੈਲੇ ਮਰਹਿ ਗਵਾਰ॥ ਗੁਰਮੁਖਿ ਨਿਰਮਲ ਹਰਿ ਰਾਖਿਆ ਉਰ ਧਾਰਿ॥ (੮੫੨)

– ਮਨਮੁਖਿ ਬਿਨਸੈ ਆਵੈ ਜਾਇ॥ ਨਾਨਕ ਗੁਰਮੁਖਿ ਸਾਚਿ ਸਮਾਇ॥ (੯੩੯)

– ਗੁਰਮੁਖਿ ਹੋਵੈ ਸੁ ਸਾਚੁ ਵਖਾਣੈ ਮਨਮੁਖਿ ਪਚੈ ਅਵਾਈ ਹੇ॥ (੧੦੨੩)

– ਮਨਮੁਖ ਸੋਇ ਰਹੇ ਸੇ ਲੁਟੇ ਗੁਰਮੁਖਿ ਸਾਬਤੁ ਭਾਈ ਹੇ॥ (੧੦੨੪)

– ਗੁਰਮੁਖਿ ਨਾਮਿ ਮਿਲੈ ਵਡਿਆਈ॥ ਮਨਮੁਖਿ ਨਿੰਦਕਿ ਪਤਿ ਗਵਾਈ॥ (੧੦੪੬)

– ਗੁਰਮੁਖਿ ਹੋਵੈ ਸੁ ਅਲਿਪਤੋ ਵਰਤੈ ਮਨਮੁਖ ਕਾ ਕਿਆ ਵੇਸਾਹਾ ਹੇ॥ (੧੦੫੪)

– ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ॥ (੧੦੭੩)

– ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ॥ (੭੪)

– ਮਨਮੁਖਿ ਦੁਬਿਧਾ ਸਦਾ ਹੈ ਰੋਗੀ ਰੋਗੀ ਸਗਲ ਸੰਸਾਰਾ॥
ਗੁਰਮੁਖਿ ਬੂਝਹਿ ਰੋਗੁ ਗਵਾਵਹਿ ਗੁਰ ਸਬਦੀ ਵੀਚਾਰਾ॥ (੧੧੩੦)

– ਮਨਮੁਖਿ ਮਰੀਐ ਗੁਰਮੁਖਿ ਤਰੀਐ ਨਾਨਕ ਨਦਰੀ ਨਦਰਿ ਕਰੇ॥ (੧੨੩੯)

– ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ॥

ਗੁਰਮੁਖਿ ਪਤਿ ਸਿਉ ਲੇਖਾ ਨਿਬੜੈ ਬਖਸੇ ਸਿਫਤਿ ਭੰਡਾਰ॥ (੧੨੮੦)

– ਕਲਿਜੁਗ ਮਹਿ ਘੋਰ ਅੰਧਾਰੁ ਹੈ ਮਨਮੁਖ ਰਾਹੁ ਨ ਕੋਇ॥

ਸੇ ਵਡਭਾਗੀ ਨਾਨਕਾ ਜਿਨ ਗੁਰਮੁਖਿ ਪਰਗਟੁ ਹੋਇ॥ (੧੨੮੫)

– ਮਨਮੁਖੁ ਖੂਲ੍ਹਿ ਮਹਾ ਬਿਖੁ ਖਾਇ॥ ਗੁਰਮੁਖਿ ਹੋਇ ਸੁ ਰਾਚੈ ਨਾਇ॥ (੧੩੩੦)

– ਮਨਮੁਖਿ ਕਮਲਾ ਰਗੜੈ ਲੁਝੈ॥ ਗੁਰਮੁਖਿ ਹੋਇ ਤਿਸੁ ਸਭ ਕਿਛੁ ਸੁਝੈ॥ (੧੪੧੮)

– ਗੁਰਮੁਖਿ ਪੰਥੁ ਸੁਹੇਲੜਾ ਮਨਮੁਖ ਬਾਰਹ ਵਾਟ ਫਿਰੰਦੇ ।
ਗੁਰਮੁਖਿ ਪਾਰਿ ਲੰਘਾਇਦਾ ਮਨਮੁਖ ਭਵਜਲ ਵਿਚਿ ਡੁਬੰਦੇ ।
ਗੁਰਮੁਖਿ ਜੀਵਨ ਮੁਕਤਿ ਕਰਿ ਮਨਮੁਖ ਫਿਰਿ ਫਿਰਿ ਜਨਮਿ ਮਰੰਦੇ ।
ਗੁਰਮੁਖਿ ਸੁਖ ਫਲੁ ਪਾਇਦੇ ਮਨਮੁਖਿ ਦੁਖ ਫਲ ਦੁਖ ਲਹੰਦੇ॥
ਗੁਰਮੁਖਿ ਦਰਗਹ ਸੁਰਖ ਰੂ ਮਨਮੁਖਿ ਜਮ ਪੁਰਿ ਡੰਡੁ ਸਹੰਦੇ॥
ਗੁਰਮੁਖਿ ਆਪੁ ਗਵਾਇਆ ਮਨਮੁਖਿ ਹਉਮੈ ਅਗਨ ਜਲੰਦੇ॥ (ਭਾ: ਗੁਰਦਾਸ ਵਾਰ ੫ ਪਉੜੀ ੧੫)

ਪ੍ਰਸ਼ਨ: – ਮਨਮੁਖਾਂ ਸਬੰਧੀ ਉੱਤਰ ਪ੍ਰਸ਼ਨ ਸੁਣਕੇ ਸਾਡੇ ਮਨਾਂ ਦੀ ਮੈਲ ਸਾਨੂੰ ਖੂਬ ਅਨੁਭਵ ਹੋ ਆਈ ਹੈ ਪ੍ਰੰਤੂ ਸਾਡੇ ਮਨ ਬੜੇ ਖੁਟਹਰ ਹਨ । ਇਨ੍ਹਾਂ ਨੂੰ ਆਪਣੇ ਮਨਮੁਖਤਾ ਦੇ ਅਸਾਧ ਰੋਗ ਨੂੰ ਦੂਰ ਕਰਵਾਉਣ ਹਿਤ ਤਤਪਰ ਹੋਣ ਲਈ ਅਸੀਂ ਚਾਹੁੰਦੇ ਹਾਂ ਕਿ ਮਨਮੁਖਾਂ ਸਬੰਧੀ ਉਚਾਰਣ ਹੋਏ ਸਮੁੱਚੇ ਗੁਰਵਾਕ ਇੱਕ ਵਾਰੀ ਫੇਰ ਸੁਣੀਏ ਤਾਂ ਜੋ ਸਾਡੇ ਖੋਟੇ ਪਾਪੀ ਮਨ ਗੁਰੂ ਦੀ ਸ਼ਰਨੀ ਪੈ ਕੇ ਨਾਮ ਦੀ ਦਾਤਿ ਨੂੰ ਪ੍ਰਾਪਤ ਕਰਨ ਲਈ ਬਿਹਬਲ ਹੋ ਜਾਣ । ਕੀ ਆਪ ਜੀ ਸਾਡੀ ਇਸ ਨਿਮਾਣੀ ਬੇਨਤੀ ਨੂੰ ਪ੍ਰਵਾਣ ਕਰੋਗੇ?

ਉੱਤਰ: – ਕਿਉਂ ਨਹੀਂ ਮਨਾਂ ਦੀ ਮੈਲ ਤਾਂ ਗੁਰਬਾਣੀ ਦੇ ਪਾਠ ਕਰਨ ਜਾਂ ਸੁਣਨ ਕਰਕੇ ਹੀ ਲਹਿਣੀ ਹੈ ਸਗੁਰੇ ਹੋ ਕੇ, ਹੋਰ ਕਿਵੇਂ ਨਹੀਂ ।

ਬਾਣੀ ਗੁਰੂ ਰੂਪ ਹੈ । ਬਾਣੀ ਰੱਬ ਰੂਪ ਹੈ । ਬਾਣੀ ਨਾਮ ਰੂਪ ਹੈ । ਇਸ ਦੇ ਪਾਠ ਵਿੱਚ ਪਾਰਸ ਕਲਾ ਹੈ । **“ਗੁਰੁ ਪੂਰਾ ਪੂਰੀ ਜਾ ਕੀ ਬਾਣੀ ਅਨਿਕ ਗੁਣਾ ਜਾ ਕੇ ਜਾਹਿ ਨ ਗਣੇ॥ (੮੦੫)”** ਗੁਰਵਾਕ ਅਨੁਸਾਰ ਗੁਰਬਾਣੀ ਦੇ ਗੁਣਾਂ ਦਾ ਵਰਣਨ ਨਹੀਂ ਹੋ ਸਕਦਾ । **“ਆਇਓ ਸੁਨਨ ਪੜਨ ਕਉ ਬਾਣੀ”** ਦੇ ਗੁਰ ਉਪਦੇਸ਼ ਅਨੁਸਾਰ ਆਪਾਂ ਆਏ ਹੀ ਗੁਰਬਾਣੀ ਪੜ੍ਹਨ ਸੁਣਨ ਵਾਸਤੇ ਹਾਂ । ਲਓ ਸੁਣੋ ਪ੍ਰੇਮ ਪੂਰਵਕ ਇੱਕ ਮਨ ਇੱਕ ਚਿੱਤ ਹੋ ਕੇ: –

– ਜਿਨਿ ਕਿਨੈ ਪਾਇਆ ਸਾਧਸੰਗਤੀ ਪੂਰੈ ਭਾਗਿ ਬੈਰਾਗਿ॥
ਮਨਮੁਖ ਫਿਰਹਿ ਨ ਜਾਣਹਿ ਸਤਗੁਰੁ ਹਉਮੈ ਅੰਦਰਿ ਲਾਗਿ॥ (੨੯)

– ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ॥ ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈ ਘਰਿ ਕਾਉ॥ (੩੦)

– ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ॥
ਮਨਮੁਖ ਅੰਧ ਨ ਚੇਤਹੀ ਡੂਬਿ ਮੁਏ ਬਿਨੁ ਪਾਣੀ॥ (੩੧)

– ਮਨਮੁਖ ਕਰਮ ਕਮਾਵਣੇ ਜਿਉ ਦੋਹਾਗਣਿ ਤਨਿ ਸੀਗਾਰੁ॥ ਸੇਜੈ ਕੰਤੁ ਨ ਆਵਈ ਨਿਤ ਨਿਤ ਹੋਇ ਖੁਆਰੁ॥ (੩੧)

– ਬਿਨੁ ਗੁਰ ਕਿਨੈ ਨ ਪਾਇਓ ਬਿਰਥਾ ਜਨਮੁ ਗਵਾਇ॥ ਮਨਮੁਖ ਕਰਮ ਕਮਾਵਣੇ ਦਰਗਹ ਮਿਲੈ ਸਜਾਇ॥ (੩੩)

– ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ॥ ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ॥ (੩੩)

– ਸਚਾ ਸਾਹੁ ਵਰਤਦਾ ਕੋਇ ਨ ਮੇਟਣਹਾਰੁ॥ ਮਨਮੁਖ ਮਹਲੁ ਨ ਪਾਇਨੀ ਕੂੜਿ ਮੁਠੇ ਕੂੜਿਆਰ॥ (੩੪)

– ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ॥
ਮਨਮੁਖ ਜਨਮੁ ਬਿਰਥਾ ਗਇਆ ਕਿਆ ਮੁਹੁ ਦੇਸੀ ਜਾਇ॥ (੩੪)

– ਪਾਪੋ ਪਾਪੁ ਕਮਾਵਦੇ ਪਾਪੇ ਪਚਹਿ ਪਚਾਇ॥ ਸੋ ਪ੍ਰਭੁ ਨਦਰਿ ਨ ਆਵਈ ਮਨਮੁਖਿ ਬੂਝ ਨ ਪਾਇ॥ (੩੬)

– ਅਉਗੁਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ॥
ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ॥ (੩੭)

– ਮਨਮੁਖਿ ਕੰਤੁ ਨ ਪਛਾਣਈ ਤਿਨ ਕਿਉ ਰੈਣਿ ਵਿਹਾਇ॥
ਗਰਬਿ ਅਟੀਆ ਤ੍ਰਿਸਨਾ ਜਲਹਿ ਦੁਖੁ ਪਾਵਹਿ ਦੂਜੈ ਭਾਇ॥ (੩੮)

– ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ॥ ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥ (੩੯)

– ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ॥ ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ॥ (੩੯)

– ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ॥ (੪੦)

– ਆਵ ਘਟੈ ਨਰੁ ਨਾ ਬੁਝੈ ਨਿਤਿ ਮੂਸਾ ਲਾਜੁ ਟੁਕਾਇ॥
ਗੁੜੁ ਮਿਠਾ ਮਾਇਆ ਪਸਰਿਆ ਮਨਮੁਖੁ ਲਗਿ ਮਾਖੀ ਪਚੈ ਪਚਾਇ॥ (੪੧)

– ਬਹੁਤੁ ਕਰਹਿ ਫੁਰਮਾਇਸੀ ਵਰਤਹਿ ਹੋਇ ਅਫਾਰ॥ ਕਰਤਾ ਚਿਤਿ ਨ ਆਵਈ ਮਨਮੁਖ ਅੰਧ ਗਵਾਰ॥ (੪੨)

– ਮਾਤ ਪਿਤਾ ਸੁਤ ਬੰਧਪਾ ਕੂੜੇ ਸਭੇ ਸਾਕ॥ ਜਿਨਿ ਕੀਤਾ ਤਿਸਹਿ ਨ ਜਾਣਈ ਮਨਮੁਖ ਪਸੁ ਨਾਪਾਕ॥ (੪੭)

– ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ॥ ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ॥ (੫੭)

– ਮਨਮੁਖਿ ਗਣਤ ਗਣਾਵਣੀ ਕਰਤਾ ਕਰੇ ਸੁ ਹੋਇ॥ ਤਾ ਕੀ ਕੀਮਤਿ ਨਾ ਪਵੈ ਜੇ ਲੋਚੈ ਸਭੁ ਕੋਇ॥ (੬੦)

– ਮਿਲਿਆ ਕਾ ਕਿਆ ਮੇਲੀਐ ਸਬਦਿ ਮਿਲੇ ਪਤੀਆਇ॥ ਮਨਮੁਖਿ ਸੋਝੀ ਨਾ ਪਵੈ ਵੀਛੁੜਿ ਚੋਟਾ ਖਾਇ॥ (੬੦)

– ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ॥ ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ॥ (੬੦)

– ਚਉਧਰੀ ਰਾਉ ਸਦਾਈਐ ਜਲਿ ਬਲੀਐ ਅਭਿਮਾਨ॥ ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ ਕਾਨੁ॥ (੬੩)

– ਮੈ ਹਰਿ ਨਾਮੁ ਨ ਵੀਸਰੈ ਹਰਿ ਨਾਮੁ ਰਤਨੁ ਵੇਸਾਹੁ॥ ਮਨਮੁਖ ਭਉਜਲਿ ਪਚਿ ਮੁਏ ਗੁਰਮੁਖਿ ਤਰੇ ਅਥਾਹੁ॥ (੬੪)

– ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ॥ ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ॥ (੬੬)

– ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ॥
ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮੁ ਗਵਾਏ॥ (੬੭)

– ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ॥ ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ॥ (੬੮)

– ਇਕਨਾ ਮਨਮੁਖਿ ਸਬਦੁ ਨ ਭਾਵੈ ਬੰਧਨਿ ਬੰਧਿ ਭਵਾਇਆ॥
ਲਖ ਚਉਰਾਸੀਹ ਫਿਰਿ ਫਿਰਿ ਆਵੈ ਬਿਰਥਾ ਜਨਮੁ ਗਵਾਇਆ॥ (੬੯)

– ਜਿਨੀ ਹਉਮੈ ਮਾਰਿ ਪਛਾਣਿਆ ਹਉ ਤਿਨ ਬਲਿਹਾਰੈ ਜਾਉ॥
ਮਨਮੁਖ ਸਚੁ ਨ ਜਾਣਨੀ ਤਿਨ ਠਉਰ ਨ ਕਤਹੂ ਥਾਉ॥ (੬੯)

– ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ ਭੁਲੁ॥ ਇਸ ਕਾ ਰੰਗੁ ਦਿਨ ਥੋੜਿਆ ਛੋਛਾ ਇਸ ਦਾ ਮੁਲੁ॥ (੮੫)

– ਜਮ ਕਾ ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵੈ ਜਾਇ॥
ਮਨਮੁਖਿ ਕਿਛੂ ਨ ਸੂਝੈ ਅੰਧੁਲੇ ਪੂਰਬਿ ਲਿਖਿਆ ਕਮਾਇ॥ (੮੫)

– ਜਪੁ ਤਪੁ ਸੰਜਮੁ ਮਨੈ ਮਾਹਿ ਬਿਨੁ ਨਾਵੈ ਧ੍ਰਿਗੁ ਜੀਵਾਸੁ॥ ਗੁਰਮਤੀ ਨਾਉ ਪਾਈਐ ਮਨਮੁਖ ਮੋਹਿ ਵਿਣਾਸੁ॥ (੮੬)

– ਸੋਹਨਿ ਸਚਿ ਦੁਆਰਿ ਨਾਮੁ ਪਿਆਰਿਆ॥ ਮਨਮੁਖ ਮਰਹਿ ਅਹੰਕਾਰਿ ਮਰਣੁ ਵਿਗਾੜਿਆ॥ (੮੬)

– ਸਚੇ ਮੈਲੁ ਨ ਲਗਈ ਮਲੁ ਲਾਗੈ ਦੂਜੈ ਭਾਇ॥ ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ॥ (੮੭)

– ਮਨਮੁਖੁ ਲੋਕੁ ਸਮਝਾਈਐ ਕਦਹੁ ਸਮਝਾਇਆ ਜਾਇ॥

ਮਨਮੁਖ ਰਲਾਇਆ ਨਾ ਰਲੈ ਪਇਐ ਕਿਰਤਿ ਫਿਰਾਇ॥ (੮੭)

- ਮਨਮੁਖੀ ਮਨਹਠਿ ਹਾਰਿਆ ਕੂੜੁ ਕੁਸਤੁ ਕਮਾਇ॥ ਨਾਨਕ ਗੁਰਮੁਖਿ ਸਚੁ ਕਮਾਵੈ ਮਨਮੁਖਿ ਆਵੈ ਜਾਇ॥ (੮੭)

- ਮਾਇਆ ਮੋਹੁ ਗੁਬਾਰੁ ਹੈ ਤਿਸ ਦਾ ਨ ਦਿਸੈ ਉਰਵਾਰੁ ਨ ਪਾਰੁ॥
ਮਨਮੁਖ ਅਗਿਆਨੀ ਮਹਾ ਦੁਖੁ ਪਾਇਦੇ ਡੁਬੇ ਹਰਿ ਨਾਮੁ ਵਿਸਾਰਿ॥ (੮੯)

- ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ॥ ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ॥ (੮੯)

- ਮਨਮੁਖੁ ਭੂਲਾ ਠਉਰੁ ਨ ਪਾਏ॥ ਜਮ ਦਰਿ ਬਧਾ ਚੋਟਾ ਖਾਏ॥ (੧੦੯)

- ਮਾਇਆ ਮੋਹਿ ਹਰਿ ਚੇਤੈ ਨਾਹੀ॥ ਜਮਪੁਰਿ ਬਧਾ ਦੁਖ ਸਹਾਹੀ॥ (੧੧੧)

- ਪੰਚ ਦੂਤ ਮੁਹਹਿ ਸੰਸਾਰਾ॥ ਮਨਮੁਖ ਅੰਧੇ ਸੁਧਿ ਨ ਸਾਰਾ॥ (੧੧੩)

- ਰਤਨੁ ਪਦਾਰਥੁ ਪਲਰਿ ਤਿਆਗੈ॥ ਮਨਮੁਖੁ ਅੰਧਾ ਦੂਜੈ ਭਾਇ ਲਾਗੈ॥ (੧੧੩)

- ਮਨਮੁਖ ਮੁਗਧ ਕਰਹਿ ਚਤੁਰਾਈ॥ ਨਾਤਾ ਧੋਤਾ ਥਾਇ ਨ ਪਾਈ॥ (੧੧੪)

- ਮਨਮੁਖ ਅੰਧੇ ਕਿਛੂ ਨ ਸੂਝੈ॥ ਮਰਣੁ ਲਿਖਾਇ ਆਏ ਨਹੀ ਬੂਝੈ॥ (੧੧੪)

- ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ॥ ਕੂੜੁ ਕਮਾਵਨਿ ਦੁਖੁ ਲਾਗੈ ਭਾਰਾ॥ (੧੧੬)

- ਬਿਨੁ ਰਾਸੀ ਕੋ ਵਥੁ ਕਿਉ ਪਾਏ॥ ਮਨਮੁਖ ਭੂਲੇ ਲੋਕ ਸਬਾਏ॥ (੧੧੭)

- ਅੰਤਰਿ ਵਸਤੁ ਮੂੜਾ ਬਾਹਰੁ ਭਾਲੇ॥ ਮਨਮੁਖ ਅੰਧੇ ਫਿਰਹਿ ਬੇਤਾਲੇ॥ (੧੧੭)

- ਮਨਮੁਖਿ ਅੰਧੇ ਸੁਧਿ ਨ ਕਾਈ॥ ਆਤਮ ਘਾਤੀ ਹੈ ਜਗਤ ਕਸਾਈ॥ (੧੧੮)

- ਮਨਮੁਖੁ ਰੋਗੀ ਹੈ ਸੰਸਾਰਾ॥ ਸੁਖਦਾਤਾ ਵਿਸਰਿਆ ਅਗਮ ਅਪਾਰਾ॥ (੧੧੮)

- ਮਨਮੁਖੁ ਭੂਲਾ ਦੂਜੈ ਭਾਇ ਖੁਆਏ॥ ਨਾਮੁ ਨ ਲੇਵੈ ਮਰੈ ਬਿਖੁ ਖਾਏ॥ (੧੧੯)

- ਮਨਮੁਖ ਪੜਹਿ ਪੰਡਿਤ ਕਹਾਵਹਿ॥ ਦੂਜੈ ਭਾਇ ਮਹਾ ਦੁਖੁ ਪਾਵਹਿ॥ (੧੨੮)

- ਵੇਦੁ ਪੁਕਾਰੈ ਤ੍ਰਿਬਿਧਿ ਮਾਇਆ॥ ਮਨਮੁਖ ਨ ਬੂਝਹਿ ਦੂਜੈ ਭਾਇਆ॥ (੧੨੮)

- ਮਨਮੁਖੁ ਸਦਾ ਬਗੁ ਮੈਲਾ ਹਉਮੈ ਮਲੁ ਲਾਈ॥ ਇਸਨਾਨੁ ਕਰੈ ਪਰੁ ਮੈਲੁ ਨ ਜਾਈ॥ (੧੨੯)

- ਨਾਨਕ ਮਨਮੁਖਿ ਅੰਧੁ ਪਿਆਰੁ॥ ਬਾਝੁ ਗੁਰੂ ਡੁਬਾ ਸੰਸਾਰੁ॥ (੧੩੮)

- ਮਨਮੁਖੁ ਕਰਮ ਕਰੇ ਅਹੰਕਾਰੀ॥ ਜੂਐ ਜਨਮੁ ਸਭ ਬਾਜੀ ਹਾਰੀ॥ (੧੩੦)

- ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ॥

ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ॥ (੧੪੧)

- ਮਨਮੁਖ ਲੂਣ ਹਾਰਾਮ ਕਿਆ ਨ ਜਾਣਿਆ॥ ਬਧੇ ਕਰਨਿ ਸਲਾਮ ਖਸਮ ਨ ਭਾਣਿਆ॥ (੧੪੩)

- ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ॥ ਵਿਸਟਾ ਅੰਦਰਿ ਵਾਸੁ ਸਾਦੁ ਨ ਜਾਣਿਆ॥ (੧੪੪)

- ਲਾਹਾ ਭਗਤਿ ਸੁ ਸਾਰੁ ਗੁਰਮੁਖਿ ਪਾਈਐ॥ ਮਨਮੁਖਿ ਕੂੜੁ ਗੁਬਾਰੁ ਕੂੜ ਕਮਾਈਐ॥ (੧੪੫)

- ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ॥ ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ॥ (੧੬੦)

- ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ॥ ਮਨਮੁਖਿ ਅੰਧਾ ਆਵੈ ਜਾਇ॥ (੧੬੧)

- ਸਭੁ ਜਗੁ ਕਾਲੈ ਵਸਿ ਹੈ ਬਾਧਾ ਦੂਜੈ ਭਾਇ॥ ਹਉਮੈ ਕਰਮ ਕਮਾਵਦੇ ਮਨਮੁਖਿ ਮਿਲੈ ਸਜਾਇ॥ (੧੬੨)

- ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ॥ ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ॥
ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ॥ ਮੇਰੇ ਕਰਤੇ ਏਵੈ ਭਾਵਦਾ ਮਨਮੁਖ ਭਰਮਾਣੇ॥ (੧੬੩)

- ਜਿਨ ਕਉ ਪ੍ਰੀਤਿ ਰਿਦੈ ਹਰਿ ਨਾਹੀ ਤਿਨ ਕੂਰੇ ਗਾਢਨ ਗਾਢੇ॥
ਜਿਉ ਪਾਣੀ ਕਾਗਦੁ ਬਿਨਸਿ ਜਾਤ ਹੈ ਤਿਉ ਮਨਮੁਖ ਗਰਭਿ ਗਲਾਢੇ॥ (੧੭੧)

- ਮਨਮੁਖ ਹੀਅਰਾ ਅਤਿ ਕਠੋਰੁ ਹੈ ਤਿਨ ਅੰਤਰਿ ਕਾਰ ਕਰੀਠਾ॥
ਬਿਸੀਅਰ ਕਉ ਬਹੁ ਦੂਧੁ ਪੀਆਈਐ ਬਿਖੁ ਨਿਕਸੈ ਫੋਲਿ ਫੁਲੀਠਾ॥ (੧੭੧)

- ਮਨਮੁਖ ਮੁਏ ਜਿਨ ਦੂਜੀ ਪਿਆਸਾ॥ ਬਹੁ ਜੋਨੀ ਭਵਹਿ ਧੁਰਿ ਕਿਰਤਿ ਲਿਖਿਆਸਾ॥ (੧੭੬)

- ਰਾਖਿ ਲੀਆ ਗੁਰਿ ਪੂਰੈ ਆਪਿ॥ ਮਨਮੁਖ ਕਉ ਲਾਗੋ ਸੰਤਾਪੁ॥ (੧੯੦)

- ਬਿਨੁ ਨਾਵੈ ਸਭ ਦੂਖ ਨਿਵਾਸੁ॥ ਮਨਮੁਖ ਮੂੜ ਮਾਇਆ ਚਿਤ ਵਾਸੁ॥ (੨੨੨)

- ਮਾਇਆ ਮੋਹੁ ਸਰਬ ਜੰਜਾਲਾ॥ ਮਨਮੁਖ ਕੁਚੀਲ ਕੁਛਿਤ ਬਿਕਰਾਲਾ॥ (੨੨੨)

- ਸਰਬ ਜੀਆ ਮਹਿ ਏਕੋ ਰਵੈ॥ ਮਨਮੁਖਿ ਅਹੰਕਾਰੀ ਫਿਰਿ ਜੂਨੀ ਭਵੈ॥ (੨੨੮)

- ਮਨਮੁਖਿ ਸੂਤਕੁ ਕਬਹਿ ਨ ਜਾਇ॥ ਜਿਚਰੁ ਸਬਦਿ ਨ ਭੀਜੈ ਹਰਿ ਕੈ ਨਾਇ॥ (੨੨੯)

- ਮਨਮੁਖਿ ਡੰਫੁ ਬਹੁਤੁ ਚਤੁਰਾਈ॥ ਜੋ ਕਿਛੁ ਕਮਾਵੈ ਸੁ ਥਾਇ ਨ ਪਾਈ॥ (੨੩੦)

- ਮਨਮੁਖ ਕਰਮ ਕਰੇ ਬਹੁਤੁ ਅਭਿਮਾਨਾ॥ ਬਗ ਜਿਉ ਲਾਇ ਬਹੈ ਨਿਤ ਧਿਆਨਾ॥ (੨੩੦)

- ਮਾਇਆ ਮੋਹਿ ਨਟਿ ਬਾਜੀ ਪਾਈ॥ ਮਨਮੁਖ ਅੰਧ ਰਹੇ ਲਪਟਾਈ॥ (੨੩੦)

- ਮਨਮੁਖ ਅਗਿਆਨਿ ਕੁਮਾਰਗਿ ਪਾਏ॥ ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ॥ (੨੩੧)

– ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਇ॥ ਮਨਮੁਖ ਖਾਧੇ ਦੂਜੈ ਭਾਇ॥ (੨੩੧)

– ਬਿਨੁ ਗੁਰ ਸਾਚੇ ਭਰਮਿ ਭੁਲਾਏ॥ ਮਨਮੁਖ ਅੰਧੇ ਸਦਾ ਬਿਖੁ ਖਾਏ॥ (੨੩੧)

– ਮਨਮੁਖਿ ਕਾਮਿ ਵਿਆਪੀ ਮੋਹਿ ਸੰਤਾਪੀ ਕਿਸੁ ਆਗੈ ਜਾਇ ਪੁਕਾਰੇ॥
ਨਾਨਕ ਮਨਮੁਖਿ ਥਾਉ ਨ ਪਾਏ ਬਿਨੁ ਗੁਰ ਅਤਿ ਪਿਆਰੇ॥ (੨੪੫)

– ਮਨਮੁਖ ਮੁਗਧ ਗਾਵਾਰੁ ਪਿਰਾ ਜੀਉ ਸਬਦੁ ਮਨਿ ਨ ਵਸਾਏ॥
ਮਾਇਆ ਕਾ ਭ੍ਰਮੁ ਅੰਧੁ ਪਿਰਾ ਜੀਉ ਹਰਿ ਮਾਰਗੁ ਕਿਉ ਪਾਏ॥ (੨੪੭)

– ਸਾਰਾ ਦਿਨੁ ਲਾਲਚਿ ਅਟਿਆ ਮਨਮੁਖਿ ਹੋਰੇ ਗਲਾ॥
ਮਨਮੁਖਾ ਦੈ ਸਿਰਿ ਜੋਰਾ ਅਮਰੁ ਹੈ ਨਿਤ ਦੇਵਹਿ ਭਲਾ॥ (੩੦੪)

– ਮਨਮੁਖੁ ਪ੍ਰਾਣੀ ਮੁਗਧੁ ਹੈ ਨਾਮਹੀਣ ਭਰਮਾਇ॥
ਬਿਨ ਗੁਰ ਮਨੂਆ ਨਾ ਟਿਕੈ ਫਿਰਿ ਫਿਰਿ ਜੂਨੀ ਪਾਇ॥ (੩੧੩)

– ਮਨਮੁਖੁ ਅਹੰਕਾਰੀ ਮਹਲੁ ਨ ਜਾਣੈ ਖਿਨੁ ਆਗੈ ਖਿਨੁ ਪੀਛੈ॥
ਸਦਾ ਬੁਲਾਈਐ ਮਹਲਿ ਨ ਆਵੈ ਕਿਉ ਕਰਿ ਦਰਗਹ ਸੀਝੈ॥ (੩੧੪)

– ਅੰਨਾ ਬੋਲਾ ਖੁਇ ਉਝੜਿ ਪਾਇ॥ ਮਨਮੁਖੁ ਅੰਧਾ ਆਵੈ ਜਾਇ॥ (੩੧੪)

– ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ॥
ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ॥ (੩੧੬)

– ਮਨਮੁਖ ਕੀ ਮਤਿ ਕੂੜਿ ਵਿਆਪੀ॥ ਬਿਨੁ ਹਰਿ ਸਿਮਰਣ ਪਾਪਿ ਸੰਤਾਪੀ॥ (੩੫੬)

– ਬਿਨੁ ਗੁਰ ਭੇਟੇ ਦੁਖੁ ਕਮਾਇ॥ ਮਨਮੁਖਿ ਬਹੁਤੀ ਮਿਲੈ ਸਜਾਇ॥ (੩੬੧)

– ਮਨਮੁਖੁ ਅੰਧਾ ਠਉਰ ਨ ਪਾਇ॥ ਬਿਸਟਾ ਕਾ ਕੀੜਾ ਬਿਸਟਾ ਮਾਹਿ ਪਚਾਇ॥ (੩੬੨)

– ਮਨਮੁਖ ਮਰਹਿ ਮਰਿ ਮਰਣੁ ਵਿਗਾੜਹਿ॥ ਦੂਜੈ ਭਾਇ ਆਤਮ ਸੰਘਾਰਹਿ॥ (੩੬੨)

– ਮਨਮੁਖਿ ਭਰਮਿ ਭੁਲੈ ਸੰਸਾਰੁ॥ ਬਿਨੁ ਰਾਸੀ ਕੂੜਾ ਕਰੇ ਵਾਪਾਰੁ॥ (੩੬੩)

– ਬਿਨੁ ਗੁਰ ਪੂਰੇ ਭਗਤਿ ਨ ਹੋਇ॥ ਮਨਮੁਖ ਰੁੰਨੇ ਅਪਨੀ ਪਤਿ ਖੋਇ॥ (੩੬੩)

– ਜੰਮਣੁ ਮਰਣਾ ਹੈ ਸੰਸਾਰੁ॥ ਮਨਮੁਖੁ ਅਚੇਤੁ ਮਾਇਆ ਮੋਹੁ ਗੁਬਾਰੁ॥ (੩੬੪)

– ਹਉਮੈ ਪਚੈ ਮਨਮੁਖ ਮੂਰਾਖਾ॥ ਗੁਰ ਨਾਨਕ ਬਾਹ ਪਕਰਿ ਹਮ ਰਾਖਾ॥ (੩੯੪)

– ਮਨਮੁਖਿ ਮੈਲਾ ਸਬਦੁ ਨ ਪਛਾਣੈ॥ ਗੁਰਮੁਖਿ ਨਿਰਮਲੁ ਨਾਮੁ ਵਖਾਣੈ॥ (੪੧੫)

– ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ॥ ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ॥ (੪੧੯)

– ਮਨਮੁਖ ਪਥਰੁ ਸੈਲੁ ਹੈ ਧ੍ਰਿਗੁ ਜੀਵਣੁ ਫੀਕਾ॥
ਜਲ ਮਹਿ ਕੇਤਾ ਰਾਖੀਐ ਅਭ ਅੰਤਰਿ ਸੂਕਾ॥ (੪੧੯)

– ਮਨਮੁਖੀਆ ਸਿਰਿ ਮਾਰ ਵਾਦਿ ਖਪਾਈਐ॥ ਠਗਿ ਮੁਠੀ ਕੂੜਿਆਰ ਬੰਨ੍ਹਿ ਚਲਾਈਐ॥ (੪੨੦)

– ਮਨਮੁਖੁ ਜੇ ਸਮਝਾਈਐ ਭੀ ਉਝੜਿ ਜਾਏ॥
ਬਿਨੁ ਹਰਿ ਨਾਮ ਨ ਛੂਟਸੀ ਮਰਿ ਨਰਕ ਸਮਾਏ॥ (੪੨੦)

– ਮਨਮੁਖ ਤੋਟਾ ਨਿਤ ਹੈ ਭਰਮਹਿ ਭਰਮਾਏ॥ ਮਨਮੁਖੁ ਅੰਧੁ ਨ ਚੇਤਈ ਕਿਉ ਦਰਸਨੁ ਪਾਏ॥ (੪੨੧)

– ਮਨਮੁਖਿ ਮੋਹਿ ਭਰਮਿ ਭੋਲਾਣੀ॥ ਬਿਨੁ ਨਾਵੈ ਸਭ ਫਿਰੈ ਬਉਰਾਣੀ॥ (੪੨੪)

– ਬਾਹਰੁ ਭਾਲੇ ਸੁ ਕਿਆ ਲਹੈ ਵਥੁ ਘਰੈ ਅੰਦਰਿ ਭਾਈ॥
ਭਰਮੇ ਭੂਲਾ ਸਭੁ ਜਗੁ ਫਿਰੈ ਮਨਮੁਖਿ ਪਤਿ ਗਵਾਈ॥ (੪੨੫)

– ਬਿਨੁ ਨਾਵੈ ਕੋਇ ਨ ਮੰਨੀਐ ਮਨਮੁਖਿ ਪਤਿ ਗਵਾਈ॥
ਜਮ ਪੁਰਿ ਬਾਧੇ ਮਾਰੀਅਹਿ ਬਿਰਥਾ ਜਨਮੁ ਗਵਾਈ॥ (੪੨੬)

– ਮਨਮੁਖਿ ਸਦਾ ਦੋਹਾਗਣੀ ਦਰਿ ਖੜੀਆ ਬਿਲਲਾਹਿ॥
ਜਿਨ੍ਹਾ ਪਿਰ ਕਾ ਸੁਆਦੁ ਨ ਆਇਓ ਜੋ ਧੁਰਿ ਲਿਖਿਆ ਸੁ ਕਮਾਹਿ॥ (੪੨੮)

– ਭਗਤੀ ਸਾਰ ਨ ਜਾਣਨ੍ਹੀ ਮਨਮੁਖ ਅਹੰਕਾਰੀ॥ ਧੁਰਹੁ ਆਪਿ ਖੁਆਇਅਨੁ ਜੂਐ ਬਾਜੀ ਹਾਰੀ॥ (੪੨੯)

– ਭਭੈ ਭਾਲਹਿ ਸੇ ਫਲੁ ਪਾਵਹਿ ਗੁਰ ਪਰਸਾਦੀ ਜਿਨ੍ ਕਉ ਭਉ ਪਇਆ॥
ਮਨਮੁਖ ਫਿਰਹਿ ਨ ਚੇਤਹਿ ਮੂੜੇ ਲਖ ਚਉਰਾਸੀਹ ਫੇਰੁ ਪਇਆ॥ (੪੩੪)

– ਹਾਹੈ ਹਰਿ ਕਥਾ ਬੂਝੁ ਤੂੰ ਮੂੜੇ ਤਾ ਸਦਾ ਸੁਖੁ ਹੋਈ॥
ਮਨਮੁਖਿ ਪੜਹਿ ਤੇਤਾ ਦੁਖੁ ਲਾਗੈ ਵਿਣੁ ਸਤਿਗੁਰ ਮੁਕਤਿ ਨ ਹੋਈ॥ (੪੩੫)

– ਬਿਰਥਾ ਜਨਮੁ ਗਵਾਏ ਮਨਮੁਖਿ ਇਆਣੀ ਅਉਗਣਵੰਤੀ ਝੂਰੇ॥
ਆਪਣਾ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਤਾ ਪਿਰੁ ਮਿਲਿਆ ਹਦੂਰੇ॥ (੪੩੯)

– ਮਨਮੁਖਾ ਮਨਮੁਖਿ ਮੁਏ ਮੇਰੀ ਕਰਿ ਮਾਇਆ ਰਾਮ॥
ਖਿਨੁ ਆਵੈ ਖਿਨੁ ਜਾਵੈ ਦੁਰਗੰਧ ਮੜੈ ਚਿਤੁ ਲਾਇਆ ਰਾਮ॥ (੪੪੨)

– ਮਨਮੁਖ ਕਰਣ ਪਲਾਵ ਕਰਿ ਭਰਮੇ ਸਭਿ ਅਉਖਧ ਦਾਰੂ ਲਾਇ ਜੀਉ॥
ਜਿਸ ਕੀ ਵਸਤੁ ਪ੍ਰਭੁ ਲਏ ਸੁਆਮੀ ਜਨ ਉਬਰੇ ਸਬਦੁ ਕਮਾਇ ਜੀਉ॥ (੪੪੭)

– ਗੁਝਾ ਕਮਾਣਾ ਪ੍ਰਗਟੁ ਹੋਆ ਈਤ ਉਤਹਿ ਖੁਆਰੀ॥
ਨਾਨਕ ਸਤਿਗੁਰ ਬਾਝੁ ਮੂਠਾ ਮਨਮੁਖੋ ਅਹੰਕਾਰੀ॥ (੪੬੦)

– ਰਵਿ ਸਸਿ ਦੀਪਕ ਜਾ ਕੇ ਤ੍ਰਿਭਵਣਿ ਏਕਾ ਜੋਤਿ ਮੁਰਾਰਿ॥

ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ ਮਨਮੁਖਿ ਰੈਣਿ ਅੰਧਾਰਿ॥ (੪੮੯)

– ਮਨਮੁਖਿ ਇਹੁ ਮਨੁ ਮੁਗਧੁ ਹੈ ਸੋਝੀ ਕਿਛੂ ਨ ਪਾਇ॥
ਹਰਿ ਕਾ ਨਾਮੁ ਨ ਬੁਝਈ ਅੰਤਿ ਗਇਆ ਪਛੁਤਾਇ॥ (੪੯੧)

– ਮਨਮੁਖ ਦੁਬਿਧਾ ਦੁਰਮਤਿ ਬਿਆਪੇ ਜਿਨ ਅੰਤਰਿ ਮੋਹ ਗੁਬਾਰੀ॥
ਸੰਤ ਜਨਾ ਕੀ ਕਥਾ ਨ ਭਾਵੈ ਓਇ ਡੂਬੇ ਸਣੁ ਪਰਵਾਰੀ॥ (੫੦੭)

– ਦੂਜੈ ਭਾਇ ਸੁਤੇ ਕਬਹਿ ਨ ਜਾਗਹਿ ਮਾਇਆ ਮੋਹ ਪਿਆਰ॥
ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਆਚਾਰੁ॥ (੫੦੮)

– ਇਹੁ ਹਰਿ ਧਨੁ ਜੀਐ ਸੇਤੀ ਰਵਿ ਰਹਿਆ ਜੀਐ ਨਾਲੇ ਜਾਇ॥
ਪੂਰੇ ਗੁਰ ਤੇ ਪਾਈਐ ਮਨਮੁਖਿ ਪਲੈ ਨ ਪਾਇ॥ (੫੧੧)

– ਮਨਮੁਖ ਅਗਿਆਨੀ ਮਾਇਆ ਮੋਹਿ ਵਿਆਪੇ ਤਿਨ੍ ਬੂਝ ਨ ਕਾਈ ਪਾਇ॥
ਹਲਤਿ ਪਲਤਿ ਓਇ ਸੁਖੁ ਨ ਪਾਵਹਿ ਅੰਤਿ ਗਏ ਪਛੁਤਾਇ॥ (੫੧੧)

– ਮਨਮੁਖੁ ਊਧਾ ਕਉਲੁ ਹੈ ਨਾ ਤਿਸੁ ਭਗਤਿ ਨ ਨਾਉ॥
ਸਕਤੀ ਅੰਦਰਿ ਵਰਤਦਾ ਕੂੜੁ ਤਿਸ ਕਾ ਹੈ ਉਪਾਉ॥ (੫੧੧)

– ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ॥
ਕਪਟਿ ਕੀਤੈ ਹਰਿ ਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ॥ (੫੧੨)

– ਹਉਮੈ ਮਮਤਾ ਮੋਹਣੀ ਮਨਮੁਖਾ ਨੋ ਗਈ ਖਾਇ॥
ਜੋ ਮੋਹਿ ਦੂਜੈ ਚਿਤੁ ਲਾਇਦੇ ਤਿਨਾ ਵਿਆਪਿ ਰਹੀ ਲਪਟਾਇ॥ (੫੧੩)

– ਬਜਰ ਕਪਾਟ ਕਾਇਆ ਗੜ੍ ਭੀਤਰਿ ਕੂੜੁ ਕੁਸਤੁ ਅਭਿਮਾਨੀ॥
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ॥ (੫੧੪)

– ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ॥
ਓਨਾ ਵਾਹੁ ਵਾਹੁ ਨ ਭਾਵਈ ਦੁਖੇ ਦੁਖਿ ਵਿਹਾਇ॥ (੫੧੫)

– ਮਨਮੁਖਿ ਹਉਮੈ ਵਿਛੁੜੇ ਮੇਰੀ ਜਿੰਦੁੜੀਏ ਬਿਖੁ ਬਾਧੇ ਹਉਮੈ ਜਾਲੇ ਰਾਮ॥
ਜਿਉ ਪੰਖੀ ਕਪੋਤਿ ਆਪੁ ਬਨ੍ਾਇਆ ਮੇਰੀ ਜਿੰਦੁੜੀਏ ਤਿਉ ਮਨਮੁਖ ਸਭਿ ਵਸਿ ਕਾਲੇ ਰਾਮ॥ (੫੩੮)

– ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ ਸੇ ਮਨਮੁਖ ਮੂੜ ਬਿਤਾਲੇ ਰਾਮ॥
ਜਨ ਤ੍ਰਾਹਿ ਤ੍ਰਾਹਿ ਸਰਣਾਗਤੀ ਮੇਰੀ ਜਿੰਦੁੜੀਏ ਗੁਰ ਨਾਨਕ ਹਰਿ ਰਖਵਾਲੇ ਰਾਮ॥ (੫੩੮)

– ਜਿਨ ਹਰਿ ਹਰਿ ਨਾਮੁ ਨ ਚੇਤਿਓ ਮੇਰੀ ਜਿੰਦੁੜੀਏ ਤੇ ਮਨਮੁਖ ਮੂੜ ਇਆਣੇ ਰਾਮ॥
ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ ਸੇ ਅੰਤਿ ਗਏ ਪਛੁਤਾਣੇ ਰਾਮ॥ (੫੪੦)

– ਹਰਿ ਅੰਤਰਿ ਬਾਹਰਿ ਨਾਲਿ ਹੈ ਮੇਰੀ ਜਿੰਦੁੜੀਏ ਸਭ ਵੇਖੈ ਮਨਿ ਮੁਕਰਾਈਐ ਰਾਮ॥

ਮਨਮੁਖਾ ਨੋ ਹਰਿ ਦੂਰਿ ਹੈ ਮੇਰੀ ਜਿੰਦੁੜੀਏ ਸਭ ਬਿਰਥੀ ਘਾਲ ਗਵਾਈਐ ਰਾਮ॥ (੫੪੧)

- ਸਿਫਤਿ ਖਜਾਨਾ ਬਖਸ ਹੈ ਜਿਸੁ ਬਖਸੈ ਸੋ ਖਰਚੈ ਖਾਇ॥
ਨਾਨਕ ਮਨਮੁਖੁ ਜਗਤੁ ਧਨਹੀਣੁ ਹੈ ਅਗੈ ਭੁਖਾ ਕਿ ਖਾਇ॥ (੫੪੮)

- ਮਨਮੁਖ ਮੂਲਹੁ ਭੁਲਾਇਅਨੁ ਵਿਚਿ ਲਬੁ ਲੋਭੁ ਅਹੰਕਾਰੁ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰੈ ਵੀਚਾਰੁ॥ (੫੪੯)

- ਗੁਰ ਪਰਸਾਦੀ ਦੁਬਿਧਾ ਮਰੈ ਮਨੂਆ ਅਸਥਿਰੁ ਸੰਧਿਆ ਕਰੇ ਵੀਚਾਰੁ॥
ਨਾਨਕ ਸੰਧਿਆ ਕਰੈ ਮਨਮੁਖੀ ਜੀਉ ਨ ਟਿਕੈ ਮਰਿ ਜੰਮੈ ਹੋਇ ਖੁਆਰੁ॥ (੫੫੩)

- ਮਨਮੁਖ ਮਾਇਆ ਮੋਹੁ ਹੈ ਨਾਮਿ ਨ ਲਗੋ ਪਿਆਰੁ॥ ਕੂੜੁ ਕਮਾਵੈ ਕੂੜੁ ਸੰਗ੍ਰਹੈ ਕੂੜੁ ਕਰੇ ਆਹਾਰੁ॥ (੫੫੨)

- ਕਰਮ ਧਰਮ ਸੁਚ ਸੰਜਮ ਕਰਹਿ ਅੰਤਰਿ ਲੋਭੁ ਵਿਕਾਰੁ॥
ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨਾ ਪਵੈ ਦਰਗਹਿ ਹੋਇ ਖੁਆਰੁ॥ (੫੫੨)

- ਆਸਾ ਮਨਸਾ ਏਹੁ ਸਰੀਰੁ ਹੈ ਅੰਤਰਿ ਜੋਤਿ ਜਗਾਏ॥
ਨਾਨਕ ਮਨਮੁਖਿ ਬੰਧੁ ਹੈ ਗੁਰਮੁਖਿ ਮੁਕਤਿ ਕਰਾਏ॥ (੫੫੯)

- ਮਨਮੁਖ ਭੂਲੇ ਬਿਖੁ ਲਗੇ ਅਹਿਲਾ ਜਨਮੁ ਗਵਾਇਆ॥
ਹਰਿ ਕਾ ਨਾਮੁ ਸਦਾ ਸੁਖ ਸਾਗਰੁ ਸਾਚਾ ਸਬਦੁ ਨ ਭਾਇਆ॥ (੫੬੫)

- ਮਨਮੁਖ ਖੇਤੀ ਵਣਜੁ ਕਰਿ ਥਾਕੇ ਤ੍ਰਿਸਨਾ ਭੁਖ ਨ ਜਾਏ॥
ਨਾਨਕ ਨਾਮੁ ਬੀਜਿ ਮਨ ਅੰਦਰਿ ਸਚੈ ਸਬਦਿ ਸੁਭਾਏ॥ (੫੬੮)

- ਦੂਜੇ ਭਾਇ ਭਰਮਿ ਵਿਗੁਤੀ ਮਨਮੁਖਿ ਮੋਹੀ ਜਮਕਾਲਿ॥
ਕਹੈ ਨਾਨਕੁ ਸੁਣਿ ਮਨ ਮੇਰੇ ਤੂ ਸਦਾ ਸਚੁ ਸਮਾਲਿ॥ (੫੬੯)

- ਗੁਰਮਖਿ ਨਦਰਿ ਨਿਹਾਲਿ ਮਨ ਮੇਰੇ ਅੰਤਰਿ ਹਰਿ ਨਾਮੁ ਸਖਾਈ॥
ਮਨਮੁਖ ਅੰਧੁਲੇ ਗਿਆਨ ਵਿਹੂਣੇ ਦੂਜੈ ਭਾਇ ਖੁਆਈ॥ (੫੬੯)

- ਮਨਮੁਖ ਮਾਇਆ ਮੋਹ ਵਿਆਪੇ ਦੂਖਿ ਸੰਤਾਪੇ ਦੂਜੈ ਪਤਿ ਗਵਾਈ॥
ਹਉਮੈ ਮਾਰਿ ਸਚਿ ਸਬਦਿ ਸਮਾਣੇ ਸਚਿ ਰਤੇ ਅਧਿਕਾਈ॥ (੫੬੯)

- ਇਕ ਕਾਮਣਿ ਹਿਤਕਾਰੀ ਮਾਇਆ ਮੋਹਿ ਪਿਆਰੀ ਮਨਮੁਖ ਸੋਇ ਰਹੇ ਅਭਾਗੇ॥
ਨਾਨਕ ਸਹਜੇ ਸੇਵਹਿ ਗੁਰੁ ਅਪਣਾ ਸੇ ਪੂਰੇ ਵਡਭਾਗੇ॥ (੫੬੯)

- ਮਨਮੁਖ ਸੰਤਾ ਨਾਲਿ ਵੈਰੁ ਕਰਿ ਦੁਖੁ ਖਟੇ ਸੰਸਾਰਾ॥
ਖੋਟੇ ਖਰੇ ਪਰਖੀਅਨਿ ਤਿਤੁ ਸਚੈ ਦਰਵਾਰਾ ਰਾਮ॥ (੫੭੦)

- ਮਨਮੁਖਿ ਅੰਧਾ ਤਪਿ ਤਪਿ ਖਪੈ ਬਿਨੁ ਸਬਦੈ ਸਾਂਤਿ ਨ ਆਈ॥
ਨਾਨਕ ਬਿਨੁ ਨਾਵੈ ਸਭੁ ਕੋਈ ਭੁਲਾ ਮਾਇਆ ਮੋਹਿ ਖੁਆਈ॥ (੫੭੧)

– ਮਨਮੁਖ ਮੁਹਿ ਮੈਲੈ ਸਬਦੁ ਨ ਜਾਣਨੀ ਕਾਮ ਕਰੋਧਿ ਵਿਣਾਸੁ॥
ਸਤਿਗੁਰ ਕਾ ਭਉ ਛੋਡਿਆ ਮਨਹਠਿ ਕੰਮੁ ਨ ਆਵੈ ਰਾਸਿ॥ (੫੮੬)

– ਮਨਮੁਖ ਸੇਤੀ ਦੋਸਤੀ ਥੋੜੜਿਆ ਦਿਨ ਚਾਰਿ॥
ਇਸੁ ਪਰੀਤੀ ਤੁਟਦੀ ਵਿਲਮੁ ਨ ਹੋਵਈ ਇਤੁ ਦੋਸਤੀ ਚਲਨਿ ਵਿਕਾਰ॥ (੫੮੭)

– ਕਲਿ ਮਹਿ ਜਮੁ ਜੰਦਾਰੁ ਹੈ ਹੁਕਮੇ ਕਾਰ ਕਮਾਇ॥ ਗੁਰਿ ਰਾਖੇ ਸੇ ਉਬਰੇ ਮਨਮੁਖਾ ਦੇਇ ਸਜਾਇ॥ (੫੮੮)

– ਹਉਮੈ ਵਡਾ ਰੋਗੁ ਹੈ ਭਾਇ ਦੂਜੈ ਕਰਮ ਕਮਾਇ॥
ਨਾਨਕ ਮਨਮੁਖਿ ਜੀਵਦਿਆ ਮੁਏ ਹਰਿ ਵਿਸਰਿਆ ਦੁਖੁ ਪਾਇ॥ (੫੮੯)

– ਨਾਨਕ ਨਾਮੁ ਨਿਧਾਨੁ ਹੈ ਗੁਰਮੁਖਿ ਪਾਇਆ ਜਾਇ॥
ਮਨਮੁਖ ਘਰਿ ਹੋਦੀ ਵਥੁ ਨ ਜਾਣਨੀ ਅੰਧੇ ਭਉਕਿ ਮੁਏ ਬਿਲਲਾਇ॥ (੫੯੦)

– ਮਨਮੁਖੁ ਕਾਇਰੁ ਕਰੂਪੁ ਹੈ ਬਿਨੁ ਨਾਵੈ ਨਕੁ ਨਾਹਿ॥
ਅਨਦਿਨੁ ਧੰਧੈ ਵਿਆਪਿਆ ਸੁਪਨੈ ਭੀ ਸੁਖੁ ਨਾਹਿ॥ (੫੯੧)

– ਸਬਦੈ ਸਾਦੁ ਨ ਆਇਓ ਮਰਿ ਜਨਮੈ ਵਾਰੋ ਵਾਰ॥
ਮਨਮੁਖਿ ਅੰਧੁ ਨ ਚੇਤਈ ਕਿਤੁ ਆਇਆ ਸੈਸਾਰਿ॥ (੫੯੨)

– ਸਤਿਗੁਰੁ ਸੇਵਨਿ ਜਾਗੰਨਿ ਸੇ ਜੋ ਰਤੇ ਸਚਿ ਨਾਮਿ ਗੁਣਤਾਸਿ॥
ਮਨਮੁਖਿ ਅੰਧ ਨ ਚੇਤਨੀ ਜਨਮਿ ਮਰਿ ਹੋਹਿ ਬਿਨਾਸਿ॥ (੫੯੨)

– ਇਹੁ ਮਨੂਆ ਦਹ ਦਿਸਿ ਧਾਵਦਾ ਦੂਜੈ ਭਾਇ ਖੁਆਇਆ॥
ਮਨਮੁਖ ਮੁਗਧੁ ਹਰਿ ਨਾਮੁ ਨ ਚੇਤੈ ਬਿਰਥਾ ਜਨਮੁ ਗਵਾਇਆ॥ (੫੯੯)

– ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ॥ (੬੦੦)

– ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ ਜੰਮਹਿ ਵਾਰੋ ਵਾਰਾ॥
ਬਿਸਟਾ ਕੇ ਕੀੜੇ ਬਿਸਟਾ ਮਾਹਿ ਸਮਾਣੇ ਮਨਮੁਖ ਮੁਗਧ ਗੁਬਾਰਾ॥ (੬੦੧)

– ਬਿਨੁ ਗੁਰ ਸਾਚੇ ਭਗਤਿ ਨ ਹੋਵੀ ਹੋਰ ਭੂਲੀ ਫਿਰੈ ਇਆਣੀ॥
ਮਨਮੁਖਿ ਫਿਰਹਿ ਸਦਾ ਦੁਖੁ ਪਾਵਹਿ ਡੂਬਿ ਮੁਏ ਵਿਣੁ ਪਾਣੀ॥ (੬੦੨)

– ਬਿਨੁ ਗੁਰ ਪ੍ਰੀਤਿ ਨ ਊਪਜੈ ਭਾਈ ਮਨਮੁਖਿ ਦੂਜੈ ਭਾਇ॥
ਤੁਹ ਕੁਟਹਿ ਮਨਮੁਖ ਕਰਮ ਕਰਹਿ ਭਾਈ ਪਲੈ ਕਿਛੂ ਨ ਪਾਇ॥ (੬੦੩)

– ਬਿਨੁ ਸਤਿਗੁਰ ਸਭੁ ਜਗੁ ਬਉਰਾਨਾ॥ ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ॥ (੬੦੪)

– ਮਨਮੁਖ ਭੂਖੇ ਦਹ ਦਿਸ ਡੋਲਹਿ ਬਿਨੁ ਨਾਵੈ ਦੁਖੁ ਪਾਈ॥
ਜਨਮਿ ਮਰੈ ਫਿਰਿ ਜੋਨੀ ਆਵੈ ਦਰਗਹ ਮਿਲੈ ਸਜਾਈ॥ (੬੦੭)

– ਇਹੁ ਸੰਸਾਰੁ ਸਭੁ ਆਵਣ ਜਾਣਾ ਮਨ ਮੂਰਖ ਚੇਤਿ ਅਜਾਣਾ॥
ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਤਾ ਹਰਿ ਨਾਮਿ ਸਮਾਣਾ॥ (੬੦੭)

– ਮਨਮੁਖਿ ਜੰਤ ਦੁਖਿ ਸਦਾ ਨਿਵਾਸੀ ਗੁਰਮੁਖਿ ਦੇ ਵਡਿਆਈ॥
ਅਪਰ ਅਪਾਰ ਅਗੰਮ ਅਗੋਚਰ ਕਹਣੈ ਕੀਮ ਨ ਪਾਈ॥ (੬੩੪)

– ਮਨਮੁਖਾ ਨੋ ਪਰਤੀਤਿ ਨ ਆਵੀ ਅੰਤਰਿ ਲੋਭ ਸੁਆਉ॥
ਗੁਰਮੁਖਿ ਹਿਰਦੈ ਸਬਦੁ ਨ ਭੇਦਿਓ ਹਰਿ ਨਾਮਿ ਨ ਲਾਗਾ ਭਾਉ॥ (੬੩੭)

– ਮਨਮੁਖਿ ਮੈਲੀ ਡੁੰਮਣੀ ਭਾਈ ਦਰਗਹ ਨਾਹੀ ਥਾਉ॥
ਗੁਰਮੁਖਿ ਹੋਵੈ ਤ ਗੁਣ ਰਵੈ ਭਾਈ ਮਿਲਿ ਪ੍ਰੀਤਮ ਸਾਚਿ ਸਮਾਉ॥ (੬੩੯)

– ਲੋਕਾ ਵਿਚਿ ਮੁਹੁ ਕਾਲਾ ਹੋਆ ਅੰਦਰਿ ਉਭੇ ਸਾਸ॥ ਮਨਮੁਖਾ ਨੋ ਕੋ ਨ ਵਿਸਹੀ ਚੁਕਿ ਗਇਆ ਵੇਸਾਸੁ॥ (੬੪੩)

– ਮਨਮੁਖ ਆਪ ਸੁਆਰਥੀ ਕਾਰਜੁ ਨ ਸਕਹਿ ਸਵਾਰਿ॥
ਨਾਨਕ ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰੁ॥ (੬੪੩)

– ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥
ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥ (੬੪੩)

– ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ॥
ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥ (੬੪੪)

– ਮਨਮੁਖ ਮੰਨੁ ਅਜਿਤੁ ਹੈ ਦੂਜੈ ਲਗੈ ਜਾਇ॥ ਤਿਸ ਨੋ ਸੁਖੁ ਸੁਪਨੈ ਨਹੀ ਦੁਖੇ ਦੁਖਿ ਵਿਹਾਇ॥ (੬੪੪)

– ਵਿਣੁ ਨਾਵੈ ਸਭਿ ਭਰਮਦੇ ਨਿਤ ਜਗਿ ਤੋਟਾ ਸੈਸਾਰਿ॥ ਮਨਮੁਖਿ ਕਰਮ ਕਮਾਵਣੇ ਹਉਮੈ ਅੰਧੁ ਗੁਬਾਰੁ॥ (੬੪੬)

– ਮਨਮੁਖ ਭਰਮੈ ਸਹਸਾ ਹੋਵੈ॥ ਅੰਤਰਿ ਚਿੰਤਾ ਨੀਦ ਨ ਸੋਵੈ॥ (੬੪੬)

– ਮਨਮੁਖ ਹਰਿ ਨਾਮੁ ਨ ਸੇਵਿਆ ਦੁਖੁ ਲਗਾ ਬਹੁਤਾ ਆਇ॥
ਅੰਤਰਿ ਅਗਿਆਨੁ ਅੰਧੇਰੁ ਹੈ ਸੁਧਿ ਨ ਕਾਈ ਪਾਇ॥ (੬੪੭)

– ਕਿਆ ਗਭਰੂ ਕਿਆ ਬਿਰਧਿ ਹੈ ਮਨਮੁਖ ਤ੍ਰਿਸਨਾ ਭੁਖ ਨ ਜਾਇ॥

ਗੁਰਮੁਖਿ ਸਬਦੇ ਰਤਿਆ ਸੀਤਲੁ ਹੋਏ ਆਪੁ ਗਵਾਇ॥ (੬੪੯)

- ਗੁਰ ਬਿਨੁ ਗਿਆਨੁ ਨ ਹੋਵਈ ਨਾ ਸੁਖੁ ਵਸੈ ਮਨਿ ਆਇ॥
ਨਾਨਕ ਨਾਮ ਵਿਹੂਣੇ ਮਨਮੁਖੀ ਜਾਸਨਿ ਜਨਮੁ ਗਵਾਇ॥ (੬੫੦)

- ਮਨਮੁਖ ਮਾਇਆ ਮੋਹਿ ਵਿਆਪੇ ਦੂਜੈ ਭਾਇ ਮਨੂਆ ਥਿਰੁ ਨਾਹਿ॥
ਅਨਦਿਨੁ ਜਲਤ ਰਹਹਿ ਦਿਨੁ ਰਾਤੀ ਹਉਮੈ ਖਪਹਿ ਖਪਾਹਿ॥ (੬੫੨)

- ਨ ਸਬਦੁ ਬੂਝੈ ਨ ਜਾਣੈ ਬਾਣੀ॥ ਮਨਮੁਖਿ ਅੰਧੇ ਦੁਖਿ ਵਿਹਾਣੀ॥ (੬੬੫)

- ਕਾਚਾ ਧਨੁ ਸੰਚਹਿ ਮੂਰਖ ਗਾਵਾਰ॥ ਮਨਮੁਖ ਭੂਲੇ ਅੰਧ ਗਾਵਾਰ॥ (੬੬੫)

- ਮਨਮੁਖਿ ਭੂਲੇ ਸਭਿ ਮਰਹਿ ਗਵਾਰ॥ ਭਵਜਲਿ ਡੂਬੇ ਨ ਉਰਵਾਰਿ ਨ ਪਾਰਿ॥ (੬੬੫)

- ਦੂਜੈ ਭਾਇ ਸਭ ਪਰਜ ਵਿਗੋਈ॥ ਮਨਮੁਖਿ ਚੋਟਾ ਖਾਇ ਅਪੁਨੀ ਪਤਿ ਖੋਈ॥ (੬੬੪)

- ਸੋ ਕਤ ਡਰੈ ਜਿ ਖਸਮੁ ਸਮ੍ਹਾਰੈ॥ ਡਰਿ ਡਰਿ ਪਚੇ ਮਨਮੁਖ ਵੇਚਾਰੇ॥ (੬੭੭)

- ਦੂਜੈ ਭਾਇ ਦੁਖੁ ਹੋਇ ਮਨਮੁਖ ਜਮਿ ਜੋਹਿਆ ਜੀਉ॥
ਹਾਇ ਹਾਇ ਕਰੇ ਦਿਨੁ ਰਾਤਿ ਮਾਇਆ ਦੁਖਿ ਮੋਹਿਆ ਜੀਉ॥ (੬੯੦)

- ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ॥
ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ॥ (੬੯੬)

- ਮਨਮੁਖ ਕੋਠੀ ਅਗਿਆਨੁ ਅੰਧੇਰਾ ਤਿਨ ਘਰਿ ਰਤਨੁ ਨ ਲਾਖਾ॥
ਤੇ ਊਝੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖੁ ਚਾਖਾ॥ (੬੯੬)

- ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ॥
ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ॥ (੭੧੧)

- ਮਨਮੁਖਿ ਮੁਗਧੁ ਨਰੁ ਕੋਰਾ ਹੋਇ॥ ਜੇ ਸਉ ਲੋਚੈ ਰੰਗੁ ਨ ਹੋਵੈ ਕੋਇ॥ (੭੩੨)

- ਮਨਮੁਖਿ ਹਰਿ ਰਸੁ ਚਾਖਿਆ ਨ ਜਾਇ॥ ਹਉਮੈ ਕਰੈ ਬਹੁਤੀ ਮਿਲੈ ਸਜਾਇ॥ (੭੩੩)

- ਸਭੁ ਮੋਹੁ ਮਾਇਆ ਸਰੀਰੁ ਹਰਿ ਕੀਆ ਵਿਚਿ ਦੇਹੀ ਮਾਨੁਖ ਭਗਤਿ ਕਰਾਈ॥
ਇਕਨਾ ਸਤਿਗੁਰੁ ਮੇਲਿ ਸੁਖੁ ਦੇਵਹਿ ਇਕਿ ਮਨਮੁਖਿ ਧੰਧੁ ਪਿਟਾਈ॥ (੭੩੫)

- ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥
ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ॥ (੭੩੬)

- ਮਨਮੁਖ ਭਰਮਿ ਭੁਲਾਣਾ ਨਾ ਤਿਸੁ ਰੰਗੁ ਹੈ॥ ਮਰਸੀ ਹੋਇ ਵਿਡਾਣਾ ਮਨਿ ਤਨਿ ਭੰਗੁ ਹੈ॥ (੭੫੨)

- ਮਨਮੁਖੁ ਸਦ ਹੀ ਕੂੜੋ ਬੋਲੈ ਬਿਖੁ ਬੀਜੈ ਬਿਖੁ ਖਾਏ॥
ਜਮਕਾਲਿ ਬਾਧਾ ਤ੍ਰਿਸਨਾ ਦਾਧਾ ਬਿਨੁ ਗੁਰ ਕਵਣੁ ਛਡਾਏ॥ (੭੫੩)

- ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ॥
ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ॥ (੭੫੪)

- ਦੁਨੀਆ ਕੇਰੀ ਦੋਸਤੀ ਮਨਮੁਖ ਦਝਿ ਮਰੰਨਿ॥ ਜਮ ਪੁਰਿ ਬਧੇ ਮਾਰੀਅਹਿ ਵੇਲਾ ਨ ਲਾਹੰਨਿ॥ (੭੫੫)

- ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥ ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥ (੭੫੫)

- ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ॥ ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ॥ (੭੫੫)

- ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ॥
ਗੁਰਮੁਖਿ ਬੋਲਹਿ ਸੋ ਥਾਇ ਪਾਏ ਮਨਮੁਖਿ ਕਿਛੁ ਥਾਇ ਨ ਪਾਈ॥ (੭੫੮)

- ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ ਵਿਣੁ ਸਤਿਗੁਰ ਭਗਤਿ ਨ ਹੋਈ ਰਾਮ॥
ਹਉਮੈ ਮਾਇਆ ਰੋਗਿ ਵਿਆਪੇ ਮਰਿ ਜਨਮਹਿ ਦੁਖੁ ਹੋਈ ਰਾਮ॥ (੭੬੮)

- ਮਨਮੁਖਿ ਵਿਛੁੜੀ ਦੂਰਿ ਮਹਲੁ ਨ ਪਾਏ ਬਲਿ ਗਈ ਬਲਿ ਰਾਮ ਜੀਉ॥
ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ ਕੂੜਿ ਲਈ ਬਲਿ ਰਾਮ ਜੀਉ॥ (੭੭੩)

- ਇਹੁ ਜਗੋ ਦੁਤਰੁ ਮਨਮੁਖੁ ਪਾਰਿ ਨ ਪਾਈ ਰਾਮ॥ ਅੰਤਰੇ ਹਉਮੈ ਮਮਤਾ ਕਾਮੁ ਕ੍ਰੋਧੁ ਚਤੁਰਾਈ ਰਾਮ॥ (੭੭੫)

- ਮਨੁ ਦਹ ਦਿਸਿ ਚਲਿ ਚਲਿ ਭਰਮਿਆ ਮਨਮੁਖੁ ਭਰਮਿ ਭੁਲਾਇਆ॥
ਨਿਤ ਆਸਾ ਮਨਿ ਚਿਤਵੈ ਮਨ ਤ੍ਰਿਸਨਾ ਭੁਖ ਲਗਾਇਆ॥ (੭੭੬)

- ਸੋਈ ਜਾਣੈ ਸੋਈ ਪਛਾਣੈ ਜਾ ਕਉ ਨਦਰਿ ਸਿਰੰਦੇ॥
ਮਨਮੁਖਿ ਭੂਲੀ ਬਹੁਤੀ ਰਾਹੀ ਫਾਥੀ ਮਾਇਆ ਫੰਦੇ॥ (੭੭੯)

- ਮਾਇਆ ਮੋਹੁ ਗੁਬਾਰੁ ਹੈ ਦੂਜੈ ਭਰਮਾਈ॥ ਮਨਮੁਖ ਠਉਰ ਨ ਪਾਇਨ੍ਹੀ ਫਿਰਿ ਆਵੈ ਜਾਈ॥ (੭੮੬)

- ਸੂਹੈ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ॥
ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ॥ (੭੮੬)

- ਪੰਚ ਧਾਤੁ ਵਿਚਿ ਪਾਈਅਨੁ ਮੋਹੁ ਝੂਠੁ ਗੁਮਾਨੁ॥ ਆਵੈ ਜਾਇ ਭਵਾਈਐ ਮਨਮੁਖੁ ਅਗਿਆਨੁ॥ (੭੮੬)

- ਸੂਹਵੀਏ ਸੂਹਾ ਵੇਸੁ ਛਡਿ ਤੂ ਤਾ ਪਿਰ ਲਗੀ ਪਿਆਰੁ॥
ਸੂਹੈ ਵੇਸਿ ਪਿਰੁ ਕਿਨੈ ਨ ਪਾਇਓ ਮਨਮੁਖਿ ਦਝਿ ਮੁਈ ਗਾਵਾਰਿ॥ (੭੮੬)

- ਮੋਹੁ ਕੂੜੁ ਕੁਟੰਬੁ ਹੈ ਮਨਮੁਖੁ ਮੁਗਧੁ ਰਤਾ॥ ਹਉਮੈ ਮੇਰਾ ਕਰਿ ਮੁਏ ਕਿਛੁ ਸਾਥਿ ਨ ਲਿਤਾ॥ (੭੮੭)

- ਕੋਠੇ ਮੰਡਪ ਮਾੜੀਆ ਲਗਿ ਪਏ ਗਾਵਾਰੀ॥ ਜਿਨ੍ਹਿ ਕੀਏ ਤਿਸਹਿ ਨ ਜਾਣਨੀ ਮਨਮੁਖਿ ਗੁਬਾਰੀ॥ (੭੮੮)

- ਇਹੁ ਮਾਨਸ ਜਨਮੁ ਦੁਲੰਭੁ ਸਾ ਮਨਮੁਖ ਸੰਤਾਪੇ॥ (੭੮੯)

- ਮਨਮੁਖੁ ਵਿਛੁੜੈ ਖੋਟੀ ਰਾਸਿ॥ ਗੁਰਮੁਖਿ ਨਾਮਿ ਮਿਲੈ ਸਾਬਾਸਿ॥ (੭੯੬)

- ਮੁਕਤ ਬੰਧ ਸਭਿ ਤੁਝ ਤੇ ਹੋਏ ਐਸਾ ਆਖਿ ਵਖਾਣੇ॥
ਗੁਰਮੁਖਿ ਹੋਵੈ ਸੋ ਮੁਕਤੁ ਕਹੀਐ ਮਨਮੁਖ ਬੰਧ ਵਿਚਾਰੇ॥ (੭੯੬)

- ਤਿਨ ਕੀ ਗਹਣ ਗਤਿ ਕਹੀ ਨ ਜਾਈ ਸਚੈ ਆਪਿ ਸਵਾਰੇ॥
ਭਰਮਿ ਭੁਲਾਣੇ ਸਿ ਮਨਮੁਖ ਕਹੀਅਹਿ ਨਾ ਉਰਵਾਰਿ ਨ ਪਾਰੇ॥ (੭੯੬)

- ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥ ਨਾਵਹੁ ਭੂਲੇ ਥਾਉ ਨ ਕੋਈ॥ (੮੩੧)

- ਸੋ ਗਿਆਨੀ ਜਿਨਿ ਸਬਦਿ ਲਿਵ ਲਾਈ॥ ਮਨਮੁਖਿ ਹਉਮੈ ਪਤਿ ਗਵਾਈ॥ (੮੩੧)

- ਮਨਮੁਖਿ ਜੋਨੀ ਦੂਖ ਸਹਾਮੰ॥ ਬੰਧਨ ਤੂਟੇ ਇਕੁ ਨਾਮੁ ਵਸਾਮੰ॥ (੮੩੧)

- ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਈਆ॥
ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ॥ (੮੩੩)

- ਸਾਸਤ ਬੇਦ ਪੁਰਾਣ ਪੁਕਾਰਹਿ ਧਰਮੁ ਕਰਹੁ ਖਟੁ ਕਰਮ ਦ੍ਰਿੜਈਆ॥
ਮਨਮੁਖ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰਿ ਬੁਡਈਆ॥ (੮੩੪)

- ਮਨਮੁਖ ਮਾਇਆ ਮੋਹਿ ਵਿਆਪੇ ਇਹੁ ਮਨੁ ਤ੍ਰਿਸਨਾ ਜਲਤ ਤਿਖਈਆ॥

ਗੁਰਮਤਿ ਨਾਮੁ ਅੰਮ੍ਰਿਤ ਜਲੁ ਪਾਇਆ ਅਗਨਿ ਬੁਝੀ ਗੁਰ ਸਬਦਿ ਬੁਝਈਆ॥ (੮੩੪)

– ਸੇਜ ਏਕ ਏਕੋ ਪ੍ਰਭੁ ਠਾਕੁਰੁ ਮਹਲੁ ਨ ਪਾਵੈ ਮਨਮੁਖ ਭਰਮਈਆ॥
ਗੁਰੁ ਗੁਰੁ ਕਰਤ ਸਰਣਿ ਜੇ ਆਵੈ ਪ੍ਰਭੁ ਆਇ ਮਿਲੈ ਖਿਨੁ ਢੀਲ ਨ ਪਈਆ॥ (੮੩੭)

– ਮਨਮੁਖੁ ਅੰਧਾ ਦੂਜੈ ਭਾਇ॥ ਜਮ ਦਰ ਬਾਧਾ ਚੋਟਾ ਖਾਇ॥ (੮੪੧)

– ਮਨਮੁਖ ਮਰਹਿ ਮਰਿ ਬਿਗਤੀ ਜਾਹਿ॥ ਏਕੁ ਨ ਚੇਤਹਿ ਦੂਜੈ ਲੋਭਾਹਿ॥ (੮੪੨)

– ਐਥੈ ਸੁਖੁ ਨ ਆਗੈ ਹੋਇ॥ ਮਨਮੁਖ ਮੁਏ ਅਪਣਾ ਜਨਮੁ ਖੋਇ॥ (੮੪੨)

– ਦੂਜੈ ਭਾਇ ਬਿਲਾਵਲੁ ਨ ਹੋਵਈ ਮਨਮੁਖਿ ਥਾਇ ਨ ਪਾਇ॥
ਪਾਖੰਡਿ ਭਗਤਿ ਨ ਹੋਵਈ ਪਾਰਬ੍ਰਹਮੁ ਨ ਪਾਇਆ ਜਾਇ॥ (੮੪੯)

– ਮਨਮੁਖ ਅਗਿਆਨੀ ਅੰਧੁਲੇ ਜਨਮਿ ਮਰਹਿ ਫਿਰਿ ਆਵੈ ਜਾਏ॥
ਕਾਰਜ ਸਿਧਿ ਨ ਹੋਵਨੀ ਅੰਤਿ ਗਇਆ ਪਛੁਤਾਏ॥ (੮੫੧)

– ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ ਧਿਆਨੁ ਨ ਲਾਗੈ॥
ਦੁਖ ਵਿਚਿ ਕਾਰ ਕਮਾਵਣੀ ਦੁਖੁ ਵਰਤੈ ਦੁਖੁ ਆਗੈ॥ (੮੫੧)

– ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਬੀਚਾਰ॥
ਹਰਿ ਨਾਮੁ ਨ ਭਾਇਆ ਬਿਰਥਾ ਜਨਮੁ ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰ॥ (੮੫੨)

– ਗੁਰ ਕੀ ਸੇਵਾ ਵਿਸਰੀ ਕਿਉ ਮਨੁ ਰਹੈ ਹਜੂਰਿ॥ ਮਨਮੁਖਿ ਜਨਮੁ ਗਵਾਇਆ ਝੂਠੈ ਲਾਲਚਿ ਕੂਰਿ॥ (੮੫੪)

– ਰਤਨੁ ਜਵੇਹਰੁ ਲਾਲੁ ਹਰਿ ਨਾਮਾ ਗੁਰਿ ਕਾਢਿ ਤਲੀ ਦਿਖਲਾਇਆ॥
ਭਾਗਹੀਣ ਮਨਮੁਖਿ ਨਹੀ ਲੀਆ ਤ੍ਰਿਣ ਓਲੈ ਲਾਖੁ ਛਪਾਇਆ॥ (੮੮੦)

– ਪੂਜਾ ਕਰੈ ਸਭੁ ਲੋਕੁ ਸੰਤਹੁ ਮਨਮੁਖਿ ਥਾਇ ਨ ਪਾਈ॥
ਸਬਦਿ ਮਰੈ ਮਨੁ ਨਿਰਮਲੁ ਸੰਤਹੁ ਏਹ ਪੂਜਾ ਥਾਇ ਪਾਈ॥ (੯੧੦)

– ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ॥
ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ॥ (੯੩੮)

– ਮਨਮੁਖਿ ਬਿਨਸੈ ਆਵੈ ਜਾਇ॥ ਨਾਨਕ ਗੁਰਮੁਖਿ ਸਾਚਿ ਸਮਾਇ॥ (੯੩੯)

- ਮਨਮੁਖਿ ਭੂਲੈ ਜਮ ਕੀ ਕਾਣਿ॥ ਪਰ ਘਰੁ ਜੋਹੈ ਹਾਣੇ ਹਾਣਿ॥
ਮਨਮੁਖਿ ਭਰਮਿ ਭਵੈ ਬੇਬਾਣਿ॥ ਵੇਮਾਰਗਿ ਮੂਸੈ ਮੰਤ੍ਰਿ ਮਸਾਣਿ॥ (੯੪੧)

- ਜਗੁ ਕਰੜਾ ਮਨਮੁਖੁ ਗਵਾਰੁ॥ ਸਬਦੁ ਕਮਾਈਐ ਖਾਈਐ ਸਾਰੁ॥ (੯੪੩)

- ਕਿਉ ਕਰਿ ਬੂਝੈ ਪਾਵੈ ਪਾਰੁ॥ ਨਾਨਕ ਮਨਮੁਖਿ ਨ ਬੁਝੈ ਗਵਾਰੁ॥ (੯੪੪)

- ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ॥
ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ॥ (੯੪੭)

- ਧੰਧਾ ਧਾਵਤ ਦਿਨੁ ਗਇਆ ਰੈਣਿ ਗਵਾਈ ਸੋਇ॥
ਕੂੜੁ ਬੋਲਿ ਬਿਖੁ ਖਾਇਆ ਮਨਮੁਖਿ ਚਲਿਆ ਰੋਇ॥ (੯੪੮)

- ਬਿਖੁ ਖਾਧੀ ਮਨਮੁਖੁ ਮੁਆ ਮਾਇਆ ਮੋਹਿ ਵਿਣਾਸੁ॥
ਇਕਸੁ ਹਰਿ ਕੇ ਨਾਮ ਵਿਣੁ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ॥ (੯੪੯)

- ਸਦਾ ਰਵੈ ਪਿਰੁ ਆਪਣਾ ਸੋਭਾਵੰਤੀ ਨਾਰਿ॥ ਮਨਮੁਖਿ ਸੀਗਾਰੁ ਨ ਜਾਣਨੀ ਜਾਸਨਿ ਜਨਮੁ ਸਭੁ ਹਾਰਿ॥ (੯੫੦)

- ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ॥
ਓਇ ਥਾਉ ਕੁਥਾਉ ਨ ਜਾਣਨੀ ਉਨ ਅੰਤਰਿ ਲੋਭੁ ਵਿਕਾਰੁ॥ (੯੫੦)

- ਸਭ ਨਦਰੀ ਅੰਦਰਿ ਰਖਦਾ ਜੇਤੀ ਸਿਸਟਿ ਸਭ ਕੀਤੀ॥ ਇਕਿ ਕੂੜਿ ਕੁਸਤਿ ਲਾਇਅਨੁ ਮਨਮੁਖ ਵਿਗੂਤੀ॥ (੯੫੧)

- ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ॥
ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ॥ (੯੫੨)

- ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ॥
ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ॥ (੯੫੩)

- ਮਨਮੁਖਿ ਮੋਹੁ ਗੁਬਾਰੁ ਹੈ ਦੂਜੈ ਭਾਇ ਬੋਲੈ॥ ਦੂਜੈ ਭਾਇ ਸਦਾ ਦੁਖੁ ਹੈ ਨਿਤ ਨੀਰੁ ਵਿਰੋਲੈ॥ (੯੫੫)

- ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ॥ ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ॥ (੯੫੯)

- ਮਨਮੁਖ ਕਰਜੁ ਚੜਿਆ ਬਿਖੁ ਭਾਰੀ ਉਤਰੈ ਸਬਦੁ ਵੀਚਾਰੇ॥
ਜਿਤਨੇ ਕਰਜ ਕਰਜ ਕੇ ਮੰਗੀਏ ਕਰਿ ਸੇਵਕ ਪਗਿ ਲਗਿ ਵਾਰੇ॥ (੯੬੧)

- ਮਨਮੁਖ ਰੰਗੁ ਕਸੁੰਭੁ ਹੈ ਕਚੂਆ ਜਿਉ ਕੁਸਮ ਚਾਰਿ ਦਿਨ ਚਾਗਾ॥
ਖਿਨ ਮਹਿ ਬਿਨਸਿ ਜਾਇ ਪਰਤਾਪੈ ਡੰਡੁ ਧਰਮ ਰਾਇ ਕਾ ਲਾਗਾ॥ (੯੮੫)

- ਇਕਿ ਭਗਤੀ ਸਾਰ ਨ ਜਾਣਨੀ ਮਨਮੁਖ ਭਰਮਿ ਭੁਲਾਇ॥
ਓਨਾ ਵਿਚਿ ਆਪਿ ਵਰਤਦਾ ਕਰਣਾ ਕਿਛੂ ਨ ਜਾਇ॥ (੯੯੪)

- ਸਾਗਰ ਭਗਤਿ ਭੰਡਾਰ ਹਰਿ ਪੂਰੇ ਸਤਿਗੁਰ ਪਾਸਿ॥
ਮਨਮੁਖਿ ਭਾਗ ਵਿਹੂਣਿਆ ਤਿਖ ਮੁਈਆ ਕੰਧੀ ਪਾਸਿ॥ (੯੯੬)

- ਵਡਭਾਗੀ ਗੁਰੁ ਸੇਵਿਆ ਹਰਿ ਪਾਇਆ ਸੁਘੜ ਸੁਜਾਣੀ॥
ਮਨਮੁਖ ਭਾਗ ਵਿਹੂਣਿਆ ਤਿਨ ਦੁਖੀ ਰੈਣਿ ਵਿਹਾਣੀ॥ (੯੯੭)

- ਅੰਮ੍ਰਿਤੁ ਹਰਿ ਹਰਿ ਨਾਮੁ ਹੈ ਗੁਰਿ ਪੂਰੈ ਹਰਿ ਰਸੁ ਚਾਖੁ॥
ਮਨਮੁਖ ਤ੍ਰਿਸਨਾ ਭਰਿ ਰਹੇ ਮਨਿ ਆਸਾ ਦਹ ਦਿਸ ਬਹੁ ਲਾਖੁ॥ (੯੯੭)

- ਧਰਣੀਧਰੁ ਤਿਆਗਿ ਨੀਚ ਕੁਲ ਸੇਵਹਿ ਹਉ ਹਉ ਕਰਤ ਬਿਹਾਵਥ॥
ਫੋਕਟ ਕਰਮ ਕਰਹਿ ਅਗਿਆਨੀ ਮਨਮੁਖਿ ਅੰਧ ਕਹਾਵਥ॥ (੧੦੦੧)

- ਗੁਰਮਤੀ ਦਧਿ ਮਥੀਐ ਅੰਮ੍ਰਿਤੁ ਪਾਈਐ ਨਾਮੁ ਨਿਧਾਨਾ॥ ਮਨਮੁਖ ਤਤੁ ਨ ਜਾਣਨੀ ਪਸੂ ਮਾਹਿ ਸਮਾਨਾ॥ (੧੦੦੯)

- ਧੰਧੈ ਧਾਵਤ ਜਗੁ ਬਾਧਿਆ ਨਾ ਬੂਝੈ ਵੀਚਾਰੁ॥ ਜੰਮਣ ਮਰਣੁ ਵਿਸਾਰਿਆ ਮਨਮੁਖ ਮੁਗਧੁ ਗਵਾਰੁ॥ (੧੦੧੦)

- ਲਾਲੇ ਗੋਲੇ ਮਤਿ ਖਰੀ ਗੁਰ ਕੀ ਮਤਿ ਨੀਕੀ॥ ਸਾਚੀ ਸੁਰਤਿ ਸੁਹਾਵਣੀ ਮਨਮੁਖ ਮਤਿ ਫੀਕੀ॥ (੧੦੧੧)

- ਮਨਮੁਖ ਕਉ ਆਲਸੁ ਘਣੋ ਫਾਥੇ ਓਜਾੜੀ॥ ਫਾਥਾ ਚੁਗੈ ਨਿਤ ਚੋਗੜੀ ਲਗਿ ਬੰਧੁ ਵਿਗਾੜੀ॥ (੧੦੧੧)

- ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ॥
ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ॥ (੧੦੧੨)

- ਗੁਰਮੁਖਿ ਜਿਨੀ ਨਾਮੁ ਨ ਪਾਇਆ॥ ਮਨਮੁਖਿ ਬਿਰਥਾ ਜਨਮੁ ਗਵਾਇਆ॥ (੧੦੧੬)

- ਮਨਮੁਖਿ ਕਦੇ ਨ ਦਰਗਹ ਸੀਝੈ॥ ਬਿਨੁ ਸਬਦੈ ਕਿਉ ਅੰਤਰੁ ਰੀਝੈ॥ (੧੦੨੩)

- ਕਲੀ ਕਾਲ ਮਹਿ ਇਕ ਕਲ ਰਾਖੀ॥ ਬਿਨੁ ਗੁਰ ਪੂਰੇ ਕਿਨੈ ਨ ਭਾਖੀ॥
ਮਨਮੁਖਿ ਕੂੜੁ ਵਰਤੈ ਵਰਤਾਰਾ ਬਿਨੁ ਸਤਿਗੁਰ ਭਰਮੁ ਨ ਜਾਈ ਹੇ॥ (੧੦੨੪)

– ਗੁਰਮੁਖਿ ਜਾਗਿ ਰਹੇ ਦਿਨ ਰਾਤੀ॥ ਸਾਚੇ ਕੀ ਲਿਵ ਗੁਰਮਤਿ ਜਾਤੀ॥
ਮਨਮੁਖ ਸੋਇ ਰਹੇ ਸੇ ਲੂਟੇ ਗੁਰਮੁਖਿ ਸਾਬਤੁ ਭਾਈ ਹੇ॥ (੧੦੨੪)

– ਆਗੈ ਬਿਮਲ ਨਦੀ ਅਗਨਿ ਬਿਖੁ ਝੇਲਾ॥ ਤਿਥੈ ਅਵਰੁ ਨ ਕੋਈ ਜੀਉ ਇਕੇਲਾ॥
ਭੜ ਭੜ ਅਗਨਿ ਸਾਗਰੁ ਦੇ ਲਹਰੀ ਪੜਿ ਦਝਹਿ ਮਨਮੁਖ ਤਾਈ ਹੇ॥ (੧੦੨੬)

– ਸੂਰਜੁ ਤਪੈ ਅਗਨਿ ਬਿਖੁ ਝਾਲਾ॥ ਅਪਤੁ ਪਸੂ ਮਨਮੁਖੁ ਬੇਤਾਲਾ॥ (੧੦੨੯)

– ਖੇਹੂ ਖੇਹ ਰਲੈ ਤਨੁ ਛੀਜੈ॥ ਮਨਮੁਖੁ ਪਾਥਰੁ ਸੈਲੁ ਨ ਭੀਜੈ॥ (੧੦੨੯)

– ਮਨਮੁਖ ਅੰਧੁਲੇ ਸੋਝੀ ਨਾਹੀ॥ ਆਵਹਿ ਜਾਹਿ ਮਰਹਿ ਮਰਿ ਜਾਹੀ॥ (੧੦੨੯)

– ਕੂੜਿ ਮੁਠੀ ਚਾਲੈ ਬਹੁ ਰਾਹੀ॥ ਮਨਮੁਖੁ ਦਾਝੈ ਪੜਿ ਪੜਿ ਭਾਹੀ॥ (੧੦੨੯)

– ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ॥ ਨਾਮੁ ਨ ਬੂਝਹਿ ਭਰਮਿ ਭੁਲਾਨਾ॥ (੧੦੩੨)

– ਜੋ ਤਿਸੁ ਭਾਵੈ ਸੋ ਨਿਹਚਉ ਹੋਵੈ॥ ਮਨਮੁਖੁ ਆਪੁ ਗਣਾਏ ਰੋਵੈ॥ (੧੦੩੪)

– ਆਪੇ ਮੇਲੇ ਦੇ ਵਡਿਆਈ॥ ਗੁਰ ਪਰਸਾਦੀ ਕੀਮਤਿ ਪਾਈ॥
ਮਨਮੁਖਿ ਬਹੁਤੁ ਫਿਰੈ ਬਿਲਲਾਦੀ ਦੂਜੈ ਭਾਇ ਖੁਆਈ ਹੇ॥ (੧੦੪੪)

– ਹਉਮੈ ਮਾਇਆ ਵਿਚੇ ਪਾਈ॥ ਮਨਮੁਖ ਭੂਲੇ ਪਤਿ ਗਵਾਈ॥ (੧੦੪੪)

– ਤ੍ਰਿਸਨਾ ਅਗਨਿ ਜਲੈ ਸੰਸਾਰਾ॥ ਜਲਿ ਜਲਿ ਖਪੈ ਬਹੁਤੁ ਵਿਕਾਰਾ॥
ਮਨਮੁਖੁ ਠਉਰ ਨ ਪਾਏ ਕਬਹੂ ਸਤਿਗੁਰ ਬੂਝ ਬੁਝਾਈ ਹੇ॥ (੧੦੪੪)

– ਗੁਰਮੁਖਿ ਨਾਮਿ ਮਿਲੈ ਵਡਿਆਈ॥ ਮਨਮੁਖਿ ਨਿੰਦਕਿ ਪਤਿ ਗਵਾਈ॥ (੧੦੪੬)

– ਮਨਮੁਖੁ ਨਿੰਦਾ ਕਰਿ ਕਰਿ ਵਿਗੁਤਾ॥ ਅੰਤਰਿ ਲੋਭੁ ਭਉਕੈ ਜਿਸੁ ਕੁਤਾ॥ (੧੦੪੬)

– ਸਤਿਗੁਰੁ ਸੇਵਹਿ ਸੇ ਜਨ ਸਾਚੇ॥ ਮਨਮੁਖ ਸੇਵਿ ਨ ਜਾਣਨਿ ਕਾਚੇ॥ (੧੦੪੬)

– ਮਨਮੁਖ ਸਹਸਾ ਬੂਝ ਨ ਪਾਈ॥ ਮਰਿ ਮਰਿ ਜੰਮੈ ਜਨਮੁ ਗਵਾਈ॥ (੧੦੪੭)

– ਅਨਲ ਵਾਉ ਭਰਮਿ ਭੁਲਾਈ॥ ਮਾਇਆ ਮੋਹਿ ਸੁਧਿ ਨ ਕਾਈ॥
ਮਨਮੁਖ ਅੰਧੇ ਕਿਛੂ ਨ ਸੂਝੈ ਗੁਰਮਤਿ ਨਾਮੁ ਪ੍ਰਗਾਸੀ ਹੇ॥ (੧੦੪੮)

- ਮਨਮੁਖ ਹਉਮੈ ਮਾਇਆ ਸੂਤੇ॥ ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ॥ (੧੦੪੯)

- ਮੇਰੀ ਮੇਰੀ ਕਰਤ ਵਿਹਾਣੀ॥ ਮਨਮੁਖਿ ਨ ਬੂਝੈ ਫਿਰੈ ਇਆਣੀ॥ (੧੦੪੯)

- ਮਨਮੁਖਿ ਅੰਤਰਿ ਭਗਤਿ ਨ ਹੋਈ॥ ਗੁਰਮੁਖਿ ਭਗਤਿ ਸਾਂਤਿ ਸੁਖੁ ਹੋਈ॥ (੧੦੪੯)

- ਕਾਇਆ ਕਮਲੁ ਹੈ ਕੁਮਲਾਣਾ॥ ਮਨਮੁਖੁ ਸਬਦੁ ਨ ਬੁਝੈ ਇਆਣਾ॥ (੧੦੫੧)

- ਮਨਮੁਖੁ ਗਿਆਨੁ ਕਥੇ ਨ ਹੋਈ॥ ਫਿਰਿ ਫਿਰਿ ਆਵੈ ਠਉਰ ਨ ਕੋਈ॥ (੧੦੫੧)

- ਮਨਮੁਖੁ ਕਾਰ ਕਰੇ ਸਭਿ ਦੁਖ ਸਬਾਏ॥ ਅੰਤਰਿ ਸਬਦੁ ਨਾਹੀ ਕਿਉ ਦਰਿ ਜਾਏ॥ (੧੦੫੧)

- ਮਾਇਆ ਮੋਹਿ ਹਰਿ ਸਿਉ ਚਿਤੁ ਨ ਲਾਗੈ॥ ਦੂਜੈ ਭਾਇ ਘਣਾ ਦੁਖੁ ਆਗੈ॥
ਮਨਮੁਖ ਭਰਮਿ ਭੁਲੇ ਭੇਖਧਾਰੀ ਅੰਤ ਕਾਲਿ ਪਛੁਤਾਤਾ ਹੇ॥ (੧੦੫੨)

- ਭੰਨੈ ਘੜੇ ਸਵਾਰੇ ਸਾਜੇ॥ ਮਾਇਆ ਮੋਹਿ ਦੂਜੈ ਜੰਤ ਪਾਜੇ॥
ਮਨਮੁਖ ਫਿਰਹਿ ਸਦਾ ਅੰਧੁ ਕਮਾਵਹਿ ਜਮ ਕਾ ਜੇਵੜਾ ਗਲਿ ਫਾਹਾ ਹੇ॥ (੧੦੫੩)

- ਦੁਖੁ ਸੁਖੁ ਕਰਤੈ ਧੁਰਿ ਲਿਖਿ ਪਾਇਆ॥ ਦੂਜਾ ਭਾਉ ਆਪਿ ਵਰਤਾਇਆ॥
ਗੁਰਮੁਖਿ ਹੋਵੈ ਸੁ ਅਲਿਪਤੋ ਵਰਤੈ ਮਨਮੁਖ ਕਾ ਕਿਆ ਵੇਸਾਹਾ ਹੇ॥ (੧੦੫੪)

- ਸੇ ਮਨਮੁਖ ਜੋ ਸਬਦੁ ਨ ਪਛਾਣਹਿ॥ ਗੁਰ ਕੇ ਭੈ ਕੀ ਸਾਰ ਨ ਜਾਣਹਿ॥ (੧੦੫੪)

- ਮਨਮੁਖੁ ਭੂਲਾ ਠਉਰ ਨ ਪਾਏ॥ ਜੋ ਧੁਰਿ ਲਿਖਿਆ ਸੁ ਕਰਮ ਕਮਾਏ॥ (੧੦੫੭)

- ਘਰਿ ਵਥੁ ਛੋਡਹਿ ਬਾਹਰਿ ਧਾਵਹਿ॥ ਮਨਮੁਖ ਅੰਧੇ ਸਾਦੁ ਨ ਪਾਵਹਿ॥ (੧੦੫੮)

- ਮਨਮੁਖ ਦੇਹੀ ਭਰਮੁ ਭਤਾਰੋ॥ ਦੁਰਮਤਿ ਮਰੈ ਨਿਤ ਹੋਇ ਖੁਆਰੋ॥ (੧੦੫੮)

- ਅਨਦਿਨੁ ਆਰਜਾ ਛਿਜਦੀ ਜਾਏ॥ ਰੈਣਿ ਦਿਨਸੁ ਦੁਇ ਸਾਖੀ ਆਏ॥
ਮਨਮੁਖੁ ਅੰਧੁ ਨ ਚੇਤੈ ਮੂੜਾ ਸਿਰ ਊਪਰਿ ਕਾਲੁ ਰੂਆਇਦਾ॥ (੧੦੬੧)

- ਮਨਮੁਖੁ ਅੰਧੁ ਕਰੇ ਚਤੁਰਾਈ॥ ਭਾਣਾ ਨ ਮੰਨੇ ਬਹੁਤੁ ਦੁਖੁ ਪਾਈ॥ (੧੦੬੪)

- ਇਕਿ ਕਿਤੁ ਆਏ ਜਨਮੁ ਗਵਾਏ॥ ਮਨਮੁਖ ਲਾਗੇ ਦੂਜੈ ਭਾਏ॥ (੧੦੬੫)

- ਬਿਨੁ ਭਾਗਾ ਗੁਰੁ ਸੇਵਿਆ ਨ ਜਾਇ॥ ਮਨਮੁਖ ਭੂਲੇ ਮੁਏ ਬਿਲਲਾਇ॥ (੧੦੬੫)

- ਮਨਮੁਖੁ ਬਹੁਤੁ ਕਰੇ ਅਭਿਮਾਨੁ॥ ਦਰਗਹ ਕਬ ਹੀ ਨ ਪਾਵੈ ਮਾਨੁ॥ (੧੦੬੬)

- ਇਸੁ ਜਗ ਮਹਿ ਮੋਹੁ ਹੈ ਪਾਸਾਰਾ॥ ਮਨਮੁਖੁ ਅਗਿਆਨੀ ਅੰਧੁ ਅੰਧਾਰਾ॥ (੧੦੬੭)

- ਮਨਮੁਖੁ ਅੰਧਾ ਅੰਧੁ ਕਮਾਏ॥ ਬਹੁ ਸੰਕਟ ਜੋਨੀ ਭਰਮਾਏ॥ (੧੦੬੮)

- ਮਨਮੁਖਿ ਆਵੈ ਮਨਮੁਖਿ ਜਾਵੈ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥
  ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ॥ (੧੦੭੩)

- ਮਾਇਆ ਵੇਖਿ ਨ ਭੁਲੁ ਤੂ ਮਨਮੁਖ ਮੂਰਖਾ॥ ਚਲਦਿਆ ਨਾਲਿ ਨ ਚਲਈ ਸਭੁ ਝੂਠੁ ਦਰਬੁ ਲਖਾ॥ (੧੦੮੭)

- ਮਨਮੁਖ ਕਾਲੁ ਵਿਆਪਦਾ ਮੋਹਿ ਮਾਇਆ ਲਾਗੇ॥ ਖਿਨ ਮਹਿ ਮਾਰਿ ਪਛਾੜਸੀ ਭਾਇ ਦੂਜੈ ਠਾਗੇ॥ (੧੦੯੦)

- ਮਨਮੁਖ ਵਾਪਾਰੈ ਸਾਰ ਨ ਜਾਣਨੀ ਬਿਖੁ ਵਿਹਾਝਹਿ ਬਿਖੁ ਸੰਗ੍ਰਹਹਿ ਬਿਖ ਸਿਉ ਧਰਹਿ ਪਿਆਰੁ॥
  ਬਾਹਰਹੁ ਪੰਡਿਤ ਸਦਾਇਦੇ ਮਨਹੁ ਮੂਰਖ ਗਾਵਾਰ॥ (੧੦੯੧)

- ਮਨਮੁਖੁ ਜਗਤੁ ਨਿਰਧਨੁ ਹੈ ਮਾਇਆ ਨੋ ਬਿਲਲਾਇ॥ ਅਨਦਿਨੁ ਫਿਰਦਾ ਸਦਾ ਰਹੈ ਭੁਖ ਨ ਕਦੇ ਜਾਇ॥ (੧੦੯੨)

- ਮਨਮੁਖ ਅੰਦਰੁ ਨ ਭਾਲਨੀ ਮੁਠੇ ਅਹੰਮਤੇ॥ ਚਾਰੇ ਕੁੰਡਾਂ ਭਵਿ ਥਕੇ ਅੰਦਰਿ ਤਿਖ ਤਤੇ॥ (੧੦੯੩)

- ਹੋਰੁ ਕੂੜੁ ਪੜਣਾ ਕੂੜੁ ਕਮਾਵਣਾ ਬਿਖਿਆ ਨਾਲਿ ਪਿਆਰੁ॥
  ਅੰਦਰਿ ਸੁਖੁ ਨ ਹੋਵਈ ਮਨਮੁਖ ਜਨਮੁ ਖੁਆਰੁ॥ (੧੦੯੪)

- ਸਚ ਘਰੁ ਖੋਜਿ ਲਹੇ ਸਾਚਾ ਗੁਰ ਥਾਨੋ॥ ਮਨਮੁਖਿ ਨਹ ਪਾਈਐ ਗੁਰਮੁਖਿ ਗਿਆਨੋ॥ (੧੧੧੨)

- ਭੂੰਡੀ ਚਾਲ ਚਰਣ ਕਰ ਖਿਸਰੇ ਤੁਚਾ ਦੇਹ ਕੁਮਲਾਨੀ॥
  ਨੇੜੀ ਧੁੰਧਿ ਕਰਨ ਭਏ ਬਹਰੇ ਮਨਮੁਖਿ ਨਾਮੁ ਨ ਜਾਨੀ॥ (੧੧੨੬)

- ਊਂਧਉ ਕਵਲੁ ਮਨਮੁਖ ਮਤਿ ਹੋਛੀ ਮਨਿ ਅੰਧੈ ਸਿਰਿ ਧੰਧਾ॥
  ਕਾਲੁ ਬਿਕਾਲੁ ਸਦਾ ਸਿਰਿ ਤੇਰੈ ਬਿਨੁ ਨਾਵੈ ਗਲਿ ਫੰਧਾ॥ (੧੧੨੬)

- ਦੁਬਿਧਾ ਮਨਮੁਖ ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ॥
  ਮਰਿ ਮਰਿ ਜੰਮਹਿ ਠਉਰ ਨ ਪਾਵਹਿ ਬਿਰਥਾ ਜਨਮੁ ਗਵਾਈ॥ (੧੧੩੦)

– ਮਨਮੁਖਿ ਦੁਬਿਧਾ ਸਦਾ ਹੈ ਰੋਗੀ ਰੋਗੀ ਸਗਲ ਸੰਸਾਰਾ॥
ਗੁਰਮੁਖਿ ਬੂਝਹਿ ਰੋਗੁ ਗਵਾਵਹਿ ਗੁਰ ਸਬਦੀ ਵੀਚਾਰਾ॥ (੧੧੩੦)

– ਧ੍ਰਿਗੁ ਧ੍ਰਿਗੁ ਮਨਮੁਖਿ ਜਨਮੁ ਗਵਾਇਆ॥ ਪੂਰੇ ਗੁਰ ਕੀ ਸੇਵ ਨ ਕੀਨੀ ਹਰਿ ਕਾ ਨਾਮੁ ਨ ਭਾਇਆ॥ (੧੧੩੦)

– ਮਨਮੁਖ ਮੂਲੁ ਗਵਾਵਹਿ ਲਾਭੁ ਮਾਗਹਿ ਲਾਹਾ ਲਾਭੁ ਕਿਦੂ ਹੋਈ॥
ਜਮਕਾਲੁ ਸਦਾ ਹੈ ਸਿਰ ਊਪਰਿ ਦੂਜੈ ਭਾਇ ਪਤਿ ਖੋਈ॥ (੧੧੩੧)

– ਮਨਮੁਖ ਆਸਾ ਨਹੀ ਉਤਰੈ ਦੂਜੈ ਭਾਇ ਖੁਆਏ॥
ਉਦਰੁ ਨੈ ਸਾਣੁ ਨ ਭਰੀਐ ਕਬਹੂ ਤ੍ਰਿਸਨਾ ਅਗਨਿ ਪਚਾਏ॥ (੧੧੩੧)

– ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ॥
ਰਾਮ ਨਾਮੁ ਸੁਪਨੈ ਨਹੀ ਚੇਤਿਆ ਹਰਿ ਸਿਉ ਕਦੇ ਨ ਲਾਗੈ ਪਿਆਰੁ॥ (੧੧੩੨)

– ਅਨਹਦ ਬਾਣੀ ਸਬਦਿ ਸੁਣਾਇਆ॥ ਮਨਮੁਖਿ ਭੂਲੇ ਗੁਰਮੁਖਿ ਬੁਝਾਇਆ॥ (੧੧੫੪)

– ਮਨਮੁਖਿ ਮਰਹਿ ਤਿਨ ਕਿਛੂ ਨ ਸੂਝੈ ਦੁਰਮਤਿ ਅਗਿਆਨ ਅੰਧਾਰਾ॥
ਭਵਜਲੁ ਪਾਰਿ ਨ ਪਾਵਹਿ ਕਬ ਹੀ ਡੂਬਿ ਮੁਏ ਬਿਨੁ ਗੁਰ ਸਿਰਿ ਭਾਰਾ॥ (੧੧੫੫)

– ਜਿਸੁ ਨਾਮੁ ਰਿਦੈ ਤਿਸੁ ਵਡ ਪਰਵਾਰਾ॥ ਨਾਮ ਬਿਨਾ ਮਨਮੁਖ ਗਾਵਾਰਾ॥ (੧੧੫੬)

– ਮਨਮੁਖ ਮੁਏ ਨਾਹੀ ਹਰਿ ਮਨ ਮਾਹਿ॥ ਮਰਿ ਮਰਿ ਜੰਮਹਿ ਭੀ ਮਰਿ ਜਾਹਿ॥ (੧੧੭੨)

– ਮਨਮੁਖ ਭੂਲੇ ਕਾਹੇ ਆਏ॥ ਨਾਮਹੁ ਭੂਲੇ ਜਨਮੁ ਗਵਾਏ॥ (੧੧੭੪)

– ਮਾਇਆ ਮੋਹਿ ਬਹੁਤੁ ਦੁਖੁ ਪਾਈ॥ ਮਨਮੁਖ ਅੰਧੇ ਠਉਰ ਨ ਪਾਈ॥ (੧੧੭੫)

– ਮਨਮੁਖ ਫਿਰਿ ਫਿਰਿ ਹਉਮੈ ਮੁਏ॥ ਕਾਲਿ ਦੈਤਿ ਸੰਘਾਰੇ ਜਮ ਪੁਰਿ ਗਏ॥ (੧੧੭੭)

– ਦੁਬਿਧਾ ਦੁਰਮਤਿ ਅਧੁਲੀ ਕਾਰ॥ ਮਨਮੁਖਿ ਭਰਮੈ ਮਝਿ ਗੁਬਾਰ॥ (੧੧੯੦)

– ਮਨਮੁਖਿ ਅੰਧੁਲੇ ਗੁਰਮਤਿ ਨ ਭਾਈ॥ ਪਸੂ ਭਏ ਅਭਿਮਾਨੁ ਨ ਜਾਈ॥ (੧੧੯੦)

– ਮਨਮੁਖ ਹੀਨ ਹੋਛੀ ਮਤਿ ਝੂਠੀ ਮਨਿ ਤਨਿ ਪੀਰ ਸਰੀਰੇ॥
ਜਬ ਕੀ ਰਾਮ ਰੰਗੀਲੈ ਰਾਤੀ ਰਾਮ ਜਪਤ ਮਨ ਧੀਰੇ॥ (੧੧੯੭)

- ਮਨਮੁਖ ਭ੍ਰਮਿ ਦੂਜੈ ਭਾਇ ਲਾਗੇ ਅੰਤਰਿ ਅਗਿਆਨ ਗੁਬਾਰੇ॥
ਸਤਿਗੁਰੁ ਦਾਤਾ ਨਦਰਿ ਨ ਆਵੈ ਨਾ ਉਰਵਾਰਿ ਨ ਪਾਰੇ॥ (੧੧੯੯)

- ਮਨਮੁਖ ਬੁਧਿ ਕਾਚੀ ਮਨੂਆ ਡੋਲੈ ਅਕਥੁ ਨ ਕਥੈ ਕਹਾਨੀ॥
ਗੁਰਮਤਿ ਨਿਹਚਲੁ ਹਰਿ ਮਨਿ ਵਸਿਆ ਅੰਮ੍ਰਿਤ ਸਾਚੀ ਬਾਨੀ॥ (੧੨੩੩)

- ਸੇ ਦਰਿ ਸਾਚੈ ਸਾਚੁ ਕਮਾਵਹਿ ਜਿਨ ਗੁਰਮੁਖਿ ਸਾਚੁ ਅਧਾਰਾ॥
ਮਨਮੁਖ ਦੂਜੈ ਭਰਮਿ ਭੁਲਾਏ ਨਾ ਬੂਝਹਿ ਵੀਚਾਰਾ॥ (੧੨੩੪)

- ਸਭੁ ਕਰਣਾ ਕਿਰਤੁ ਕਰਿ ਲਿਖੀਐ ਕਰਿ ਕਰਿ ਕਰਤਾ ਕਰੇ ਕਰੇ॥
ਮਨਮੁਖਿ ਮਰੀਐ ਗੁਰਮੁਖਿ ਤਰੀਐ ਨਾਨਕ ਨਦਰੀ ਨਦਰਿ ਕਰੇ॥ (੧੨੩੮)

- ਮਨਮੁਖਿ ਦੂਜਾ ਭਰਮੁ ਹੈ ਦੂਜੈ ਲੋਭਾਇਆ॥ ਕੂੜੁ ਕਪਟੁ ਕਮਾਵਦੇ ਕੂੜੋ ਆਲਾਇਆ॥ (੧੨੩੮)

- ਜਮ ਦਰਿ ਬਧੇ ਮਾਰੀਅਹਿ ਭਰਮਹਿ ਭਰਮਾਇਆ॥
ਮਨਮੁਖਿ ਜਨਮੁ ਗਵਾਇਆ ਨਾਨਕ ਹਰਿ ਭਾਇਆ॥ (੧੨੩੮)

- ਮਨਮੁਖੁ ਅਭਿੰਨੁ ਨ ਭਿਜਈ ਪਥਰੁ ਨਾਵਾਇਆ॥ ਬਿਖੁ ਮਹਿ ਅੰਮ੍ਰਿਤੁ ਸਿੰਚੀਐ ਬਿਖੁ ਕਾ ਫਲੁ ਪਾਇਆ॥ (੧੨੪੪)

- ਸਭੁ ਕੋ ਲੇਖੇ ਵਿਚਿ ਹੈ ਮਨਮੁਖੁ ਅਹੰਕਾਰੀ॥ ਹਰਿ ਨਾਮੁ ਕਦੇ ਨ ਚੇਤਈ ਜਮਕਾਲੁ ਸਿਰਿ ਮਾਰੀ॥ (੧੨੪੭)

- ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ॥
ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਬਿਕਾਰ॥ (੧੨੪੮)

- ਆਸਾ ਵਿਚਿ ਅਤਿ ਦੁਖੁ ਘਣਾ ਮਨਮੁਖਿ ਚਿਤੁ ਲਾਇਆ॥
ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ॥ (੧੨੪੯)

- ਮਨਮੁਖੁ ਤਿਨ ਕੀ ਬਖੀਲੀ ਕਿ ਕਰੇ ਜਿ ਸਚੈ ਸਬਦਿ ਸਵਾਰੇ॥
ਓਨਾ ਦੀ ਆਪਿ ਪਤਿ ਰਖਸੀ ਮੇਰਾ ਪਿਆਰਾ ਸਰਣਾਗਤਿ ਪਏ ਗੁਰ ਦੁਆਰੇ॥ (੧੨੪੯)

- ਮਨਮੁਖ ਸਦਾ ਵਿਛੁੜੇ ਫਿਰਹਿ ਕੋਇ ਨ ਕਿਸ ਹੀ ਨਾਲਿ॥
ਹਉਮੈ ਵਡਾ ਰੋਗੁ ਹੈ ਸਿਰਿ ਮਾਰੇ ਜਮਕਾਲਿ॥ (੧੨੫੮)

- ਮਨਮੁਖ ਪਾਖੰਡੁ ਕਦੇ ਨ ਚੂਕੈ ਦੂਜੈ ਭਾਇ ਦੁਖੁ ਪਾਏ॥
ਨਾਮੁ ਵਿਸਾਰਿ ਬਿਖਿਆ ਮਨਿ ਰਾਤੇ ਬਿਰਥਾ ਜਨਮੁ ਗਵਾਏ॥ (੧੨੫੯)

- ਭ੍ਰਮਿ ਭ੍ਰਮਿ ਜੋਨਿ ਮਨਮੁਖ ਭਰਮਾਈ॥ ਜਮਕਾਲੁ ਮਾਰੇ ਨਿਤ ਪਤਿ ਗਵਾਈ॥ (੧੨੬੧)

- ਹਉਮੈ ਮਮਤਾ ਬਹੁ ਮੋਹੁ ਵਧਾਇਆ॥ ਦੂਜੈ ਭਾਇ ਮਨਮੁਖਿ ਦੁਖੁ ਪਾਇਆ॥ (੧੨੬੧)

- ਮਾਇਆ ਮੋਹੁ ਅਗਿਆਨੁ ਗੁਬਾਰੁ॥ ਮਨਮੁਖ ਮੋਹੇ ਮੁਗਧ ਗਵਾਰ॥ (੧੨੬੨)

- ਗੁਰ ਪਰਸਾਦੀ ਅੰਮ੍ਰਿਤੁ ਨਹੀ ਪੀਆ ਤ੍ਰਿਸਨਾ ਭੂਖ ਨ ਜਾਈ॥
  ਮਨਮੁਖ ਮੂੜ੍ ਜਲਤ ਅਹੰਕਾਰੀ ਹਉਮੈ ਵਿਚਿ ਦੁਖੁ ਪਾਈ॥ (੧੨੬੫)

- ਮਨਮੁਖ ਜਨਮੁ ਭਇਆ ਹੈ ਬਿਰਥਾ ਆਵਤ ਜਾਤ ਲਜਾਈ॥
  ਕਾਮਿ ਕ੍ਰੋਧਿ ਡੂਬੇ ਅਭਿਮਾਨੀ ਹਉਮੈ ਵਿਚਿ ਜਲਿ ਜਾਈ॥ (੧੨੬੫)

- ਰਸਿ ਚੂਗਹਿ ਮਨਮੁਖਿ ਗਾਵਾਰਿ॥ ਫਾਥੀ ਛੂਟਹਿ ਗੁਣ ਗਿਆਨ ਬੀਚਾਰਿ॥ (੧੨੭੫)

- ਹਰਿ ਕਿਰਪਾ ਤੇ ਸਤਿਗੁਰੁ ਪਾਈਐ ਭੇਟੈ ਸਹਜਿ ਸੁਭਾਇ॥
  ਮਨਮੁਖ ਭਰਮਿ ਭੁਲਾਇਆ ਬਿਨੁ ਭਾਗਾ ਹਰਿ ਧਨੁ ਨ ਪਾਇ॥ (੧੨੭੭)

- ਬਿਨੁ ਗੁਰ ਦਾਤੇ ਕਿਨੈ ਨ ਪਾਇਆ॥ ਮਨਮੁਖ ਲੋਭਿ ਦੂਜੈ ਲੋਭਾਇਆ॥ (੧੨੭੭)

- ਮਨਮੁਖ ਕਾ ਇਹੁ ਬਾਦਿ ਆਚਾਰੁ॥ ਬਹੁ ਕਰਮ ਦ੍ਰਿੜਾਵਹਿ ਨਾਮੁ ਵਿਸਾਰਿ॥ (੧੨੭੭)

- ਮਨਮੁਖ ਦੂਜੀ ਤਰਫ ਹੈ ਵੇਖਹੁ ਨਦਰਿ ਨਿਹਾਲਿ॥ ਫਾਹੀ ਫਾਥੇ ਮਿਰਗ ਜਿਉ ਸਿਰਿ ਦੀਸੈ ਜਮਕਾਲੁ॥ (੧੨੭੯)

- ਮਨਮੁਖ ਮਾਰੇ ਪਛਾੜਿ ਮੂਰਖ ਕਚਿਆ॥ ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ॥ (੧੨੮੦)

- ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ॥
  ਮਨਮੁਖ ਕਚੇ ਕੂੜਿਆਰ ਤਿਨ੍ੀ ਨਿਹਚਉ ਦਰਗਹ ਹਾਰਿਆ॥ (੧੨੮੦)

- ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ॥
  ਗੁਰਮੁਖਿ ਪਤਿ ਸਿਉ ਲੇਖਾ ਨਿਬੜੈ ਬਖਸੇ ਸਿਫਤਿ ਭੰਡਾਰ॥ (੧੨੮੦)

- ਹਉ ਬਲਿਹਾਰੀ ਗੁਰ ਆਪਣੇ ਜਿਨਿ ਸਚੀ ਬੂਝ ਦਿਤੀ ਬੁਝਾਇ॥
  ਜਗਤੁ ਮੁਸੈ ਅੰਮ੍ਰਿਤੁ ਲੁਟੀਐ ਮਨਮੁਖ ਬੂਝ ਨ ਪਾਇ॥ (੧੨੮੨)

– ਜੇ ਹਉਮੈ ਵਿਚਹੁ ਜਾਇ ਤ ਕੇਹੀ ਗਣਤ ਗਣੀ॥ ਮਨਮੁਖ ਮੋਹਿ ਗੁਬਾਰਿ ਜਿਉ ਭੁਲਾ ਮੰਝਿ ਵਣੀ॥ (੧੨੮੩)

– ਗੁਰ ਸਾਖੀ ਜੋਤਿ ਜਗਾਇ ਦੀਵਾ ਬਾਲਿਆ॥ ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ॥ (੧੨੮੪)

– ਕਲਿਜੁਗ ਮਹਿ ਘੋਰ ਅੰਧਾਰੁ ਹੈ ਮਨਮੁਖ ਰਾਹੁ ਨ ਕੋਇ॥
ਸੇ ਵਡਭਾਗੀ ਨਾਨਕਾ ਜਿਨ ਗੁਰਮੁਖਿ ਪਰਗਟੁ ਹੋਇ॥ (੧੨੮੫)

– ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ॥
ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ ਉਰਿ ਧਾਰ॥ (੧੨੮੮)

– ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ॥
ਨਾਨਕ ਰੋਗੁ ਵਞਾਇ ਮਿਲਿ ਸਤਿਗੁਰ ਸਾਧੂ ਸਜਨਾ॥ (੧੩੧੭)

– ਮਨਮੁਖੁ ਖੂਲ੍ਹਿ ਮਹਾ ਬਿਖੁ ਖਾਇ॥ ਗੁਰਮੁਖਿ ਹੋਇ ਸੁ ਰਾਚੈ ਨਾਇ॥ (੧੩੩੦)

– ਹਉਮੈ ਬਿਖਿਆ ਨਿਤ ਲੋਭਿ ਲੁਭਾਨੇ ਪੁਤ ਕਲਤ ਮੋਹਿ ਲੁਭਿਭਾ॥
ਤਿਨ ਪਗ ਸੰਤ ਨ ਸੇਵੇ ਕਬਹੂ ਤੇ ਮਨਮੁਖ ਭੂੰਭਰ ਭਰਭਾ॥ (੧੩੩੭)

– ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ॥ ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ॥ (੧੩੪੩)

– ਗੁਰਮੁਖਿ ਅਲਿਪਤੁ ਲੇਪੁ ਕਦੇ ਨ ਲਾਗੈ ਸਦਾ ਰਹੈ ਸਰਣਾਈ॥
ਮਨਮੁਖੁ ਮੁਗਧੁ ਆਗੈ ਚੇਤੈ ਨਾਹੀ ਦੁਖਿ ਲਾਗੈ ਪਛੁਤਾਈ॥ (੧੩੪੪)

– ਜਿਉ ਮਨਮੁਖਿ ਦੂਜੈ ਪਤਿ ਖੋਈ॥ ਬਿਨੁ ਨਾਵੈ ਮੈ ਅਵਰੁ ਨ ਕੋਈ॥ (੧੩੪੪)

– ਮਨਮੁਖ ਕਉ ਦੁਖੁ ਦਰਦੁ ਵਿਆਪਸਿ ਮਨਮੁਖਿ ਦੁਖੁ ਨ ਜਾਈ॥
ਸੁਖ ਦੁਖ ਦਾਤਾ ਗੁਰਮੁਖਿ ਜਾਤਾ ਮੇਲਿ ਲਏ ਸਰਣਾਈ॥ (੧੩੪੫)

– ਮਨਮੁਖ ਤੇ ਅਭ ਭਗਤਿ ਨ ਹੋਵਸਿ ਹਉਮੈ ਪਚਹਿ ਦਿਵਾਨੇ॥
ਇਹੁ ਮਨੂਆ ਖਿਨੁ ਊਭਿ ਪਇਆਲੀ ਜਬ ਲਗਿ ਸਬਦ ਨ ਜਾਨੇ॥ (੧੩੪੫)

– ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ॥
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ॥ (੧੩੪੬)

– ਹਉਮੈ ਵਿਚਿ ਜਾਗ੍ਰਣੁ ਨ ਹੋਵਈ ਹਰਿ ਭਗਤਿ ਨ ਪਵਈ ਥਾਇ॥
ਮਨਮੁਖ ਦਰਿ ਢੋਈ ਨਾ ਲਹਹਿ ਭਾਇ ਦੂਜੈ ਕਰਮ ਕਮਾਇ॥ (੧੩੪੭)

– ਮਨਮੁਖ ਕਰਮ ਕਰੈ ਅਜਾਈ॥ ਜਿਉ ਬਾਲੂ ਘਰ ਠਉਰ ਨ ਠਾਈ॥ (੧੩੪੮)

– ਜਿਨ੍ਹਾ ਵੇਲਿ ਨ ਤੁੰਬੜੀ ਮਾਇਆ ਠਗੇ ਠਗਿ॥ ਮਨਮੁਖਿ ਬੰਨ੍ਹਿ ਚਲਾਈਅਹਿ ਨਾ ਮਿਲਹੀ ਵਗਿ ਸਗਿ॥ (੧੪੧੩)

– ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ॥
ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ॥ (੧੪੧੪)

– ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ॥
ਕੀਤਾ ਕਰਤਿਆ ਬਿਰਥਾ ਗਇਆ ਇਕੁ ਤਿਲੁ ਥਾਇ ਨ ਪਾਈ॥ (੧੪੧੪)

ਪ੍ਰਸ਼ਨ: – ਮਨਮੁਖਤਾ ਜੇਹੇ ਅਸਾਧ ਰੋਗ ਦੇ ਦੂਰ ਕਰਨ ਦੀ ਕੀ ਦਾਰੂ ਹੈ?

ਉੱਤਰ: – ਮਨਮੁਖਾਂ ਦਾ ਇਸ ਦੁਨੀਆਂ ਤੇ ਆਉਣਾ ਸੱਚਮੁੱਚ ਹੀ ਸੁੰਞੇ ਘਰ ਕੇ ਪਾਹੁਣੇ ਦੀ ਨਿਆਈਂ ਹੈ । ਮਨਮੁਖਤਾ ਜੇਹੇ ਅਸਾਧ ਰੋਗ ਨੂੰ ਦੂਰ ਕਰਨ ਦੇ ਕਿਹੜੇ ਕਿਹੜੇ ਸਾਧਨ ਹਨ, ਕੁਝ ਪ੍ਰਮਾਣ ਇਸ ਤਰ੍ਹਾਂ ਹੇਠਾਂ ਵਰਣਨ ਕੀਤੇ ਗਏ ਹਨ ।

– ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ॥ ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ॥ (੩੯)

– ਮਨਮੁਖਿ ਕਿਛੂ ਨ ਸੂਝੈ ਅੰਧੁਲੇ ਪੂਰਬਿ ਲਿਖਿਆ ਕਮਾਇ॥
ਪੂਰੈ ਭਾਗਿ ਸਤਿਗੁਰੁ ਮਿਲੈ ਸੁਖਦਾਤਾ ਨਾਮੁ ਵਸੈ ਮਨਿ ਆਇ॥ (੮੫)

– ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ॥
ਨਾਨਕ ਮੈਲਾ ਊਜਲੁ ਤਾ ਥੀਐ ਜਾ ਸਤਿਗੁਰ ਮਾਹਿ ਸਮਾਇ॥ (੮੭)

– ਮਨਮੁਖ ਮੁਗਧੁ ਹਰਿ ਨਾਮੁ ਨ ਚੇਤੈ ਬਿਰਥਾ ਜਨਮੁ ਗਵਾਇਆ॥
ਸਤਿਗੁਰੁ ਭੇਟੇ ਤਾ ਨਾਉ ਪਾਏ ਹਉਮੈ ਮੋਹੁ ਚੁਕਾਇਆ॥ (੬੦੦)

– ਨ ਸਬਦੁ ਬੂਝੈ ਨ ਜਾਣੈ ਬਾਣੀ॥ ਮਨਮੁਖਿ ਅੰਧੇ ਦੁਖਿ ਵਿਹਾਣੀ॥
ਸਤਿਗੁਰੁ ਭੇਟੇ ਤਾ ਸੁਖੁ ਪਾਏ॥ ਹਉਮੈ ਵਿਚਹੁ ਠਾਕਿ ਰਹਾਏ॥ (੬੬੫)

– ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ ਧਿਆਨੁ ਨ ਲਾਗੈ॥ ਦੁਖ ਵਿਚਿ ਕਾਰ ਕਮਾਵਣੀ ਦੁਖੁ ਵਰਤੈ ਦੁਖੁ ਆਗੈ॥
ਕਰਮੀ ਸਤਿਗੁਰੁ ਭੇਟੀਐ ਤਾ ਸਚਿ ਨਾਮਿ ਲਿਵ ਲਾਗੈ॥ (੮੫੧)

– ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ॥ ਰਾਮ ਨਾਮੁ ਸੁਪਨੈ ਨਹੀ ਚੇਤਿਆ ਹਰਿ ਸਿਉ ਕਦੇ ਨ ਲਾਗੈ ਪਿਆਰੁ॥
ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ॥ ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ॥
ਹਰਿ ਹਰਿ ਨਾਮੁ ਰਿਦੈ ਸਦ ਵਸਿਆ ਪਾਇਆ ਗੁਣੀ ਨਿਧਾਨੁ॥
ਗੁਰ ਪਰਸਾਦੀ ਪੂਰਾ ਪਾਇਆ ਚੂਕਾ ਮਨ ਅਭਿਮਾਨੁ॥ (੧੧੩੨)

– ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ॥
ਨਾਨਕ ਰੋਗੁ ਵਞਾਇ ਮਿਲਿ ਸਤਿਗੁਰ ਸਾਧੂ ਸਜਨਾ॥ (੧੩੧੭)

– ਮਨਮੁਖ ਮਾਇਆ ਮੋਹਿ ਵਿਆਪੇ ਦੂਜੈ ਭਾਇ ਮਨੂਆ ਥਿਰੁ ਨਾਹਿ॥
ਅਨਦਿਨੁ ਜਲਤ ਰਹਹਿ ਦਿਨੁ ਰਾਤੀ ਹਉਮੈ ਖਪਹਿ ਖਪਾਹਿ॥
ਅੰਤਰਿ ਲੋਭੁ ਮਹਾ ਗੁਬਾਰਾ ਤਿਨ ਕੈ ਨਿਕਟਿ ਨ ਕੋਈ ਜਾਹਿ॥
ਓਹਿ ਆਪਿ ਦੁਖੀ ਸੁਖੁ ਕਬਹੂ ਨ ਪਾਵਹਿ ਜਨਮਿ ਮਰਹਿ ਮਰਿ ਜਾਹਿ॥
ਨਾਨਕ ਬਖਸਿ ਲਏ ਪ੍ਰਭੁ ਸਾਚਾ ਜਿ ਗੁਰ ਚਰਨੀ ਚਿਤੁ ਲਾਹਿ॥ (੬੫੨)

ਮਨਮੁਖਾਂ ਦੀ ਹਾਲਤ ਸੱਚਮੁੱਚ ਹੀ ਤਰਸਯੋਗ ਹੁੰਦੀ ਹੈ । ਉਹ ਮੋਹ ਮਾਇਆ ਦੇ ਝੂਠੇ ਕੰਮਾਂ ਧੰਧਿਆਂ ਵਿੱਚ ਹੀ ਸਦਾ ਲੁਭਾਇਮਾਨ ਰਹਿੰਦੇ ਹਨ । ਉਨ੍ਹਾਂ ਦੇ ਮਨ ਇੱਕ ਛਿਨ ਵੀ ਇਕਾਗਰ ਨਹੀਂ ਹੋ ਸਕਦੇ । ਉਹ ਹਉਮੈ ਦੇ ਵਸਿ ਹੋਣ ਕਰਕੇ ਦ੍ਰਿਸ਼ਟਮਾਨ ਪਦਾਰਥਾਂ ਵਿੱਚ ਹੀ ਹਰਦਮ ਲੱਗੇ ਰਹਿੰਦੇ ਹਨ । ਉਨ੍ਹਾਂ ਦੇ ਮਨ ਇਸ ਤੋਂ ਉਪਰਾਮ ਨਹੀਂ ਹੋ ਸਕਦੇ । ਉਨ੍ਹਾਂ ਨੂੰ ਸਦਾ ਤ੍ਰਿਸ਼ਨਾ ਦੀ ਅੱਗ ਜਾਲਦੀ ਸਾੜਦੀ ਰਹਿੰਦੀ ਹੈ । ਉਹ ਲੋਭ ਲਾਲਚ ਦਾ ਸਰੂਪ ਹੀ ਬਣ ਜਾਂਦੇ ਹਨ । ਉਨ੍ਹਾਂ ਨੂੰ ਇਸ ਤੋਂ ਬਿਨਾਂ ਹੋਰ ਕੁਝ ਸੁਝਦਾ ਹੀ ਨਹੀਂ । ਦੂਜੇ ਭਾ ਵਿੱਚ ਲੱਗਣ ਕਰਕੇ ਉਨ੍ਹਾਂ ਦੀ ਸਚੀ ਸੂਝ ਬੂਝ ਉੱਕਾ ਹੀ ਮਾਰੀ ਜਾਂਦੀ ਹੈ। ਉਨ੍ਹਾਂ ਦਾ ਛਿਨ ਛਿਨ ਪਲ ਪਲ ਦੁੱਖਾਂ ਦੀ ਘਾਣੀ ਅੰਦਰ ਹੀ ਲੰਘਦੇ ਹਨ । ਐਸੀ ਮੰਦੀ ਹਾਲਤ ਵਿੱਚ ਉਨ੍ਹਾਂ ਨੂੰ ਸਚਾ ਸੁਖ ਕਿੱਥੋਂ ਮਿਲੇ? ਉਹ ਤਾਂ ਸੰਗੀਆਂ ਸਾਥੀਆਂ ਨੂੰ ਵੀ ਆਪਣੇ ਦੁੱਖਾਂ ਦਾ ਭਾਈਵਾਲ ਬਣਾ ਲੈਂਦੇ ਹਨ । ਐਸੇ ਮਨਮੁਖ ਸਦਾ ਜੰਮਦੇ ਮਰਦੇ ਹੀ ਰਹਿੰਦੇ ਹਨ । ਉਨ੍ਹਾਂ ਦੇ ਦੁੱਖਾਂ ਦਾ ਅਨੁਮਾਨ ਲਾਉਣਾ ਹੀ ਕਠਿਨ ਹੈ । ਉਨ੍ਹਾਂ ਦੀ ਮੌਤ ਤਾਂ ਦਿਨ ਵਿੱਚ ਕਈ ਵਾਰੀ ਹੁੰਦੀ ਹੈ। ਭਾਵ ਉਹ ਮੌਤ ਦੇ ਦੁਖ ਜਿਹੜੇ ਦੁਖ ਦਿਨ ਵਿੱਚ ਕਈ ਵਾਰੀ ਉਠਾਉਂਦੇ ਹਨ । ਕੈਸਾ ਮੰਦਾ ਜੀਵਨ ਹੈ ਸਮੂਹ ਮਨਮੁਖਾਂ ਦਾ । ਐਸੀ ਭੈੜੀ ਦਸ਼ਾ ਵਿੱਚੋਂ ਕੱਢਣ ਲਈ ਗੁਰੂ ਸਾਹਿਬ ਗੁਰਬਾਣੀ ਦੇ ਸਚੇ ਸੁਚੇ ਉਪਦੇਸ਼ ਰਾਹੀਂ ਕਲਜੁਗੀ ਮਨਮੁਖਾਂ ਨੂੰ ਇੱਕੋ ਇੱਕ ਇਹੀ ਸੁਝਾਉ ਦਿੰਦੇ ਹਨ ਐਸੇ ਨਰਕ ਘੋਰੀ ਦੁੱਖਾਂ ਵਿੱਚੋਂ ਨਿਕਲਣ ਦਾ ਤੇ ਨਾਲ ਹੀ ਆਪਣੇ ਵੱਲੋਂ ਸ਼ਾਹਦੀ ਭਰਦੇ ਹਨ ਕਿ ਅਜੇ ਵੀ ਜੇਕਰ ਉਹ ਗੁਰੂ ਦੀ ਸ਼ਰਨੀ ਆ ਪੈਣ ਅਤੇ ਸਤਿਗੁਰੂ ਦੇ ਮਹਾਂ ਪਵਿਤ੍ਰ ਉਪਦੇਸ਼ ਨੂੰ ਕਮਾਉਣ ਲਗ ਪੈਣ ਤਾਂ ਗੁਰੂ ਦੇ ਪ੍ਰਤਾਪ ਦਾ ਸਦਕਾ ਉਹ ਵਾਹਿਗੁਰੂ ਵੱਲੋਂ ਬਖਸ਼ੇ ਜਾ ਸਕਦੇ ਹਨ । ਮਨੂਰ ਨੂੰ ਮੁੜ ਕੰਚਨ ਕੋਈ ਨਹੀਂ ਬਣਾ ਸਕਦਾ । ਇਹ ਤੋਫ਼ੀਕ ਹੈ ਤਾਂ ਕੇਵਲ ਪੂਰੇ ਗੁਰੂ ਨੂੰ ਹੈ । ਜੈਸੇ ਗੁਰਵਾਕ ਹੈ: –

– ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥ (੯੯੦)

– ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ॥
ਓਇ ਥਾਉ ਕੁਥਾਉ ਨ ਜਾਣਨੀ ਉਨ ਅੰਤਰਿ ਲੋਭੁ ਵਿਕਾਰੁ॥
ਓਇ ਆਪਣੈ ਸੁਆਇ ਆਇ ਬਹਿ ਗਲਾ ਕਰਹਿ ਓਨਾ ਮਾਰੇ ਜਮੁ ਜੰਦਾਰੁ॥
ਅਗੈ ਦਰਗਹ ਲੇਖੈ ਮੰਗਿਐ ਮਾਰਿ ਖੁਆਰੁ ਕੀਚਹਿ ਕੂੜਿਆਰ॥
ਏਹ ਕੂੜੈ ਕੀ ਮਲੁ ਕਿਉ ਉਤਰੈ ਕੋਈ ਕਢਹੁ ਇਹੁ ਵੀਚਾਰੁ॥
ਸਤਿਗੁਰੁ ਮਿਲੈ ਤਾ ਨਾਮੁ ਦਿੜਾਏ ਸਭਿ ਕਿਲਵਿਖ ਕਟਣਹਾਰੁ॥ (੯੫੦)

ਇਸ ਤੋਂ ਭੈੜੀ ਹੋਰ ਹਾਲਤ ਕੀ ਹੋ ਸਕਦੀ ਹੈ ਮਨਮੁਖਾਂ ਦੀ? ਉਹ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਭੜੋਲੇ ਹਨ। ਉਨ੍ਹਾਂ ਦੇ ਵਿਕਾਰ ਅਣਗਿਣਤ ਹਨ । ਉਨ੍ਹਾਂ ਦੇ ਸੁਆਰਥ ਵੀ ਗਿਣਤੀ ਮਿਣਤੀ ਤੋਂ ਬਾਹਰ ਹਨ । ਉਨ੍ਹਾਂ ਪਾਸੋਂ ਪਰਸੁਆਰਥ ਦੀ ਆਸ ਰੱਖਣੀ ਅਣਹੋਣੀ ਗੱਲ ਹੈ । ਉਨ੍ਹਾਂ ਨੂੰ ਇਹ ਅਸਲੀਅਤ ਵੀ ਉੱਕਾ ਹੀ ਭੁੱਲ ਗਈ ਹੈ ਕਿ ਜਮ ਜੰਦਾਰ ਉਨ੍ਹਾਂ ਨੂੰ ਮਾਰ ਕੇ ਅੱਗੇ ਲੈ ਤੁਰਨਗੇ । ਸੱਚੀ ਦਰਗਾਹੇ ਜਦੋਂ ਲੇਖਾ ਭੁਗਤਣਾ ਪਿਆ ਤਾਂ ਉਨ੍ਹਾਂ ਝੂਠਿਆਂ ਨੂੰ ਜਮ ਮਾਰ ਕੇ ਅਤੀ ਖੁਆਰ ਕਰਨਗੇ । ਹੈ ਕੋਈ ਐਸਾ ਦਾਰੂ ਦੁਨੀਆਂ ਅੰਦਰ ਜੋ ਉਨ੍ਹਾਂ ਦੇ ਅਸਾਧ ਰੋਗ ਨੂੰ ਇੱਕੋ ਖੁਰਾਕ ਨਾਲ ਦੂਰ ਕਰ ਸਕੇ? ਤਾਂ ਗੁਰੂ ਸਾਹਿਬ ਆਪ ਹੀ ਕਿਰਪਾ ਕਰਕੇ ਸੱਚਾ ਸੁਝਾਉ ਦਿੰਦੇ ਹਨ ਦੁਨੀਆਂ ਦੇ ਸਮੂਹ ਮਨਮੁਖਾਂ ਸਾਕਤਾਂ ਨੂੰ ਗੁਰਬਾਣੀ ਦੁਆਰਾ ਕਿ ਉਹ ਸਤਿਗੁਰੂ ਨੂੰ ਆ ਮਿਲਣ ਝਟਪੱਟ ਹੀ । ਸਤਿਗੁਰੂ ਉਨ੍ਹਾਂ ਨੂੰ ਨਾਮ ਅਵਖਧ ਬਖਸ਼ ਦੇਣਗੇ ਗੁਰੂ ਘਰੋਂ । ਨਾਮ ਦ੍ਰਿੜ੍ਹ ਕਰਵਾ ਦੇਣਗੇ । ਇਹੀ ਇੱਕੋ ਇੱਕ ਦਵਾਈ ਹੈ ਸਤਿਗੁਰੂ ਸੱਚੇ ਪਾਸ ਜੋ ਜਨਮਾਂ ਜਨਮਾਂਤ੍ਰਾਂ ਦੇ ਸਮੂਹ ਪਾਪਾਂ ਕਿਲਵਿਖਾਂ ਨੂੰ ਕੱਟ ਦੇਣ ਦੇ ਸਮਰੱਥ ਹੈ । ਯਥਾ ਗੁਰਵਾਕ: -

- ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ॥ ਤਾਪ ਪਾਪ ਸਭਿ ਮਿਟੇ ਰੋਗ ਸੀਤਲ ਮਨੁ ਭਇਆ॥
ਗੁਰੁ ਪੂਰਾ ਆਰਾਧਿਆ ਸਗਲਾ ਦੁਖੁ ਗਇਆ॥ ਰਾਖਨਹਾਰੈ ਰਾਖਿਆ ਅਪਨੀ ਕਰਿ ਮਇਆ॥
ਬਾਹ ਪਕੜਿ ਪ੍ਰਭਿ ਕਾਢਿਆ ਕੀਨਾ ਅਪਨਇਆ॥ ਸਿਮਰਿ ਸਿਮਰਿ ਮਨ ਤਨ ਸੁਖੀ ਨਾਨਕ ਨਿਰਭਇਆ॥ (੯੧੭)

- ਅਨਿਕ ਉਪਾਵੀ ਰੋਗੁ ਨ ਜਾਇ॥ ਰੋਗੁ ਮਿਟੈ ਹਰਿ ਅਵਖਧੁ ਲਾਇ॥ (੨੯੯)

- ਸਰਬ ਰੋਗ ਕਾ ਅਉਖਦੁ ਨਾਮੁ॥ ਕਲਿਆਣ ਰੂਪ ਮੰਗਲ ਗੁਣ ਗਾਮ॥ (੨੭੪)

- ਮਨਮੁਖੁ ਜਗਤੁ ਨਿਰਧਨੁ ਹੈ ਮਾਇਆ ਨੋ ਬਿਲਲਾਇ॥ ਅਨਦਿਨੁ ਫਿਰਦਾ ਸਦਾ ਰਹੈ ਭੁਖ ਨ ਕਦੇ ਜਾਇ॥
ਸਾਂਤਿ ਨ ਕਦੇ ਆਵਈ ਨਹ ਸੁਖੁ ਵਸੈ ਮਨਿ ਆਇ॥ ਸਦਾ ਚਿੰਤ ਚਿਤਵਦਾ ਰਹੈ ਸਹਸਾ ਕਦੇ ਨ ਜਾਇ॥
ਨਾਨਕ ਵਿਣੁ ਸਤਿਗੁਰ ਮਤਿ ਭਵੀ ਸਤਿਗੁਰ ਨੋ ਮਿਲੈ ਤਾ ਸਬਦੁ ਕਮਾਇ॥
ਸਦਾ ਸਦਾ ਸੁਖ ਮਹਿ ਰਹੈ ਸਚੇ ਮਾਹਿ ਸਮਾਇ॥ (੧੦੯੨)

ਮਨਮੁਖ ਦੀ ਅੰਦਰਲੀ ਦਸ਼ਾ ਅਤੀ ਭੈੜੀ ਵਰਨਣ ਕੀਤੀ ਹੈ ਉਪਰਲੇ ਗੁਰਵਾਕਾਂ ਅੰਦਰਿ । ਉਹ ਅਨਿਕ ਪ੍ਰਕਾਰੀ ਮਾਇਕ ਪਦਾਰਥਾਂ ਦੇ ਹੁੰਦਿਆਂ ਸੁੰਦਿਆਂ ਸਦਾ ਭੁੱਖਾ ਹੀ ਰਹਿੰਦਾ ਹੈ ਮਨ ਕਰਕੇ । ਉਸ ਨੂੰ ਅਮੀਰ ਕਹਿਣਾ ਵੀ ਨਹੀਂ ਬਣਦਾ ਕਿਉਂਜੋ ਅਸਲੀ ਧਨ (ਨਾਮਧਨ) ਦਾ ਇੱਕ ਫੱਕਾ ਵੀ ਨਹੀਂ ਹੁੰਦਾ ਉਸ ਪਾਸ । ਇਸ ਲਈ ਉਸ ਨੂੰ ਨਿਰਧਨ ਅਤੇ ਕੰਗਾਲ ਹੀ ਸੱਦਿਆ ਗਿਆ ਹੈ ਗੁਰਬਾਣੀ ਅੰਦਰਿ । ਉਹ ਦਿਨ ਰਾਤ ਆਪਣੀ ਮਨ ਦੀ ਭੁੱਖ ਨੂੰ ਦੂਰ ਕਰਨ ਲਈ ਮਾਇਆ ਇਕੱਤ੍ਰ ਕਰਨ ਵਿੱਚ ਹੀ ਲੱਗਾ ਰਹਿੰਦਾ ਹੈ । ਜਿਉਂ-ਜਿਉਂ ਉਹ ਬਹੁਤੀ ਮਾਇਆ ਇਕੱਠੀ ਕਰਕੇ ਆਪਣੀ ਤ੍ਰਿਸ਼ਨਾ ਦੀ ਅੱਗ ਨੂੰ ਬੁਝਾਉਣੀ ਚਾਹੁੰਦਾ ਹੈ ਉਸ ਦੀਆਂ ਲਾਟਾਂ ਸਗੋਂ ਹੋਰ ਉੱਚੀਆਂ ਉੱਠਦੀਆਂ ਹਨ । ਉਸ ਨੂੰ ਇੱਕ ਛਿਨ ਲਈ ਵੀ ਸੁੱਖ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ । ਉਸ ਨੂੰ ਸਦਾ ਚਿੰਤਾ ਵੱਢ ਵੱਢ ਖਾਈ ਜਾਂਦੀ ਹੈ । ਇਹ ਅਸਾਧ ਰੋਗ ਇਸ ਦਾ ਕਿਵੇਂ ਵੀ ਦੂਰ ਨਹੀਂ ਹੋ ਸਕਦਾ । ਗੁਰੂ ਤੋਂ ਦੂਰ ਰਹਿਣ ਕਰਕੇ ਉਸ ਦੀ ਮਤਿ ਫਿਰ ਗਈ ਹੈ, ਭਾਵ ਮਾਰੀ ਗਈ ਹੈ । ਉਸ ਨੇ ਖੋਟੀ ਮਤਿ ਦ੍ਰਿੜ੍ਹ ਕਰ ਛੱਡੀ ਹੈ । ਇਸ ਦਾ ਇਲਾਜ ਕੇਵਲ ਇੱਕੋ ਇੱਕ ਇਹੀ ਹੈ ਇਸ ਘੋਰ ਕਲਜੁਗ ਵਿਖੇ ਕਿ ਉਹ ਛੇਤੀ ਤੋਂ ਛੇਤੀ ਪੂਰੇ ਗੁਰੂ ਨੂੰ ਆ ਮਿਲੇ । ਗੁਰੂ ਉਸ ਨੂੰ ਗੁਰਮੰਤ੍ਰ ਨਾਮ ਦ੍ਰਿੜ੍ਹ ਕਰਵਾ ਦੇਵੇਗਾ । ਜਦੋਂ ਉਹ ਇਸ ਦੀ ਅਤੁੱਟ ਕਮਾਈ ਕਰਨ ਲੱਗ ਜਾਵੇਗਾ, ਆਪੋਂ ਹੀ ਸੱਚੇ ਸੁੱਖ ਦੇ ਸੋਮੇ ਫੁੱਟ ਪੈਣਗੇ । ਅੱਗੇ ਜਾ ਕੇ ਉਸ ਦੀ ਸਮਾਈ ਸੁੱਖਾਂ ਦੇ ਰੂਪ ਵਾਹਿਗੁਰੂ ਵਿੱਚ ਹੀ ਹੋ ਜਾਵੇਗੀ । ਇਹ ਹੈ ਵਡਿਆਈ ਗੁਰੂ ਘਰ ਦੀ । ਯਥਾ ਗੁਰਵਾਕ: -

– ਗੁਰਿ ਪੂਰੈ ਕਿਰਪਾ ਕਰੀ ਕਾਟਿਆ ਦੁਖੁ ਰੋਗੁ॥ ਮਨੁ ਤਨੁ ਸੀਤਲੁ ਸੁਖੀ ਭਇਆ ਪ੍ਰਭ ਧਿਆਵਨ ਜੋਗੁ॥
ਅਉਖਧੁ ਹਰਿ ਕਾ ਨਾਮੁ ਹੈ ਜਿਤੁ ਰੋਗੁ ਨ ਵਿਆਪੈ॥ ਸਾਧਸੰਗਿ ਮਨਿ ਤਨਿ ਹਿਤੈ ਫਿਰਿ ਦੂਖੁ ਨ ਜਾਪੈ॥
ਹਰਿ ਹਰਿ ਹਰਿ ਹਰਿ ਜਾਪੀਐ ਅੰਤਰਿ ਲਿਵ ਲਾਈ॥ ਕਿਲਵਿਖ ਉਤਰਹਿ ਸੁਧੁ ਹੋਇ ਸਾਧੂ ਸਰਣਾਈ॥
ਸੁਨਤ ਜਪਤ ਹਰਿ ਨਾਮ ਜਸੁ ਤਾ ਕੀ ਦੂਰਿ ਬਲਾਈ॥ ਮਹਾ ਮੰਤ੍ਰੁ ਨਾਨਕੁ ਕਥੈ ਹਰਿ ਕੇ ਗੁਣ ਗਾਈ॥ (੮੧੪)

– ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ॥
ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ॥
ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ॥ ਰਾਮ ਨਾਮੁ ਸੁਪਨੈ ਨਹੀ ਚੇਤਿਆ ਹਰਿ ਸਿਉ ਕਦੇ ਨ ਲਾਗੈ ਪਿਆਰੁ॥
ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ॥ ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ॥
ਹਰਿ ਹਰਿ ਨਾਮੁ ਰਿਦੈ ਸਦ ਵਸਿਆ ਪਾਇਆ ਗੁਣੀ ਨਿਧਾਨੁ॥
ਗੁਰ ਪਰਸਾਦੀ ਪੂਰਾ ਪਾਇਆ ਚੂਕਾ ਮਨ ਅਭਿਮਾਨੁ॥ (੧੧੩੨)

ਮਨਮੁਖ ਦੇ ਸੰਸਾਰ ਤੇ ਆਉਣ ਅਤੇ ਜੀਉਣ ਉੱਤੇ ਫਿੱਟ ਲਾਹਨਤ ਹੈ । ਉਸ ਨੇ ਸੁਪਨੇ ਵਿੱਚ ਵੀ ਨਾਮ ਨੂੰ ਨਹੀਂ ਸਿਮਰਿਆ, ਭੁੱਲ ਕੇ ਵੀ ਨਾਮ ਨੂੰ ਚੇਤੇ ਨਹੀਂ ਕੀਤਾ । ਨਾਮ ਬਿਨਾਂ ਨਾਮੀ ਵਾਹਿਗੁਰੂ ਨਾਮ ਪ੍ਰੇਮ ਪਿਆਰ ਪੈਦਾ ਹੋਣਾ ਅਸੰਭਵ ਹੈ । ਉਸ ਦਾ ਕੰਮ ਤਾਂ ਹਉਮੈ ਹੰਕਾਰ ਅੰਦਰ ਰਹਿ ਕੇ ਸੰਸਾਰ ਵਿੱਚ ਦੁੱਖ ਹੀ ਦੁੱਖ ਕਮਾਉਣਾ ਹੈ । ਉਸ ਨੂੰ ਨਾਮ ਜਪ ਕੇ ਆਪਣਾ ਜੀਵਨ ਸਫ਼ਲ ਕਰਨ ਦੀ ਸੱਚੀ ਵਿਚਾਰ ਉਪਜ ਹੀ ਨਹੀਂ ਸਕਦੀ । ਲੋਭ ਲਾਲਚ ਨੇ ਉਸਦੀ ਬਿਰਤੀ ਹਲਕੇ ਕੁੱਤੇ ਦੀ ਨਿਆਈਂ ਕਰ ਦਿੱਤੀ ਹੈ, ਜਿਸ ਦੀ ਪੂਰਤੀ ਲਈ ਉਹ ਦਿਨ ਰਾਤ ਪਸ਼ੂਆਂ ਤੋਂ ਵੀ ਬੁਰੇ ਕਰਮ ਕਰਦਾ ਹੋਇਆ ਸਾਰੀ ਉਮਰ ਕੂੜ ਹੀ ਕਮਾਉਂਦਾ ਹੈ । ਉਸ ਨੂੰ ਖੋਟੇ ਕਰਮਾਂ ਦਾ ਫਲ ਚੰਗਾ ਕਿਵੇਂ ਮਿਲ ਸਕਦਾ ਹੈ? ਕੂੜ ਦੀ ਕਮਾਈ ਕਰਨ ਵਾਲਾ ਤਾਂ ਕੂੜਿਆਰ ਹੀ ਬਣ ਸਕਦਾ ਹੈ । ਸਚਿਆਰ ਤਾਂ ਉਹੀ ਬਣੂ ਜੋ ਸੱਚ (ਨਾਮ ਜਪਣ) ਦੀ ਕਮਾਈ ਕਰੂ । ਜੇ ਮਨਮੁਖ ਨੂੰ ਆਪਣਾ ਹਲਕ ਦੂਰ ਕਰਨ ਦੀ ਲੋੜ ਹੋਵੇ ਤਾਂ ਉਹ ਪੂਰੇ ਸਤਿਗੁਰੂ ਨੂੰ ਆ ਮਿਲੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਸਾਰੀ ਦੁਨੀਆਂ ਲਈ ਪ੍ਰਗਟ ਪ੍ਰਤੱਖ ਮੌਜੂਦ ਹਨ । ਐਸਾ ਕਰਨ ਨਾਲ ਪਾਸਾ ਹੀ ਪਲਟ ਜਾਵੇਗਾ । ਸਤਿਗੁਰੂ ਉਸ ਦੇ ਅਉਗਣਾਂ ਅਤੇ ਦੁੱਖਾਂ ਦੀ ਭਾਰੀ ਪੋਟਲੀ ਸਿਰੋਂ ਲਾਹ ਕੇ ਇਸ ਦੀ ਬਦਲੀ ਵਿੱਚ ਆਪਣੇ ਤਿਆਰ-ਬਰ-ਤਿਆਰ ਪੰਜਾਂ ਨਾਮ ਰਸੀਏ ਪੰਚ ਪ੍ਰਵਾਣ ਸਿੰਘਾਂ ਰਾਹੀਂ ਨਾਮ ਗੁਰਮੰਤ੍ਰ ਦ੍ਰਿੜ੍ਹ ਕਰਵਾ ਕੇ ਨਾਮ ਉਸ ਦੇ ਹਿਰਦੇ ਅੰਦਰ ਹੀ ਵਸਾ ਦੇਣਗੇ । ਉਸ ਦੇ ਅੰਦਰੋਂ ਹੀ ਉਸ ਦੇ ਗੁਣਾਂ ਰੂਪੀ ਖਜ਼ਾਨੇ ਨੂੰ ਉਸ ਦਾ ਹੱਥ ਪਵਾ ਦੇਣਗੇ । ਜਿਸ ਦੇ ਸਦਕੇ ਉਸ ਦੇ ਮਨ ਦਾ ਅਭਿਮਾਨ ਚਕਨਾ ਚੂਰ ਹੋ ਕੇ ਜਾਂਦਾ ਹੀ ਰਹੇਗਾ । ਉਹ ਪਤੀ ਪਰਮੇਸ਼ਰ ਨੂੰ ਪਾਉਣ ਜੋਗਾ ਹੋ ਜਾਵੇਗਾ । ਐਸੀ ਹੈ ਵਡਿਆਈ ਪੂਰੇ ਗੁਰੂ ਦੇ ਚਰਨ ਸਰਣ ਦੀ । ਯਥਾ ਗੁਰਵਾਕ: –

– ਹਰਿ ਕਾ ਨਾਮੁ ਅਗੋਚਰੁ ਪਾਇਆ ਗੁਰਮੁਖਿ ਸਹਜਿ ਸੁਭਾਈ॥
ਨਾਮੁ ਨਿਧਾਨੁ ਵਸਿਆ ਘਟ ਅੰਤਰਿ ਰਸਨਾ ਹਰਿ ਗੁਣ ਗਾਈ॥
ਸਦਾ ਅਨੰਦਿ ਰਹੈ ਦਿਨੁ ਰਾਤੀ ਏਕ ਸਬਦਿ ਲਿਵ ਲਾਈ॥
ਨਾਮੁ ਪਦਾਰਥੁ ਸਹਜੇ ਪਾਇਆ ਇਹ ਸਤਿਗੁਰ ਕੀ ਵਡਿਆਈ॥
ਸਤਿਗੁਰ ਤੇ ਹਰਿ ਹਰਿ ਮਨਿ ਵਸਿਆ ਸਤਿਗੁਰ ਕਉ ਸਦ ਬਲਿ ਜਾਈ॥
ਮਨੁ ਤਨੁ ਅਰਪਿ ਰਖਉ ਸਭੁ ਆਗੈ ਗੁਰ ਚਰਣੀ ਚਿਤੁ ਲਾਈ॥ (੧੨੬੫)

– ਦੁਖ ਬਿਨਸੇ ਸੁਖ ਕੀਆ ਨਿਵਾਸਾ ਤ੍ਰਿਸਨਾ ਜਲਨਿ ਬੁਝਾਈ॥
ਨਾਮੁ ਨਿਧਾਨੁ ਸਤਿਗੁਰੂ ਦ੍ਰਿੜਾਇਆ ਬਿਨਸਿ ਨ ਆਵੈ ਜਾਈ॥ (੪੯੭)

- ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ਚਿੰਤਾ ਸਗਲ ਬਿਨਾਸੀ॥
  ਕਰਿ ਕਿਰਪਾ ਅਪੁਨੋ ਕਰਿ ਲੀਨਾ ਮਨਿ ਵਸਿਆ ਅਬਿਨਾਸੀ॥ (੬੧੫)

- ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ ਜਨੁ ਬਿਛੁਰਿਆ ਚਿਰੀ ਮਿਲਾਨਾ॥
  ਧਨੁ ਧਨੁ ਸਤਿਗੁਰੁ ਜਿਨਿ ਨਾਮੁ ਦ੍ਰਿੜਾਇਆ ਜਨੁ ਨਾਨਕੁ ਤਿਸੁ ਕੁਰਬਾਨਾ॥ (੬੯੭)

- ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ॥
  ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ॥ (੫੯੪)

- ਸਤਿਗੁਰ ਮਿਲਿਐ ਹਉਮੈ ਗਈ ਜੋਤਿ ਰਹੀ ਸਭ ਆਇ॥
  ਇਹੁ ਜੀਉ ਸਦਾ ਮੁਕਤੁ ਹੈ ਸਹਜੇ ਰਹਿਆ ਸਮਾਇ॥ (੫੦੯)

- ਸਤਿਗੁਰ ਕੀ ਸੇਵਾ ਚਾਕਰੀ ਸੁਖੀ ਹੂੰ ਸੁਖ ਸਾਰੁ॥ ਐਥੈ ਮਿਲਨਿ ਵਡਿਆਈਆ ਦਰਗਹ ਮੋਖ ਦੁਆਰੁ॥ (੫੮੬)

- ਸਤਿਗੁਰੁ ਦਾਤਾ ਮੁਕਤਿ ਕਰਾਏ॥ ਸਭਿ ਰੋਗ ਗਵਾਏ ਅੰਮ੍ਰਿਤ ਰਸੁ ਪਾਏ॥ (੧੦੨੮)

- ਪੂਰੈ ਭਾਗਿ ਸਤਿਗੁਰੁ ਮਿਲੈ ਸੁਖਦਾਤਾ ਨਾਮੁ ਵਸੈ ਮਨਿ ਆਇ॥
  ਸੁਖੁ ਮਾਣਹਿ ਸੁਖੁ ਪੈਨਣਾ ਸੁਖੇ ਸੁਖਿ ਵਿਹਾਇ॥ (੮੫)

- ਮਨ ਮਹਿ ਲਾਗੈ ਸਾਚੁ ਧਿਆਨੁ॥ ਮਿਟਹਿ ਕਲੇਸ ਸੁਖੀ ਹੋਇ ਰਹੀਐ॥ ਐਸਾ ਦਾਤਾ ਸਤਿਗੁਰੁ ਕਹੀਐ॥ (੧੮੩)

- ਕਹੁ ਨਾਨਕ ਜਾ ਸਤਿਗੁਰੁ ਪਾਇਆ॥ ਘਰੁ ਸਗਲਾ ਮੈ ਸੁਖੀ ਬਸਾਇਆ॥ (੩੯੨)

- ਸਤਿਗੁਰੁ ਸੁਖ ਸਾਗਰੁ ਜਗ ਅੰਤਰਿ ਹੋਰ ਥੈ ਸੁਖੁ ਨਾਹੀ॥
  ਹਉਮੈ ਜਗਤੁ ਦੁਖਿ ਰੋਗਿ ਵਿਆਪਿਆ ਮਰਿ ਜਨਮੈ ਰੋਵੈ ਧਾਹੀ॥ (੬੦੩)

- ਸੂਖ ਸਹਜ ਆਨੰਦ ਘਨੇਰੇ ਸਤਿਗੁਰ ਦੀਆ ਦਿਲਾਸਾ॥
  ਜਿਣਿ ਘਰਿ ਆਏ ਸੋਭਾ ਸੇਤੀ ਪੂਰਨ ਹੋਈ ਆਸਾ॥ (੬੩੦)

- ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ਸੋ ਸਹੁ ਚਿਤਿ ਆਇਆ॥
  ਮਹਾ ਅਨੰਦੁ ਸਹਜੁ ਭਇਆ ਮਨਿ ਤਨਿ ਸੁਖੁ ਪਾਇਆ॥ (੪੪੧)

- ਅਪੁਨੇ ਸਤਿਗੁਰ ਕੈ ਬਲਿਹਾਰੈ॥ ਆਗੈ ਸੁਖੁ ਪਾਛੈ ਸੁਖ ਸਹਜਾ ਘਰਿ ਆਨੰਦੁ ਹਮਾਰੈ॥ (੬੦੯)

– ਸਦਾ ਅਨੰਦਿ ਰਹੈ ਦਿਨੁ ਰਾਤੀ ਏਕ ਸਬਦਿ ਲਿਵ ਲਾਈ॥
ਨਾਮੁ ਪਦਾਰਥੁ ਸਹਜੇ ਪਾਇਆ ਇਹ ਸਤਿਗੁਰ ਕੀ ਵਡਿਆਈ॥ (੧੨੬੫)

– ਸਰਬ ਸੁਖਾ ਕਾ ਦਾਤਾ ਸਤਿਗੁਰੁ ਤਾ ਕੀ ਸਰਨੀ ਪਾਈਐ॥
ਦਰਸਨੁ ਭੇਟਤ ਹੋਤ ਅਨੰਦਾ ਦੂਖੁ ਗਇਆ ਹਰਿ ਗਾਈਐ॥ (੬੩੦)

– ਮਿਲਿ ਸਤਿਗੁਰ ਸਭੁ ਦੁਖੁ ਗਇਆ ਹਰਿ ਸੁਖੁ ਵਸਿਆ ਮਨਿ ਆਇ॥
ਅੰਤਰਿ ਜੋਤਿ ਪ੍ਰਗਾਸੀਆ ਏਕਸੁ ਸਿਉ ਲਿਵ ਲਾਇ॥ (੪੬)

– ਭਵਜਲਿ ਡੂਬਤ ਸਤਿਗੁਰੁ ਕਾਢੈ॥ ਜਨਮ ਜਨਮ ਕਾ ਟੂਟਾ ਗਾਢੈ॥ (੭੪੧)

– ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ ਤਿਸੁ ਕਾਰਜ ਸਭਿ ਸਵਾਰੇ॥
ਜੋ ਇਛੈ ਸੋ ਫਲੁ ਪਾਇਸੀ ਪੁਤੁ ਧਨੁ ਲਖਮੀ ਖੜਿ ਮੇਲੇ ਹਰਿ ਨਿਸਤਾਰੇ॥
ਸਭਿ ਨਿਧਾਨ ਸਤਿਗੁਰੂ ਵਿਚਿ ਜਿਸੁ ਅੰਦਰਿ ਹਰਿ ਉਰ ਧਾਰੇ॥ (੩੦੭)

– ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥
ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥ (੬੪੪)

– ਸਤਿਗੁਰ ਤੇ ਖਾਲੀ ਕੋ ਨਹੀ ਮੇਰੈ ਪ੍ਰਭਿ ਮੇਲਿ ਮਿਲਾਏ॥
ਸਤਿਗੁਰ ਕਾ ਦਰਸਨੁ ਸਫਲੁ ਹੈ ਜੇਹਾ ਕੋ ਇਛੇ ਤੇਹਾ ਫਲੁ ਪਾਏ॥ (੮੫੦)

– ਸਭ ਇਛ ਪੁੰਨੀ ਆਸ ਪੂਰੀ ਮਿਲੇ ਸਤਿਗੁਰ ਪੂਰਿਆ॥
ਬਿਨਵੰਤਿ ਨਾਨਕ ਪ੍ਰਭਿ ਆਪਿ ਮੇਲੇ ਫਿਰਿ ਨਾਹੀ ਦੂਖ ਵਿਸੂਰਿਆ॥ (੯੨੬)

– ਸਤਿਗੁਰ ਵਿਚਿ ਵਡੀ ਵਡਿਆਈ॥ ਚਿਰੀ ਵਿਛੁੰਨੇ ਮੇਲਿ ਮਿਲਾਈ॥ (੩੬੧)

– ਵਾਹੁ ਵਾਹੁ ਸਤਿਗੁਰੁ ਪੁਰਖੁ ਹੈ ਜਿਨਿ ਸਚੁ ਜਾਤਾ ਸੋਇ॥
ਜਿਤੁ ਮਿਲਿਐ ਤਿਖ ਉਤਰੈ ਤਨੁ ਮਨ ਸੀਤਲੁ ਹੋਇ॥ (੧੪੨੧)

– ਈਹਾ ਸੁਖੁ ਆਗੈ ਮੁਖ ਊਜਲ ਮਿਟਿ ਗਏ ਆਵਣ ਜਾਣੇ॥
ਨਿਰਭਉ ਭਏ ਹਿਰਦੈ ਨਾਮੁ ਵਸਿਆ ਅਪੁਨੇ ਸਤਿਗੁਰ ਕੈ ਮਨਿ ਭਾਣੇ॥ (੬੧੪)

– ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ॥
ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ॥ (੧੪੦)

– ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ॥
ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ॥ (੮੫੫)

– ਸਤਿਗੁਰੁ ਗਹਿਰ ਗਭੀਰੁ ਹੈ ਸੁਖ ਸਾਗਰੁ ਅਘਖੰਡੁ॥ ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ॥ (੫੦)

– ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ॥ ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ॥ (੫੨੨)

ਵਾਹਿਗੁਰੂ! ਵਾਹਿਗੁਰੂ!! ਵਾਹਿਗੁਰੂ!!!